# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 9 | Issue 26 | 03 July 2019 to 09 July 2019 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# 550 ਸਾਲਾ ਪ੍ਰਕਾਸ਼ ਪੁਰਬ 'ਤੇ ਭਗਵਿਆਂ ਦਾ ਪਰਛਾਵਾਂ

- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੂਕ ਦਰਸ਼ਕ ਬਣੀ
- ਅਕਾਲੀਆਂ ਵੱਲੋਂ ਸਮਾਗਮਾਂ ਲਈ ਮੋਦੀ ਨੂੰ ਸੱਦਾ
- ਸ਼ਤਾਬਦੀ ਸਮਾਗਮਾਂ ਦਾ ਸਿਆਸੀਕਰਨ ਨਾ ਹੋਵੇ



ਅਕਾਲੀ ਦਲ ਦਾ ਵਫ਼ਦ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਕਰਦਾ ਹੋਇਆ।

**ਕਰਤਾਰਪੁਰ ਸਾਹਿਬ/ਬਿਊਰੋ ਨਿਊਜ਼ :**
ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾ ਸਮਾਗਮਾਂ ਉਤੇ ਭਗਵਾਂ ਰੰਗ ਚਾੜ੍ਹਨ ਅਤੇ ਪੰਜਾਬ ਦੀ ਰਾਜਨੀਤੀ ਵਿਚ ਹਾਸ਼ੀਏ ਉਤੇ ਪਹੁੰਚੇ ਬਾਦਲਾਂ ਨੂੰ ਮੁੜ ਪੈਰਾਂ ਸਿਰ ਕਰਨ ਲਈ ਸ਼ਤਾਬਦੀ ਸਮਾਗਮਾਂ ਦੀ ਆੜ ਵਿਚ ਸਿਆਸਤ ਦੀ ਗੰਦੀ ਖੇਡ ਸ਼ੁਰੂ ਹੋ ਚੁੱਕੀ ਹੈ। ਖਾਲਸਾ ਸਾਜਨਾ ਦੇ ਤਿੰਨ ਸੌ ਸਾਲਾ ਜ਼ਸ਼ਨਾਂ ਵਾਂਗ ਹੀ ਆਰਐਸਐਸ ਬਾਦਲਕਿਆਂ ਦੀ ਸੱਤਾ ਭੁੱਖ ਕਾਰਨ ਸਿੱਖਾਂ ਦੇ ਇਸ ਮਹਾਨ ਉਤਸਵ ਉਤੇ ਆਪਣੇ ਭਗਵੇਂ ਏਜੰਡੇ ਦਾ ਰੰਗ ਚਾੜ੍ਹਨ ਲਈ ਪੱਬਾਂ ਭਾਰ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਗੁਰੂ ਨਾਨਕ ਪਾਤਸ਼ਾਹ ਦੇ 550 ਸਾਲਾਂ ਨੂੰ ਆਪਣੇ ਆਕਿਆਂ ਬਾਦਲਕਿਆਂ ਦੀ ਬੱਲੇ ਬੱਲੇ ਕਰਵਾਉਣ ਲਈ ਪੱਬਾਂ ਭਾਰ ਹੋਈ ਫ਼ਿਰਦੀ ਹੈ। ਮਾਨਵਤਾ ਦੇ ਕੱਟੜ ਦੁਸ਼ਮਣ, ਨਰਿੰਦਰ ਮੋਦੀ ਨੂੰ ਸਮਾਗਮਾਂ ਵਿਚ ਸ਼ਮੂਲੀਅਤ ਲਈ ਸੁਖਬੀਰ ਬਾਦਲ ਦੇ ਨਾਲ ਜਾ ਕੇ ਸੱਦਾ ਪੱਤਰ ਦਿੱਤੇ ਜਾ ਰਹੇ ਹਨ, ਜਦਕਿ ਪ੍ਰਧਾਨ ਮੰਤਰੀ ਹੋਣ ਦੇ ਨਾਤੇ ਪੰਜਾਬ ਸਰਕਾਰ ਮੋਦੀ ਨੂੰ ਸਰਕਾਰੀ ਸਮਾਗਮਾਂ ਲਈ ਪਹਿਲਾਂ ਹੀ ਸੱਦ ਚੁੱਕੀ ਹੈ। ਗੁਰੂ ਸਾਹਿਬ ਨੂੰ ਸਮਰਪਿਤ ਸਿੱਖੀ ਲਹਿਰ ਚਲਾਉਣ ਦੀਆਂ ਡੀਂਗਾਂ ਮਾਰੀਆਂ ਜਾ ਰਹੀਆਂ ਹਨ।

ਬਾਕੀ ਸਫ਼ਾ 28 'ਤੇ

## ਸੁਖਬੀਰ ਬਾਦਲ ਨੂੰ ਪੰਥਕ ਹੇਜ ਜਾਗਿਆ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਅੱਜ ਕੱਲ੍ਹ ਬਹੁਤਾ ਹੀ ਪੰਥਕ ਰੰਗ ਵਿਚ ਰੰਗੇ ਨਜ਼ਰ ਆ ਰਹੇ ਹਨ। ਉਹ ਹਰ ਪ੍ਰੈੱਸ ਕਾਨਫਰੰਸ ਵਿਚ ਪੰਥਕ ਮੁੱਦਿਆਂ ਬਾਰੇ ਹੀ ਗੱਲ਼ ਕਰਦੇ ਹਨ। ਕਦੇ ਕਰਤਾਰਪੁਰ ਲਾਂਘੇ ਦਾ ਮਾਡਲ ਪੇਸ਼ ਕਰਦੇ ਹਨ ਤੇ ਸੇਵਾ ਮੰਗ ਦੇ ਹਨ। ਕਦੇ ਨਨਕਾਣਾ ਸਾਹਿਬ ਤੋਂ ਜਥਾ ਲੈ ਕੇ ਆਉਣ ਤੇ ਨਗਰ ਕੀਰਤਨ ਦੀ ਸ਼ੁਰੂਆਤ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਹਾਮੀ ਭਰਨ ਦੇ ਦਮਗਜ਼ੇ ਮਾਰਦੇ ਹਨ। ਉਹ ਕਹਿੰਦੇ ਹਨ ਕਿ ਪਾਕਿਸਤਾਨ ਸਰਕਾਰ ਲਾਂਘੇ ਦੀ ਕਾਰ ਸੇਵਾ ਸਾਨੂੰ ਦੇ ਦੇਵੇ, ਅਸੀਂ ਲਾਂਘਾ ਬਣਾਵਾਂਗੇ। ਇਸ ਦੇ ਨਾਲ ਹੀ ਸੁਖਬੀਰ

ਬਾਕੀ ਸਫ਼ਾ 28 'ਤੇ

## ਅਮਰੀਕਾ ਦੇ ਸਿਰਫ 100 ਪਰਿਵਾਰਾਂ ਕੋਲ 42 ਮਿਲੀਅਨ ਏਕੜ ਜ਼ਮੀਨ

**ਵਾਸ਼ਿੰਗਟਨ/ਏਟੀ ਨਿਊਜ਼ :** ਅਮਰੀਕਾ 'ਚ ਜ਼ਮੀਨ ਮਾਲਕਾਂ ਨੂੰ ਲੈ ਕੇ ਦਿਲਚਸਪ ਰਿਪੋਰਟ ਸਾਹਮਣੇ ਆਈ ਹੈ। ਇਸ ਰਿਪੋਰਟ ਮੁਤਾਬਕ ਅਮਰੀਕਾ 'ਚ ਸਾਹਮਣੇ ਆਇਆ ਹੈ ਕਿ ਕਿਸ ਦੇ ਕੋਲ ਕਿੰਨੀ ਜ਼ਮੀਨ ਦੀ ਮਾਲਕੀ ਹੈ। ਇਸ ਰਿਪੋਰਟ ਮੁਤਾਬਕ ਅਮਰੀਕਾ 'ਚ ਪਿਛਲੇ ਦਹਾਕੇ 'ਚ ਜ਼ਮੀਨ ਦਾ ਮਾਲਕਾਨਾ ਹੱਕ ਕੁਝ ਲੋਕਾਂ ਵੱਲ ਕੇਂਦਰਤ ਹੋਇਆ ਹੈ। ਲੈਂਡ ਰਿਪੋਰਟ ਮੈਗਜ਼ੀਨ ਮੁਤਾਬਕ ਦੇਸ਼ 'ਚ 100 ਪਰਿਵਾਰਾਂ ਕੋਲ ਚਾਰ ਕਰੋੜ 20 ਲੱਖ ਏਕੜ ਜਾਂ 42 ਮਿਲੀਅਨ ਏਕੜ ਜ਼ਮੀਨ ਹੈ। ਇੰਨਾ ਹੀ ਨਹੀਂ ਇਨ੍ਹਾਂ ਪਰਿਵਾਰਾਂ ਕੋਲ ਸੰਨ 2007 ਤੋਂ ਬਾਅਦ ਜ਼ਮੀਨ ਦਾ ਮਾਲਕਾਨਾ ਹੱਕ ਵੀ ਕਰੀਬ 50% ਤਕ ਵਧਿਆ ਹੈ। ਰਿਪੋਰਟ 'ਚ ਦੱਸਿਆ ਗਿਆ ਹੈ ਕਿ ਟੈਕਸਾਸ ਦੇ ਸਾਬਕਾ ਗਵਰਨਰ ਡੋਲਫ ਸਭ ਤੋਂ ਵੱਡੇ

ਬਾਕੀ ਸਫ਼ਾ 28 'ਤੇ

## ➢ ਅੰਦਰ ਪੜ੍ਹੋ




03 ■ ਭਾਈਚਾਰਾ
ਸਿੱਖ ਸੰਗਤ ਨੇ ਕੋਰਟ ਕੇਸ ਜਿੱਤਿਆ



11 ■ ਵਿਸ਼ੇਸ਼ ਰਿਪੋਰਟ
ਪਾਣੀ ਦੀ ਦੁਰਵਰਤੋਂ ਵਿਚ ਪੰਜਾਬ ਦੇਸ਼ ਭਰ 'ਚੋਂ ਪਹਿਲੇ ਨੰਬਰ 'ਤੇ


# ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਮਨਾਇਆ

**ਅੰਮ੍ਰਿਤਸਰ/ਏਟੀ ਨਿਊਜ਼ :**
ਸ਼੍ਰੋਮਣੀ ਕਮੇਟੀ ਨੇ ਅਕਾਲ ਤਖ਼ਤ ਦਾ ਸਥਾਪਨਾ ਦਿਵਸ ਮਨਾਇਆ। ਇਸ ਮੌਕੇ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਨੂੰ ਸਥਾਪਨਾ ਦਿਵਸ 'ਤੇ ਵਧਾਈ ਦਿੰਦਿਆਂ ਕਿਹਾ ਕਿ ਸਿੱਖ ਵਿਰੋਧੀਆਂ ਵੱਲੋਂ ਸਿੱਖ ਮਨਾਂ ਵਿਚ ਅਕਾਲ ਤਖ਼ਤ ਦਾ ਮਾਣ-ਸਨਮਾਨ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਸਿੱਖ ਕੌਮ ਨੂੰ ਸੁਚੇਤ ਹੋਣ ਦੀ ਲੋੜ ਹੈ। ਸਥਾਪਨਾ ਦਿਵਸ ਦੇ ਸਬੰਧ ਵਿਚ ਅਕਾਲ ਤਖ਼ਤ 'ਤੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ ਤੇ ਰਾਗੀਆਂ ਨੇ ਕੀਰਤਨ ਕੀਤਾ। ਅਕਾਲ ਤਖ਼ਤ ਦੇ ਹੈੱਡ ਗ੍ਰੰਥੀ ਗਿਆਨੀ ਮਲਕੀਤ ਸਿੰਘ ਨੇ ਅਰਦਾਸ ਕੀਤੀ ਤੇ ਹੁਕਮਨਾਮਾ ਗਿਆਨੀ ਗੁਰਮੁਖ ਸਿੰਘ ਨੇ ਲਿਆ। ਉਨ੍ਹਾਂ ਅਕਾਲ ਤਖ਼ਤ ਦੀ ਸਿਰਜਣਾ ਬਾਰੇ ਸੰਗਤ ਨੂੰ ਜਾਣੂ ਕਰਾਇਆ। ਉਨ੍ਹਾਂ ਸੰਗਤ ਨੂੰ ਬਾਣੀ ਤੇ ਬਾਣੇ ਦੇ ਧਾਰਨੀ ਹੋਣ ਦੀ ਅਪੀਲ ਕੀਤੀ।



ਇਸ ਦੌਰਾਨ ਜਥੇਦਾਰ ਹਰਪ੍ਰੀਤ ਸਿੰਘ ਨੇ ਅਕਾਲ ਤਖ਼ਤ ਦੇ ਸਿਰਜਣਾ ਦਿਵਸ 'ਤੇ ਵਧਾਈ ਦਿੰਦਿਆਂ ਸਮੁੱਚੀ ਕੌਮ ਨੂੰ ਸੁਚੇਤ ਕੀਤਾ ਕਿ ਸਿੱਖ ਵਿਰੋਧੀਆਂ ਵਲੋਂ ਸਿੱਖਾਂ ਦੇ ਮਨਾਂ ਵਿਚ ਅਕਾਲ ਤਖ਼ਤ ਦੇ ਮਾਣ-ਸਨਮਾਨ ਨੂੰ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਿੱਖ ਸੰਗਤ ਨੂੰ ਇਨ੍ਹਾਂ ਯਤਨਾਂ ਪ੍ਰਤੀ ਸੁਚੇਤ ਹੋਣਾ ਚਾਹੀਦਾ ਹੈ ਅਤੇ ਅਕਾਲ ਤਖ਼ਤ ਨੂੰ ਸਮਰਪਿਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਵੱਖ-ਵੱਖ ਸਮਿਆਂ ਦੀਆਂ ਸਰਕਾਰਾਂ ਨੇ ਸਿੱਧੇ-ਅਸਿੱਧੇ ਤੌਰ 'ਤੇ ਅਕਾਲ ਤਖ਼ਤ ਨੂੰ ਢਾਹ ਲਾਉਣ ਦਾ ਯਤਨ ਕੀਤਾ ਹੈ ਪਰ ਅਕਾਲ ਤਖ਼ਤ ਨੇ ਹਮੇਸ਼ਾ ਹੀ ਦਮਨਕਾਰੀ ਨੀਤੀਆਂ ਦਾ ਮੋੜਵਾਂ ਜਵਾਬ ਦਿੱਤਾ ਹੈ। ਇਸ ਲਈ ਲੋੜ ਹੈ ਕਿ ਸਮੁੱਚੀ ਕੌਮ ਅਕਾਲ ਤਖ਼ਤ ਨੂੰ ਸਮਰਪਿਤ ਹੋ ਕੇ ਕੌਮੀ ਤੌਰ 'ਤੇ ਵਿਚਰੇ ਅਤੇ ਸਮੁੱਚੀ ਮਨੁੱਖਤਾ ਵਿਚ ਗੁਰੂ ਸਾਹਿਬ ਦੇ ਫਲਸਫੇ ਦਾ ਪ੍ਰਚਾਰ ਪ੍ਰਸਾਰ ਕਰੇ। ਉਨ੍ਹਾਂ ਨੇ ਅਕਾਲ ਤਖ਼ਤ ਦੀ ਸਿਰਜਣਾ ਬਾਰੇ ਵੀ ਚਾਨਣਾ ਪਾਇਆ ਤੇ ਕਿਹਾ ਕਿ ਸੰਸਥਾਵਾਂ ਦੀ ਸਿਰਜਣਾ ਲਈ ਰਾਜ ਮਿਸਤਰੀ ਜਾਂ ਕਾਰੀਗਰਾਂ ਦੀ ਲੋੜ ਨਹੀਂ ਹੁੰਦੀ। ਸਗੋਂ ਕੌਮ ਦੇ ਬਜ਼ੁਰਗ ਅਤੇ ਵਿਦਵਾਨ ਸਹਾਈ ਹੁੰਦੇ ਹਨ ਅਤੇ ਇਨ੍ਹਾਂ ਦੀ ਸਿਰਜਣਾ 'ਚ ਦਿਨ, ਮਹੀਨੇ ਨਹੀਂ ਸਗੋਂ ਸਦੀਆਂ ਲੱਗ ਜਾਂਦੀਆਂ ਹਨ।

## ਸਿੱਖ ਕੌਮ ਆਪਣੇ 'ਤੇ ਗ਼ੁਲਾਮ ਮਾਨਸਿਕਤਾ ਭਾਰੂ ਨਾ ਹੋਣ ਦੇਵੇ : ਜਥੇਦਾਰ ਹਵਾਰਾ



ਸ੍ਰੀ ਅਕਾਲ ਤਖ਼ਤ ਦੇ ਸਥਾਪਨਾ ਦਿਵਸ ਮੌਕੇ ਜੇਲ੍ਹ 'ਚ ਬੰਦ ਜਗਤਾਰ ਸਿੰਘ ਹਵਾਰਾ ਨੇ ਵੀ ਜਥੇਦਾਰ ਵਜੋਂ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕੀਤਾ ਹੈ। ਭਾਈ ਹਵਾਰਾ ਨੂੰ ਸਰਬਤ ਖਾਲਸਾ-2015 'ਚ ਅਕਾਲ ਤਖ਼ਤ ਦਾ ਜਥੇਦਾਰ ਐਲਾਨਿਆ ਗਿਆ ਸੀ। ਆਪਣੇ ਸੰਦੇਸ਼ 'ਚ ਉਨ੍ਹਾਂ ਲਿਖਿਆ ਕਿ ਸਿੱਖ ਕੌਮ ਕਦੇ ਆਪਣੇ ਉੱਪਰ ਗ਼ੁਲਾਮ ਮਾਨਸਿਕਤਾ ਭਾਰੂ ਨਾ ਹੋਣ ਦੇਵੇ। ਉਨ੍ਹਾਂ ਆਖਿਆ ਕਿ ਸਿੱਖ ਕੌਮ ਇਸ ਗੱਲ ਦੀ ਪੀੜ ਮਹਿਸੂਸ ਕਰਦੀ ਹੈ ਕਿ ਰਾਜਸੀ ਆਗੂਆਂ ਦੇ ਇੱਕ ਹਿੱਸੇ ਨੇ ਆਪਣੇ ਸਵਾਰਥੀ ਮੰਤਵਾਂ ਖ਼ਾਤਰ ਅਕਾਲ ਤਖ਼ਤ ਦੀ ਮਾਣ-ਮਰਿਆਦਾ ਨੂੰ ਢਾਹ ਲਾਈ ਹੈ। ਜ਼ਿਕਰਯੋਗ ਹੈ ਕਿ ਇਹ ਸੰਦੇਸ਼ ਹਵਾਰਾ ਕਮੇਟੀ ਦੇ ਇਕ ਮੈਂਬਰ ਵਲੋਂ ਜਾਰੀ ਕੀਤਾ ਗਿਆ ਹੈ।













# ATAMRAS KATHA KIRTAN SAMAGAM

## July 10th, 2019 - July 21st, 2019

**Celebrating the 550th Parkash Utsav of Dhan Dhan Guru Nanak Dev Jee & the Parkash Utsav of Dhan Dhan Guru Harkrishan Sahib Jee**


Bhai Sahib Bhai Pinderpal Singh Jee


Bhai Sahib Bhai Harjinder Singh Jee


Sant Anoop Singh Jee (Una Sahib)


Bhai Tejinder Singh Jee (Khanna)


Bhai Gurpreet Singh Jee (Ballarwal)


Bhai Varinder Singh Jee (Delhi)

## Programme

**Wed. July 10th - Buena Park**
Time: 06:00 PM -0 9:00PM
7122 Orangethrope Ave.
Buena Park, CA 90621
Phone: (714) 670 - 8843

**Thur. July 11th - Buena Park**
Time: 6:00 PM - 9:00PM
6911 Stanton Ave.
Buena Park,CA 90621
Phone: (714) 752 - 0506

**Fri. July 12th - Riverside**
Time: 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sat. July 13th (Morning) - Palmdale**
Time: 10:00 AM - 01:00 PM
42207 30th St. West
Lancaster, CA 93536
Phone: (818) 626-0581

**Sat. July 13th (Evening)-Riverside**
Time : 06:00 PM - 09:00PM
7940 Mission Blvd. # A
Jurupa Valley, CA 92509
Phone: (951) 685 - 9701

**Sun. July 14th - Hollywood Sikh Temple**
Time: 10:00 AM - 01:00 PM
1966 N. Vermont Ave.
Los Angeles, CA 90027
Phone: (323) 665 - 7707

**Mon. July 15th - Lankershim**
Time: 06:00 PM -0 9:00PM
7640 Lankershim Blvd.
North Hollywood, CA 91605
Phone: (323) 954 - 0412

**Tues. July 16th - Valley Sikh Temple**
Time: 06:00 PM -09:00PM
7400 Jordan Ave.
Canoga Park, CA 91303
Phone: (818) 884 - 2007

## July 17th, 18th, 19th, 20th, & 21st
## at Khalsa Care Foundation
## 9989 Laurel Canyon Blvd. Pacoima, CA 91331

**Every Evening Wednesday July 17th - Saturday July 20th Time: 6:00 PM - 9:00PM**
**Sunday July 21st Time: 10:00 AM - 1:00 PM**

**ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :**

ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653

# ਸੌਦਾ ਸਾਧ ਨੂੰ ਬੇਅਦਬੀ ਕਾਂਡ ਵਿਚ ਨਾਮਜ਼ਦ ਕਰੋ

### *ਪੰਥਕ ਜਥੇਬੰਦੀਆਂ ਨੇ ਕੀਤੀ ਮੰਤਰੀ ਰੰਧਾਵਾ ਤੋਂ ਮੰਗ*

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਦੀਆਂ ਵੱਖ-ਵੱਖ ਪੰਥਕ ਧਿਰਾਂ ਦੇ ਸਾਂਝੇ ਵਫ਼ਦ ਨੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨਾਲ ਮੀਟਿੰਗ ਕਰਕੇ ਜਬਰ-ਜਨਾਹ ਤੇ ਕਤਲ ਦੇ ਕੇਸਾਂ ਵਿਚ ਸਜ਼ਾ ਭੁਗਤ ਰਹੇ ਸੌਦਾ ਸਾਧ ਨੂੰ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕਾਂਡਾਂ ਵਿਚ ਨਾਮਜ਼ਦ ਕਰਨ ਤੇ ਬੰਦੀ ਸਿੰਘਾਂ ਦੀ ਰਿਹਾਈ ਦੀਆਂ ਮੰਗਾਂ ਉਠਾਈਆਂ। ਸੂਤਰਾਂ ਅਨੁਸਾਰ ਮੰਤਰੀ ਨਾਲ ਹੋਈ ਗੱਲਬਾਤ ਤੋਂ ਵਫ਼ਦ ਸੰਤੁਸ਼ਟ ਹੈ ਤੇ ਸਰਕਾਰ ਵੱਲੋਂ ਅੱਠ ਜੁਲਾਈ ਨੂੰ ਮੁੜ ਪੰਥਕ ਧਿਰਾਂ ਨਾਲ ਮੀਟਿੰਗ ਕਰਕੇ ਕੁਝ ਮੁੱਦਿਆਂ ਉੱਪਰ ਅੰਤਿਮ ਫ਼ੈਸਲੇ ਲੈਣ ਦਾ ਭਰੋਸਾ ਦਿੱਤਾ ਗਿਆ ਹੈ। ਸਰਕਾਰ ਵੱਲੋਂ ਜੇਲ ਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਵਫ਼ਦ ਨਾਲ ਮੀਟਿੰਗ ਕੀਤੀ। ਪੰਥਕ ਧਿਰਾਂ ਦੇ ਸਾਂਝੇ ਵਫ਼ਦ ਵਿਚ ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਤੇ ਜਤਿੰਦਰ ਸਿੰਘ ਈਸੜੂ, ਅਕਾਲੀ ਦਲ (ਅ) ਦੇ ਆਗੂ ਪ੍ਰੋ. ਮੋਹਿੰਦਰਪਾਲ ਸਿੰਘ ਤੇ ਗੁਰਜੰਟ ਸਿੰਘ ਕੱਟੂ, ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਤੇ ਜਨਰਲ ਸਕੱਤਰ ਜਸਬੀਰ ਸਿੰਘ ਖੰਡੂਰ ਸ਼ਾਮਲ ਸਨ।

ਭਾਈ ਗੁਰਦੀਪ ਸਿੰਘ ਨੇ ਦੱਸਿਆ ਕਿ ਜਲਦ ਹੀ ਵੱਖ-ਵੱਖ ਪੰਥਕ ਧਿਰਾਂ, ਮਨੁੱਖੀ ਅਧਿਕਾਰ ਜਥੇਬੰਦੀਆਂ ਅਤੇ ਹੋਰ ਧਰਮਾਂ ਦੀਆਂ ਉਸਾਰੂ ਸੋਚ ਵਾਲੀਆਂ ਸੰਸਥਾਵਾਂ ਦਾ ਚੰਡੀਗੜ੍ਹ ਵਿਚ ਸਾਂਝਾ ਇਕੱਠ ਕਰਕੇ ਅਗਲੀ ਰਣਨੀਤੀ ਬਣਾਈ ਜਾਵੇਗੀ।

# ਸਿੱਖ ਸੰਗਤ ਨੇ ਕੋਰਟ ਕੇਸ ਜਿੱਤਿਆ



**ਸੈਨਹੋਜ਼ੇ/ਏਟੀ. ਨਿਊਜ਼ :** ਸੈਨਹੋਜ਼ੇ ਗੁਰਦੁਆਰਾ ਸਾਹਿਬ ਦੀਆਂ ਅਗਾਮੀ ਚੋਣਾਂ ਨੂੰ ਮੁੱਖ ਰੱਖਦਿਆਂ ਵਿਰੋਧੀ ਧਿਰ ਨਾਲ ਸਬੰਧਤ ਸਿੱਖ ਸੰਗਤ ਨੇ ਗੁਰਦੁਆਰਾ ਸੰਵਿਧਾਨ ਅਨੁਸਾਰ ਮੈਂਬਰਸ਼ਿਪ (ਵੋਟਰ ਲਿਸਟ) ਲੈਣ ਦੀ ਮੰਗ ਕੀਤੀ ਸੀ ਤਾਂ ਕਿ ਉਹ ਆਪਣਾ ਚੋਣ ਪ੍ਰਚਾਰ ਕਰ ਸਕਣ ਪਰ ਮੌਜੂਦਾ ਪ੍ਰਬੰਧਕ ਕਮੇਟੀ ਵਾਲੇ ਆਪਣੇ ਤਾਨਾਸ਼ਾਹੀ ਰਵੱਈਏ ਅਨੁਸਾਰ ਵੋਟਰ ਲਿਸਟ ਦੇਣ ਤੋਂ ਇਨਕਾਰ ਕਰਦੇ ਰਹੇ। ਸੰਗਤ ਨੂੰ ਮਜਬੂਰ ਹੋ ਕੇ ਕੋਰਟ ਦਾ ਦਰਵਾਜ਼ਾ ਖੜਕਾਉਣਾ ਪਿਆ। ਹੁਣ ਮਾਣਯੋਗ ਅਦਾਲਤ ਨੇ ਸੰਗਤ ਦੇ ਹੱਕ ਵਿੱਚ ਅਤੇ ਮੌਜੂਦਾ ਕਮੇਟੀ ਦੇ ਤਾਨਾਸ਼ਾਹੀ ਰਵੱਈਏ ਦੇ ਉਲਟ ਫੈਸਲਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਅਦਾਲਤ ਵਿੱਚ ਇਹ ਰਿੱਟ ਸੰਗਤ ਮੈਂਬਰ ਹਰਪਾਲ ਸਿੰਘ ਚਾਹਲ ਅਤੇ ਭੁਪਿੰਦਰ ਸਿੰਘ ਚੀਮਾ ਨੇ ਕੀਤੀ ਸੀ। ਸਰਬਜੋਤ ਸਿੰਘ ਸਵੱਦੀ ਅਤੇ ਨੀਟੂ ਸਿੰਘ ਕਾਹਲੋਂ ਬਤੌਰ ਗਵਾਹ ਸਨ। ਮਾਣਯੋਗ ਅਦਾਲਤ ਵਿੱਚ ਸੰਗਤ ਮੈਂਬਰ ਭੁਪਿੰਦਰ ਸਿੰਘ ਚੀਮਾ, ਸਰਬਜੋਤ ਸਿੰਘ ਸਵੱਦੀ, ਸ਼ਿਵਰਾਜ ਸਿੰਘ ਸੰਧੂ, ਬਲਬੀਰ ਸਿੰਘ ਢਿੱਲੋਂ, ਪਰਮਵੀਰ ਸਿੰਘ, ਜਸਪਾਲ ਸਿੰਘ ਸੈਣੀ, ਸੰਦੀਪ ਸਿੰਘ ਸੰਧੂ ਅਤੇ ਪਰੀਤ ਸਿੰਘ ਰੰਧਾਵਾ ਹਾਜ਼ਰ ਸਨ। ਸੰਗਤ ਵੱਲੋਂ ਇਸ ਅਦਾਲਤੀ ਕੇਸ ਨੂੰ ਬੇਏਰੀਆ ਦੀ ਮਸ਼ਹੂਰ ਵਕੀਲ ਚਿੱਤਰਾ ਰਾਮਾਨਾਥਨ ਨੇ ਲੜਿਆ ਸੀ।









## ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ 100ਵੇਂ ਜਨਮ ਦਿਨ ਦੀਆਂ ਮੁਬਾਰਕਾਂ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :**

27 ਜੂਨ 2019 ਨੂੰ ਨਾਵਲਕਾਰ ਜਸਵੰਤ ਸਿੰਘ ਕੰਵਲ ਨੂੰ 100 ਸਾਲ ਦੀ ਉਮਰ ਹੋਣ 'ਤੇ 100ਵੇਂ ਜਨਮ ਦਿਵਸ ਦੀਆਂ ਵਧਾਈਆਂ ਦੇਸ਼ ਵਿਦੇਸ਼ ਤੋਂ ਮਿਲ ਰਹੀਆਂ ਹਨ। ਸਿਆਟਲ ਦੇ ਸਾਹਿਤ ਪ੍ਰੇਮੀਆਂ, ਸੁਰਜੀਤ ਸਿੰਘ ਸਿੱਧੂ, ਪ੍ਰਿੰਸੀਪਲ ਸਰਵਣ ਸਿੰਘ ਢੁੱਡੀਕੇ, ਸੁਖਦੇਵ ਸਿੰਘ ਧਾਲੀਵਾਲ ਅਤੇ ਅਵਤਾਰ ਸਿੰਘ ਆਦਮਪੁਰੀ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਵੀ ਉਨ੍ਹਾਂ ਨੂੰ ਵਧਾਈਆਂ ਦਿੱਤੀਆਂ। ਪ੍ਰਿੰਸੀਪਲ ਸਰਵਣ ਸਿੰਘ ਗ੍ਰਾਹੀ ਢੁੱਡੀਕੇ ਨੇ ਦੱਸਿਆ ਕਿ ਜਸਵੰਤ ਕੰਵਲ ਨਾਵਲਕਾਰ ਹੀ ਨਹੀਂ ਸਗੋਂ ਕਹਾਣੀਕਾਰ, ਵਾਰਤਾਕਾਰ, ਕਵੀ, ਪੱਤਰਕਾਰ, ਚਿੱਠੀ ਲੇਖਕ, ਰੇਖਾ ਚਿੱਤਰਕਾਰ, ਸੈਲਾਨੀ, ਰਾਜਸੀ ਪਾਰਟੀਆਂ ਦਾ ਸਲਾਹਕਾਰ, ਸ਼ਤਰੰਜ ਦਾ ਖਿਡਾਰੀ ਤੇ ਕਬੀਲਦਾਰ ਵੀ ਹੈ, ਜਿਸ ਨੇ 100 ਸਾਲ ਦੀ ਉਮਰ ਪੂਰੀ ਕਰਕੇ ਨਵਾਂ ਇਤਿਹਾਸ ਸਿਰਜਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦਾ ਸਭ ਤੋਂ ਵੱਧ ਉਮਰ ਵਾਲਾ ਲੇਖਕ ਭਾਈ ਜੋਧ ਸਿੰਘ, 31 ਮਈ 1882 ਤੋਂ 4 ਦਸੰਬਰ 1981 ਤੱਕ 99 ਸਾਲ, 6 ਮਹੀਨੇ 4 ਦਿਨ ਜੀਵਿਆ ਸੀ। ਖੁਸ਼ਵੰਤ ਸਿੰਘ 2 ਫਰਵਰੀ 1915 ਤੋਂ 20 ਮਾਰਚ 2014 ਤੱਕ 99 ਸਾਲ ਇਕ ਮਹੀਨਾ 18 ਦਿਨ ਜਿਉਂਦਾ ਰਿਹਾ। ਉਚੇ ਲੰਮੇ ਸੋਹਣੇ ਕੱਦ ਦੇ ਜਸਵੰਤ ਸਿੰਘ ਕੰਵਲ ਦੀ ਸਿਹਤ ਚੰਗੀ ਰਹੀ।



ਜਸਵੰਤ ਸਿੰਘ ਕੰਵਲ ਸੰਨ 1943 ਤੋਂ ਕਿਤਾਬਾਂ ਲਿਖਦੇ ਆ ਰਹੇ ਹਨ। ਉਹ ਸੰਨ 1950 ਵਿਚ ਪਿੰਡ ਦੇ ਸਰਪੰਚ ਬਣੇ। ਉਨ੍ਹਾਂ ਦੀ ਮੁਹੱਬਤ ਲਾਹੌਰ ਤੋਂ ਐਮਬੀਬੀਐਸ. ਪਾਸ ਡਾ. ਜਸਵੰਤ ਸਿੰਘ ਗਿੱਲ ਨਾਲ ਹੋ ਗਈ, ਜਿਸ ਦਾ ਜਿਕਰ 'ਪੁੰਨਿਆਂ ਦੇ ਚਾਨਣ' ਤੇ 'ਧੁਰ ਦਰਗਾਹੇ' ਵਿਚ ਪੜ੍ਹਿਆ ਜਾ ਸਕਦਾ ਹੈ। ਇਸ ਤਰ੍ਹਾਂ ਜਸਵੰਤ ਸਿੰਘ ਕੰਵਲ ਦੇ 100ਵੇਂ ਜਨਮ ਦਿਵਸ ਦੀ ਸਿਆਟਲ ਦੇ ਸਾਹਿਤ ਪ੍ਰੇਮੀਆਂ ਵਲੋਂ ਵਧਾਈਆਂ ਦਿੱਤੀਆਂ ਗਈਆਂ।

# ਪੁਸਤਕ ਵਿਚਾਰ ਚਰਚਾ - 'ਹਕੀਕਤ' : ਗੁਰਦਿਆਲ ਸਿੰਘ ਨੂਰਪੁਰੀ

**ਸਮੀਖਿਕ : ਪ੍ਰਮਿੰਦਰ ਸਿੰਘ ਪ੍ਰਵਾਨਾ**

ਸਾਹਿਤ ਵੰਨਗੀਆਂ ਵਿਚ ਕਵਿਤਾ ਦਾ ਵਿਸ਼ੇਸ਼ ਸਥਾਨ ਹੈ, ਜਿਸ ਵਿਚ ਕਵੀ ਸ਼ਬਦਾਂ ਨੂੰ ਸੰਵਾਰ ਕੇ ਨਿਖਰਣਾ ਖਿਆਲ ਪੇਸ਼ ਕਰਦਾ ਹੈ। ਜਿਸ ਵਿਚ ਖਿਆਲ, ਭਾਵ ਦ੍ਰਿਸ਼, ਅਕਾਰ ਅਤੇ ਸੰਗੀਤ ਦੀ ਲੈਅ ਇਕੱਠੇ ਹੁੰਦੇ ਹਨ। ਦੁਨੀਆ ਦੇ ਹਰ ਸੱਭਿਆਚਾਰ ਵਿਚ ਸਾਹਿਤ ਦੇ ਰੂਪਾਂ ਵਿਚ ਕਵਿਤਾ ਸਭ ਤੋਂ ਪਹਿਲਾਂ ਪੈਦਾ ਹੋਈ ਹੈ। ਇਸ ਦੇ ਨਾਲ ਹੀ ਲੋਕ ਗੀਤ ਵੀ ਪ੍ਰਚਲਿਤ ਹਨ ਜੋ ਕਿ ਬੰਦਸ਼ਾਂ ਦੀ ਕਾਰਾਗਰੀ ਤੋਂ ਮੁਕਤ ਹੁੰਦੇ ਹਨ। ਲੋਕ ਗੀਤ ਸਮੂਹ ਵਲੋਂ ਪੈਦਾ ਕੀਤੇ ਵਿਸ਼ਿਆਂ 'ਤੇ ਆਧਾਰਤ ਹੁੰਦੇ ਹਨ ਅਤੇ ਸੰਗੀਤ ਦਾ ਸੂਚਕ ਹਨ। ਇਹ ਇਕ ਵਲਵਲੇ ਵਾਂਗ ਹੈ ਜੋ ਸਮੇਂ ਦੇ ਤੱਤਾਂ ਤੇ ਘਟਨਾਵਾਂ ਨੂੰ ਸਮੇਟ ਕੇ ਲੋਕਾਂ ਦੇ ਹਿਰਦਿਆਂ ਵਿਚ ਉਤਰ ਜਾਂਦਾ ਹੈ, ਜਿੰਨਾ ਚਿਰ ਕੋਈ ਮਸਲਾ ਲੋਕ ਮਨਾਂ ਵਿਚ ਨਹੀਂ ਉਤਰਦਾ, ਲੋਕ ਗੀਤ ਨਹੀਂ ਬਣਦਾ। ਅੱਜ ਕੱਲ੍ਹ ਝਗੜੇ ਇੰਨੇ ਵਧ ਗਏ ਹਨ ਕਿ ਆਉਣ ਵਾਲੀ ਸੰਤਾਨ ਦਾ ਆਰਥਿਕ, ਸਮਾਜਿਕ ਅਤੇ ਧਾਰਮਿਕ ਫੈਸਲਾ ਹੋਣਾ ਹੈ। ਇਸ ਸਮੇਂ ਉਸਾਰੂ ਅਤੇ ਸਾਰਥਿਕ ਸਾਹਿਤ ਦੀ ਲੋੜ ਹੈ ਜੋ ਅਲਾਮਤਾਂ ਨਾਲ ਘਿਰੇ ਲੋਕਾਂ ਦੀ ਗੱਲ ਕਰੇ। ਹਰੇਕ ਸੱਭਿਆਚਾਰ ਵਿਚ ਕਵੀ ਆਦਰ ਦੀ ਨਿਗਾਹ ਨਾਲ ਦੇਖੇ ਜਾਂਦੇ ਹਨ, ਜਿਨ੍ਹਾਂ ਵਿਚ ਗੁਰਦਿਆਲ ਸਿੰਘ ਨੂਰਪੁਰੀ ਦਾ ਨਾਂ ਉਭਰ ਕੇ ਆਉਂਦਾ ਹੈ, ਜਿਸ ਨੇ ਸਮੇਂ ਦੀ ਨਵਜ਼ ਪਛਾਣ ਕੇ ਲੋਕ ਵਿਸ਼ਿਆਂ ਦੀ ਗੱਲ ਕੀਤੀ। ਰਿਸ਼ਤਿਆਂ ਵਿਚ ਮਾਂ ਦੀ ਮਮਤਾ ਦੀ ਕਦਰ ਕਰਦਿਆਂ ਲਿਖਿਆ ਹੈ :




"ਰੱਬ ਦੇ ਅੱਗੇ ਕਰਾਂ ਦੁਆਵਾਂ,
ਸਮੇਂ ਤੋਂ ਪਹਿਲਾਂ ਨਾ ਵਿਛੜਨ ਮਾਵਾਂ,
ਹਰ ਕੋਈ ਮਾਣੇ ਠੰਢੀਆਂ ਛਾਵਾਂ,
ਹਰ ਕੋਈ ਮਾਣੇ ਠੰਢੀਆਂ ਛਾਵਾਂ।"(ਪੰਨਾ 23)।

ਇਨਸਾਨੀ ਜਜ਼ਬਾਤ ਦੀ ਤਰਜ਼ਮਾਨੀ ਕਰਦੀ ਮਾਂ ਬੋਲੀ ਬੜੀ ਸ਼ਾਨ ਨਾਲ ਕਹਿੰਦੀ ਹੈ ਕਿ-

"ਮੈਂ ਵਿਚ ਵਿਦੇਸ਼ਾਂ ਘੁੰਮਦੀ
ਮੇਰਾ ਆਦਰ ਏ ਹਰ ਥਾਂ
ਮੈਂ ਮਾਂ ਸਾਰੇ ਪੰਜਾਬੀ ਦੀ
'ਨੂਰਪੁਰੀ' ਪੰਜਾਬੀ ਮੇਰਾ ਨਾਂਅ।" (ਪੰਨਾ 130)।

ਮਾਪਿਆਂ ਦੀ ਸੇਵਾ ਚੰਗੇ ਸੰਸਕਾਰ ਸਾਹਿਤ ਪੜ੍ਹਨ-ਲਿਖਣ ਤੇ ਪ੍ਰਚਾਰਨ ਨੇ 'ਨੂਰਪੁਰੀ' ਨੂੰ ਕਵੀ ਤੋਂ ਇਲਾਵਾ ਨਿਡਰ ਬਣਾ ਦਿੱਤਾ ਹੈ ਜੋ ਸਾਹਿਤ ਨਾਲ ਜੁੜੇ ਰਹਿੰਦੇ ਹਨ, ਉਨ੍ਹਾਂ ਵਿਚ ਆਤਮਵਿਸ਼ਵਾਸ਼ ਵਧਦਾ ਹੈ। ਉਹ ਖੁੱਲ੍ਹੀ ਗੱਲ ਕਰਦੇ ਸਮਾਜ ਨੂੰ ਦਿਸ਼ਾ ਪ੍ਰਦਾਨ ਕਰ ਸਕਦੇ ਹਨ। ਨੂਰਪੁਰੀ ਨੇ ਆਪਣੀ ਸ਼ਖਸੀਅਤ ਬਿਆਨ ਕੀਤੀ ਹੈ ਕਿ :-

"ਪਹਿਲਾਂ ਪੰਗਾ ਲੈਂਦੇ ਨਹੀਂ
ਇਕ ਦੋ ਵਾਰੀ ਕਹਿਣੇ ਆਂ।
ਜਦੋਂ ਸਿਰ ਤੋਂ ਪਾਣੀ ਲੰਘ ਜਾਵੇ,
ਫਿਰ ਇਕ ਪਾਸੇ ਕਰਕੇ ਰਹਿਣੇ ਆਂ।" (ਪੰਨਾ 52)।

ਸਿੱਖ ਗੁਰੂਆਂ ਨੇ ਸਿੱਖਾਂ ਨੂੰ ਪੰਜਾਬੀ ਬੋਲੀ ਇਜ਼ਾਦ ਕਰਕੇ ਅਜਿਹਾ ਤੋਹਫ਼ਾ ਦਿੱਤਾ ਹੈ ਕਿ ਹਰ ਸਿੱਖ ਆਪਣੀ ਭਾਸ਼ਾ ਦੇ ਗਿਆਨ ਨਾਲ ਸਮਾਜਿਕ, ਆਰਥਿਕ, ਧਾਰਮਿਕ ਅਧਿਆਤਮਕ ਉਚਾਈਆਂ ਛੂਹ ਸਕਦਾ ਹੈ। ਸਿੱਖ ਨੂੰ ਗਿਆਨਵਾਨ ਬਣਾ ਕੇ ਜੀਵਨ ਜਾਚ ਦੀ ਜੁਗਤ ਦਾ ਵਰਦਾਨ ਦਿੱਤਾ ਹੈ। ਕਵੀ ਵਿਦਿਆ ਗਿਆਨ ਦੀ ਪ੍ਰੋੜਤਾ ਕਰਦਾ ਕਹਿਦਾ ਹੈ ਕਿ ਵਿਦਿਆ ਹਰ ਖੇਤਰ ਵਿਚ ਜ਼ਰੂਰੀ ਹੈ।

"ਵਿਦਿਆ ਪੜ੍ਹਨੀ ਬਹੁਤ ਜ਼ਰੂਰੀ
ਬੇਸ਼ੱਕ ਕਰਨੀ ਏ ਮਜ਼ਦੂਰੀ
ਸੋਚ ਸਮਝ ਕੇ ਵੇਖੋ ਸਾਰੇ।
ਵਿਦਿਆ ਬਿਨ ਪੈਣੀ ਨਹੀਂ ਪੂਰੀ।" (ਪੰਨਾ 136)।

ਜ਼ਿੰਦਗੀ ਦੇ ਤਜਰਬਿਆਂ ਵਿਚੋਂ ਸਮਾਜ ਦੀਆਂ ਤਲਖ ਹਕੀਕਤਾਂ ਦਾ ਬਿਆਨ ਕਰਦੀ ਹੈ। ਕਵੀ ਪੁਸਤਕ ਹਕੀਕਤ ਕਵੀ ਨੇ ਤਜਰਬਿਆਂ ਦੇ ਕਲਾਵੇ ਵਿਚ ਪੰਜਾਬੀ ਸੱਭਿਆਚਾਰ ਲੈ ਲਿਆ ਹੈ। ਉਸ ਨੇ ਸਮਾਜ ਦੇ ਭੈੜੇ ਬੰਦੇ, ਭੈੜੇ ਪੱਖਪਾਤੀ, ਅਖੌਤੀ ਆਗੂ ਸਮਾਜ ਦੀਆਂ ਬੁਰਾਈਆਂ ਦੇ ਮਸਲੇ ਬੜੀ ਬੇਬਾਕੀ ਨਾਲ ਛੂਹੇ ਹਨ। ਬੋਲੀਆਂ ਹੇਠ ਭੈਣ ਵਲੋਂ ਪੰਜਾਬੀ ਭਰਾਵਾਂ ਨੂੰ ਨਸ਼ਿਆਂ ਤੋਂ ਰਹਿਣ ਦੀ ਨਸੀਹਤ ਹੈ। ਇਤਿਹਾਸਕ ਕਵਿਤਾਵਾਂ ਚੜ੍ਹਦੀ ਕਲਾ ਦਾ ਸੰਦੇਸ਼ ਦਿੰਦੀਆਂ ਹਨ। ਕਵੀ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਚਿੰਤਾਤੁਰ ਹੈ। ਉਸ ਦੇ ਇਸ ਉਦਮ ਦੀ ਸ਼ਲਾਘਾ ਹੈ। ਇਹ ਆਪਣੀ ਇਸ ਜੁਅਰੱਤ ਲਈ ਵਧਾਈ ਦਾ ਪਾਤਰ ਹੈ।

# ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਇਲਾਜ ਲਈ ਪੰਜਾਬ ਸਰਕਾਰ ਵੱਲੋਂ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਾ ਐਲਾਨ

**ਚੰਡੀਗੜ੍ਹ/ਏਟੀ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਇਲਾਜ ਲਈ 5 ਲੱਖ ਰੁਪਏ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਕੀਤਾ ਹੈ ਜਿਨ੍ਹਾਂ ਦੀ ਸਿਹਤ ਵਡੇਰੀ ਉਮਰ ਕਾਰਨ ਨਾਸਾਜ਼ ਚੱਲ ਰਹੀ ਹੈ। ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਨੇ ਮੋਗਾ ਦੇ ਡਿਪਟੀ ਕਮਿਸ਼ਨਰ ਨੂੰ ਨਿੱਜੀ ਤੌਰ 'ਤੇ ਜਸਵੰਤ ਸਿੰਘ ਕੰਵਲ ਦੇ ਪਿੰਡ ਢੁੱਡੀਕੇ ਵਿਖੇ ਜਾ ਕੇ ਉਨ੍ਹਾਂ ਦੇ ਪਰਿਵਾਰ ਨੂੰ ਵਿੱਤੀ ਇਮਦਾਦ ਸੌਂਪਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਖਿਆ ਹੈ ਕਿ ਕੰਵਲ ਨੂੰ ਲੋੜੀਂਦੀ ਮੈਡੀਕਲ ਸਹਾਇਤਾ ਮੁਹੱਈਆ ਕਰਵਾਉਣ ਨੂੰ ਯਕੀਨੀ ਬਣਾਇਆ ਜਾਵੇ।

ਜ਼ਿਕਰਯੋਗ ਹੈ ਕਿ 100 ਵਰ੍ਹਿਆਂ ਦੀ ਉਮਰ ਪਾਰ ਕਰ ਚੁੱਕੇ ਜਸਵੰਤ ਸਿੰਘ ਕੰਵਲ ਨੇ ਕਈ ਨਾਵਲਾਂ ਸਮੇਤ ਲਗਭਗ 100 ਕਿਤਾਬਾਂ ਦੀ ਰਚਨਾ ਕਰ ਕੇ ਪੰਜਾਬੀ ਸਾਹਿਤ ਨੂੰ ਅਮੀਰ ਕੀਤਾ ਹੈ। ਜਸਵੰਤ ਸਿੰਘ ਕੰਵਲ ਦੇ ਛੇਤੀ ਸਿਹਤਯਾਬ ਹੋਣ ਦੀ ਕਾਮਨਾ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਨਾਮਵਰ ਪੰਜਾਬੀ ਲੇਖਕ ਨੇ ਆਪਣਾ ਜੀਵਨ ਪੰਜਾਬੀ ਮਾਂ-ਬੋਲੀ ਦੀ ਚੜ੍ਹਦੀ ਕਲਾ ਨੂੰ ਸਮਰਪਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਕੰਵਲ ਦੀਆਂ ਲਿਖਤਾਂ ਪੇਂਡੂ ਜੀਵਨ ਤੇ ਸਮਾਜ ਦੇ ਦੱਬੇ-ਕੁਚਲੇ ਵਰਗਾਂ ਦੀ ਧੁਰ ਅੰਦਰਲੀ ਤਸਵੀਰ ਪੇਸ਼ ਕਰਦੀਆਂ ਹਨ।


WHITE HAWK TRUCKING INC

Need Drivers & Owner Operators

Dedicated Load (ਪੱਕੇ ਲੋਡ)
Immediate Payment Option
West Coast I-5 Route




• ਸਾਡੇ ਸਾਰੇ ਟਰੱਕ ਨਵੇਂ ਹਨ • ਪੇਪਰ ਦਿਓ ਪੈਸੇ ਲਓ • Home Time ਵੀ ਦਿੰਦੇ ਹਾਂ
• ਡਰਾਇਵਰਾਂ ਦਾ ਕੋਈ ਵੀ ਪੈਸਾ ਥੱਲੇ ਨਹੀਂ ਰੱਖਿਆ ਜਾਂਦਾ • We Sell New & Used Tires
• Minor to Major Repair • Rebuild Engine Transmission DEF, DPF Cleaning
• Any kind of Road Service • Computer Diagnose

Call for more Info:

510 774 4191 (Kuljit Singh)
209 242 9569 (Dispatched)
209 564 8899 (Davinder Singh)
209 345 6968 (Ranthir Singh)

2101 MARTIN LUTHER KING JR WAY STOCKTON, CA 95205

# ਕਈ ਮਹੀਨਿਆਂ ਤੋਂ ਬਿੱਟੂ 'ਤੇ ਬਾਜ਼ ਅੱਖ ਸੀ ਸੋਧਾ ਲਾਉਣ ਵਾਲੇ ਸਿੰਘਾਂ ਦੀ

**ਪਟਿਆਲਾ/ਏਟੀ ਨਿਊਜ਼ :** ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਦੇ ਦੋਸ਼ੀ ਡੇਰਾ ਸਿਰਸਾ ਪ੍ਰੇਮੀ ਮਹਿੰਦਰਪਾਲ ਬਿੱਟੂ ਨੂੰ ਇਸ ਗੁਨਾਹ ਦੀ ਸਜ਼ਾ ਦੇਣ ਦੀਆਂ ਤਿਆਰੀਆਂ ਸਿੱਖ ਨੌਜਵਾਨ ਅਕਤੂਬਰ ਮਹੀਨੇ ਤੋਂ ਕਰ ਰਹੇ ਸੀ। ਇਸ ਗੱਲ ਦਾ ਖੁਲਾਸਾ ਪੁਲਿਸ ਜਾਂਚ ਵਿੱਚ ਹੋਇਆ ਹੈ। ਪੁਲਿਸ ਜਾਂਚ ਮੁਤਾਬਿਕ ਬਿੱਟੂ ਨੂੰ ਉਸ ਦੇ ਕੀਤੇ ਕੁਕਰਮਾਂ ਦੀ ਸਜ਼ਾ ਦੇਣ ਲਈ ਪਹਿਲਾਂ ਹੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਦੋਸ਼ੀ ਔਰਤ ਦੇ ਕਤਲ ਮਾਮਲੇ 'ਚ ਜੇਲ੍ਹ ਅੰਦਰ ਬੰਦ ਅੰਮ੍ਰਿਤਧਾਰੀ ਸਿੱਖ ਨੌਜਵਾਨ ਜਸਪ੍ਰੀਤ ਸਿੰਘ ਨੇ ਨੀਤੀ ਬਣਾਈ ਸੀ। ਇਸ ਕੰਮ ਵਿੱਚ ਉਸ ਨੇ ਜੇਲ੍ਹ ਅੰਦਰ ਹੀ ਨਜ਼ਰਬੰਦ ਮਨਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਨੂੰ ਆਪਣੇ ਨਾਲ ਸ਼ਾਮਿਲ ਕੀਤਾ ਸੀ।



## ਨਿਊ ਜੇਲ੍ਹ ਨਾਭਾ ਦੇ ਗੁਰਦੁਆਰਾ ਸਾਹਿਬ ਵਿੱਚ ਬਣਾਈ ਸਕੀਮ

ਨਿਊ ਨਾਭਾ ਜੇਲ੍ਹ ਵਿੱਚ ਨਜ਼ਰਬੰਦ ਜਸਪ੍ਰੀਤ ਸਿੰਘ ਉਰਫ ਨਿਹਾਲ ਸਿੰਘ ਨੇ ਮਨਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਨਾਲ ਮਿਲ ਕੇ ਅਕਤੂਬਰ, 2018 ਵਿੱਚ ਬਿੱਟੂ ਨੂੰ ਸਜ਼ਾ ਦੇਣ ਦੀ ਸਕੀਮ ਬਣਾਈ। ਇਹਨਾਂ ਨੌਜਵਾਨਾਂ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਦਾ ਰੋਸ ਸੀ, ਜਿਸ ਦੇ ਚਲਦਿਆਂ ਇਹਨਾਂ ਸਿੱਖ ਰਵਾਇਤਾਂ ਮੁਤਾਬਿਕ ਦੋਸ਼ੀ ਮਹਿੰਦਰਪਾਲ ਬਿੱਟੂ ਨੂੰ ਸੋਧਣ ਦਾ ਫੈਸਲਾ ਕੀਤਾ।

## ਨਿਊ ਨਾਭਾ ਜੇਲ੍ਹ ਤੋਂ ਫਰੀਦਕੋਟ ਜੇਲ੍ਹ ਭੇਜਿਆ ਗਿਆ ਸੀ ਬਿੱਟੂ

ਇਸ ਦੌਰਾਨ ਮੌਕੇ ਦੀ ਭਾਲ ਵਿੱਚ ਬੈਠੇ ਇਹਨਾਂ ਸਿੱਖ ਨੌਜਵਾਨਾਂ ਨੂੰ ਉਸ ਸਮੇਂ ਨਮੋਸ਼ੀ ਝੱਲਣੀ ਪਈ ਜਦੋਂ ਮਹਿੰਦਰਪਾਲ ਬਿੱਟੂ ਨੂੰ 4 ਦਸੰਬਰ ਨੂੰ ਨਿਊ ਨਾਭਾ ਜੇਲ੍ਹ ਤੋਂ ਫਰੀਦਕੋਟ ਜੇਲ੍ਹ ਤਬਦੀਲ ਕਰ ਦਿੱਤਾ ਗਿਆ। ਇਸ ਦੌਰਾਨ ਜਸਪ੍ਰੀਤ ਸਿੰਘ ਨੂੰ ਵੀ ਨਿਊ ਨਾਭਾ ਜੇਲ੍ਹ ਤੋਂ ਅਤਿ ਸੁਰੱਖਿਆ ਜੇਲ੍ਹ ਨਾਭਾ ਤਬਦੀਲ ਕਰ ਦਿੱਤਾ ਗਿਆ ਤੇ ਗੁਰਸੇਵਕ ਸਿੰਘ ਅਤੇ ਮਨਿੰਦਰ ਸਿੰਘ ਪਿੱਛੇ ਨਿਊ ਨਾਭਾ ਜੇਲ੍ਹ ਵਿੱਚ ਰਹਿ ਗਏ।

## ਬਿੱਟੂ ਨੂੰ ਹੋਣੀ ਘੇਰ ਕੇ ਮੁੜ ਨਿਊ ਨਾਭਾ ਜੇਲ੍ਹ ਲਿਆਈ

ਜਨਵਰੀ-2019 ਵਿਚ ਮਹਿੰਦਰਪਾਲ ਬਿੱਟੂ ਨੂੰ ਮੁੜ ਫਰੀਦਕੋਟ ਜੇਲ੍ਹ ਤੋਂ ਨਿਊ ਨਾਭਾ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ। ਹਲਾਂਕਿ ਹੁਣ ਜਸਪ੍ਰੀਤ ਸਿੰਘ ਇੱਥੇ ਨਹੀਂ ਸੀ ਪਰ ਗੁਰਸੇਵਕ ਸਿੰਘ ਅਤੇ ਮਨਿੰਦਰ ਸਿੰਘ ਇੱਥੇ ਹੀ ਬੰਦ ਸਨ।

ਗੁਰਸੇਵਕ ਸਿੰਘ ਨੂੰ ਪੈਰੋਲ ਮਿਲੀ-

ਇਸ ਦੌਰਾਨ ਮਾਰਚ ਮਹੀਨੇ ਵਿੱਚ ਗੁਰਸੇਵਕ ਸਿੰਘ ਨੂੰ ਪੈਰੋਲ ਮਿਲ ਗਈ ਤੇ ਉਹ ਜੇਲ੍ਹ ਤੋਂ ਬਾਹਰ ਆ ਗਿਆ।

## 22 ਜੂਨ ਨੂੰ ਬਿੱਟੂ ਦਾ ਸੋਧਾ

ਪੈਰੋਲ ਤੋਂ ਵਾਪਿਸ ਪਰਤਣ ਮਗਰੋਂ 22 ਜੂਨ ਨੂੰ ਮੌਕਾ ਮਿਲਦਿਆਂ ਹੀ ਮਨਿੰਦਰ ਸਿੰਘ ਅਤੇ ਗੁਰਸੇਵਕ ਸਿੰਘ ਨੇ ਸਰੀਏ ਨਾਲ ਬਿੱਟੂ ਦਾ ਕਥਿਤ ਤੌਰ 'ਤੇ ਕਤਲ ਕਰ ਦਿੱਤਾ। ਪੁਲਿਸ ਮੁਤਾਬਿਕ ਇਸ ਮੌਕੇ ਇੱਕ ਹੋਰ ਕੈਦੀ ਲਖਬੀਰ ਸਿੰਘ ਲੱਖਾ ਵੀ ਇਹਨਾਂ ਨਾਲ ਮੌਜੂਦ ਸੀ ਜਿਸ ਉੱਤੇ ਲੱਕੜ ਦੇ ਡੰਡੇ ਨਾਲ ਬਿੱਟੂ ਨੂੰ ਮਾਰਨ ਦਾ ਦੋਸ਼ ਲਾਇਆ ਗਿਆ ਹੈ।

## ਕੌਣ ਹੈ ਜਸਪ੍ਰੀਤ ਸਿੰਘ

ਪੁਲਿਸ ਦਾ ਕਹਿਣਾ ਹੈ ਕਿ ਇਸ ਕਤਲ ਦੀ ਮੁੱਖ ਸਾਜਿਸ਼ ਘੜਨ ਵਾਲਾ ਜਸਪ੍ਰੀਤ ਸਿੰਘ ਹੈ। ਜਸਪ੍ਰੀਤ ਸਿਘ ਇੱਕ ਅੰਮ੍ਰਿਤਧਾਰੀ ਸਿੱਖ ਨੌਜਵਾਨ ਹੈ ਜੋ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਨਾਲ ਜੁੜਿਆ ਹੋਇਆ ਸੀ।

ਜਸਪ੍ਰੀਤ ਸਿੰਘ ਪੰਥਕ ਭਾਵਾਨਾਵਾਂ ਨਾਲ ਭਰਿਆ ਹੋਇਆ ਹੈ ਜੋ ਬੀਤੇ ਸਾਲਾਂ ਤੋਂ ਹਰ ਪੰਥਕ ਇਕੱਠ ਅਤੇ ਪ੍ਰੋਗਰਾਮ ਵਿੱਚ ਆਪਣਾ ਹਿੱਸਾ ਪਾਉਂਦਾ ਸੀ। ਸੰਨ 2016 ਵਿੱਚ ਘਵੱਦੀ ਪਿੰਡ ਦੀ ਬਲਵਿੰਦਰ ਕੌਰ ਨਾਮੀਂ ਔਰਤ ਨੂੰ ਜਸਪ੍ਰੀਤ ਸਿੰਘ ਨੇ ਹੀ ਸੋਧਾ ਲਾਇਆ ਸੀ। ਇਸ ਔਰਤ ਨੇ ਵੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕੀਤੀ ਸੀ ਤੇ ਕੁਝ ਦਿਨਾਂ ਮਗਰੋਂ ਜ਼ਮਾਨਤ 'ਤੇ ਬਾਹਰ ਆ ਗਈ ਸੀ।

## ਸਿੱਖਾਂ ਦੇ ਕਾਤਲ ਪੁਲਸੀਆਂ ਨੂੰ ਛੱਡਣ ਤੋਂ ਬਾਅਦ ਬੰਦੀ ਸਿੰਘਾਂ ਦੀ ਰਿਹਾਈ ਦਾ ਮਾਮਲਾ ਗਰਮਾਇਆ

**ਚੰਡੀਗੜ੍ਹ/ਏਟੀ ਨਿਊਜ਼ :** ਪੰਜਾਬ ਪੁਲਿਸ ਵੱਲੋਂ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸੰਨ 1993 'ਚ ਜ਼ਿਲ੍ਹਾ ਲੁਧਿਆਣਾ ਦੇ ਸਹਾਰਨਪੁਰ ਮਾਜਰਾ ਪਿੰਡ ਦੇ ਮਾਰੇ ਗਏ ਨੌਜਵਾਨ ਹਰਜੀਤ ਸਿੰਘ ਦੇ ਕਾਤਲਾਂ ਨੂੰ ਰਿਹਾਅ ਕਰਨ ਤੋਂ ਬਾਅਦ ਇਹ ਮਾਮਲਾ ਪੂਰੀ ਤਰ੍ਹਾਂ ਗਰਮਾਇਆ ਹੋਇਆ ਹੈ। ਜਿੱਥੇ ਇਸ ਮਾਮਲੇ 'ਤੇ ਵਿਰੋਧੀ ਧਿਰਾਂ ਆਪਣੀਆਂ ਆਪਣੀਆਂ ਪ੍ਰਤੀਕਿਰਿਆਵਾਂ ਦੇ ਰਹੇ ਹਨ, ਉੱਥੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਜੇਲ੍ਹਾਂ ਵਿਚ ਬੰਦ ਸਿੱਖ ਕੈਦੀਆਂ ਦੀ ਰਿਹਾਈ ਦੀ ਵੀ ਮੰਗ ਕਰ ਦਿੱਤੀ ਹੈ।

ਮਨਜੀਤ ਸਿੰਘ ਜੀਕੇ ਨੇ ਪੱਤਰਕਾਰ ਸੰਮੇਲਨ 'ਚ ਬੋਲਦਿਆਂ ਕਿਹਾ ਕਿ ਹਰਜੀਤ ਸਿੰਘ ਦਾ ਪੁਲਿਸ ਵਾਲਿਆਂ ਨੇ ਕਤਲ ਇਸ ਲਈ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਤਰੱਕੀਆਂ ਲੈਣੀਆਂ ਸਨ। ਉਨ੍ਹਾਂ ਇਸ ਕੇਸ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਇਸ ਮਾਮਲੇ 'ਚ ਪਰਿਵਾਰ ਦੀ ਸ਼ਿਕਾਇਤ 'ਤੇ ਕੇਸ ਸੰਨ 2004 'ਚ ਦਰਜ ਹੋਇਆ ਸੀ ਪਰ ਉਨ੍ਹਾਂ ਨੂੰ ਇਨਸਾਫ ਮਿਲਣ 'ਚ 10 ਸਾਲ ਲੱਗ ਗਏ। ਸਾਲ 20 14 'ਚ ਦੋਸ਼ੀਆਂ ਨੂੰ ਸਜ਼ਾ ਸੁਣਾਈ ਗਈ। ਉਨ੍ਹਾਂ ਕਿਹਾ ਕਿ ਜਿਹੜੇ ਸਿੱਖ ਕੈਦੀ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਕੈਦ ਕੱਟ ਰਹੇ ਹਨ, ਉਹ ਆਪਣੀਆਂ ਸਜ਼ਾਵਾਂ ਪੂਰੀਆਂ ਵੀ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਜੇਲ੍ਹਾਂ 'ਚ ਹੀ ਹਨ, ਜਦਕਿ ਸਿਆਸੀ ਸਰਪ੍ਰਸਤੀਆਂ ਵਾਲੇ ਇਨ੍ਹਾਂ ਲੋਕਾਂ ਨੂੰ ਜੇਲ੍ਹਾਂ ਵਿੱਚੋਂ ਰਿਹਾਅ ਕਰ ਦਿੱਤਾ ਗਿਆ ਹੈ। ਉਨ੍ਹਾਂ ਜੇਲ੍ਹਾਂ 'ਚ ਕੈਦ ਬੰਦੀ ਸਿੰਘਾਂ ਬਾਰੇ ਜਾਣਕਾਰੀ ਦਿੰਦਿਆਂ ਦਇਆ ਸਿੰਘ ਲਾਹੌਰੀਆ, ਜਗਤਾਰ ਸਿੰਘ ਹਵਾਰਾ ਤੇ ਕਈ ਹੋਰ ਸਿੰਘਾਂ ਬਾਰੇ ਦੱਸਿਆ ਕਿ ਇਹ ਸਿੱਖ ਉਹ ਕੈਦੀ ਹਨ, ਜਿਨ੍ਹਾਂ ਨੂੰ ਪੈਰੋਲ ਵੀ ਨਹੀਂ ਦਿੱਤੀ ਜਾਂਦੀ ਤੇ ਜਦੋਂ ਕਦੇ ਪੈਰੋਲ ਦੀ ਗੱਲ ਚਲਦੀ ਹੈ ਤਾਂ ਇਹ ਕਹਿ ਦਿੱਤਾ ਜਾਂਦਾ ਹੈ ਕਿ ਸੁਪਰੀਮ ਕੋਰਟ ਦਾ ਰੂਲ ਹੈ ਕਿ ਜਿਹੜੇ ਸੀਬੀਆਈ ਦੇ ਕੇਸ ਹਨ ਜਾਂ ਇਹੋ ਜਿਹੇ ਕੇਸ ਹਨ, ਉਨ੍ਹਾਂ ਵਿਚ ਅਸੀਂ ਮਾਫੀ ਨਹੀਂ ਦੇ ਸਕਦੇ। ਉਨ੍ਹਾਂ ਪ੍ਰਕਾਸ਼ ਸਿੰਘ ਬਾਦਲ ਨੂੰ ਵੀ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਬਾਦਲ ਕਿੰਨਾ ਸਮਾਂ ਮੁੱਖ ਮੰਤਰੀ ਰਹੇ, ਪਰ ਉਨ੍ਹਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਕੋਈ ਯਤਨ ਨਹੀਂ ਕੀਤਾ। ਭਾਵੇਂ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਇਸ ਮਾਮਲੇ ਵਿਚ ਉਨ੍ਹਾਂ ਦਾ ਕੋਈ ਹੱਥ ਨਾ ਹੋਣ ਦਾ ਦਾਅਵਾ ਕੀਤਾ ਜਾ ਰਿਹਾ ਹੈ ਪਰ ਜੀਕੇ ਨੇ ਕਿਹਾ ਕਿ ਅਕਾਲੀ ਦਲ ਨੇ ਪੰਥ ਦੀ ਪਿੱਠ ਵਿਚ ਛੁਰਾ ਮਾਰਿਆ ਹੈ ਤੇ ਆਪਣੀ ਸਰਕਾਰ ਵੇਲੇ ਤਾਂ ਸਿੱਖ ਬੰਦੀਆਂ ਦੀ ਰਿਹਾਈ ਲਈ ਇਨ੍ਹਾਂ ਕੱਖ ਭੰਨ੍ਹ ਕੇ ਦੂਹਰਾ ਨਹੀਂ ਕੀਤਾ ਤੇ ਹੁਣ ਗੁੰਮਰਾਕੁਨ ਬਿਆਨ ਦੇ ਕੇ, ਸਿੱਖ ਨੂੰ ਮੂਰਖ ਬਣਾ ਰਹੇ ਹਨ। ਉਨ੍ਹਾਂ ਹਰਜੀਤ ਸਿੰਘ ਕੇਸ ਸਬੰਧੀ ਬੋਲਦਿਆਂ ਕਿਹਾ ਕਿ ਹੁਣ ਤਾਂ ਬੜਾ ਸੌਖਾ ਰਸਤਾ ਹੋ ਗਿਆ ਕਿ ਜਿਵੇਂ ਹਰਜੀਤ ਸਿੰਘ ਦੇ ਕਾਤਲ ਇੰਨਾ ਲੰਮਾ ਸਮਾਂ ਕੇਸ ਲੜਨ ਤੋਂ ਬਾਅਦ ਦੋਸ਼ੀ ਪਾਏ ਜਾਣ ਦੇ ਬਾਵਜੂਦ ਬਾਹਰ ਆ ਸਕਦੇ ਹਨ ਤਾਂ ਫਿਰ ਇਹੀ ਕਨੂੰਨ ਸਾਡੇ ਵਾਸਤੇ ਕਿਉਂ ਨਹੀਂ ਹੈ ? ਇੱਥੇ ਉਨ੍ਹਾਂ ਦਾਅਵਾ ਕਰਦਿਆਂ ਕਿਹਾ ਕਿ ਸਾਡੇ ਲੋਕ ਜਿਹੜੇ ਜੇਲ੍ਹਾਂ 'ਚ ਬੰਦ ਹਨ, ਉਹ ਤਾਂ ਅਪਰਾਧੀ ਵੀ ਨਹੀਂ ਹਨ, ਉਨ੍ਹਾਂ 'ਤੇ ਸਰਕਾਰ ਨੇ ਝੂਠੇ ਕੇਸ ਪਾਏ ਹਨ।


CIS CALIFORNIA IMMIGRATION SERVICES
(Registered & Bonded)

- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- STUDENT VISA
- RELIGIOUS VISA
- U.K. VISA
- CANADA VISA & P.R.





Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585
Fremont Office: 4127 Bay Street, Suite 5 | Tracy Office: 68 E 11th St., Suite 103
Yuba City Office: 1650 Sierra Ave. Suite 206, CA 95993
www.caials.com rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441
Email : sacramento99@yahoo.co, website: capitalservices.us

## ਗੁਰਦੁਆਰਾ ਖਾਲਸਾ ਕੇਅਰ ਫਾਊਂਡੇਸ਼ਨ ਵਿਖੇ ਕੀਰਤਨ ਦਰਬਾਰ 10 ਜੁਲਾਈ ਤੋਂ

**ਲਾਸ ਏਂਜਲਸ/ਏਟੀ ਨਿਊਜ਼ :**
ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ ਧੰਨ ਧੰਨ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਮਹਾਰਾਜ ਦੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿਚ ਭਾਈ ਘਨੱਈਆ ਜੀ ਲੰਗਰ ਸੇਵਾ ਦਲ ਵਲੋਂ ਸਮੂਹ ਐਲਏ. ਦੀ ਸੰਗਤ ਦੇ ਸਹਿਯੋਗ ਨਾਲ ਸ਼ਹਿਰ ਦੇ ਵੱਖ ਵੱਖ ਗੁਰਦੁਆਰਾ ਸਾਹਿਬਾਨਾਂ ਸਮੇਤ ਖ਼ਾਲਸਾ ਕੇਅਰ ਫਾਊਂਡੇਸ਼ਨ ਗੁਰਦੁਆਰਾ ਸਾਹਿਬ ਵਿਖੇ ਮਹਾਨ ਕੀਰਤਨ ਦਰਬਾਰ ਸਜਾਏ ਜਾ ਰਹੇ ਹਨ। ਇਨ੍ਹਾਂ ਵਿਚ ਪੰਥ ਦੇ ਮਹਾਨ ਵਿਦਵਾਨ ਕਥਾਵਾਚਕ ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ, ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲੇ, ਸੰਤ ਅਨੂਪ ਸਿੰਘ ਜੀ ਊਨਾ ਸਾਹਿਬ ਵਾਲੇ, ਭਾਈ ਤਜਿੰਦਰ ਸਿੰਘ ਜੀ ਖੰਨੇ ਵਾਲੇ, ਭਾਈ ਗੁਰਪ੍ਰੀਤ ਸਿੰਘ ਜੀ ਬਲੜਬਲ ਅਤੇ ਭਾਈ ਵਰਿੰਦਰ ਸਿੰਘ ਜੀ ਦਿੱਲੀ ਵਾਲੇ ਕਥਾ ਅਤੇ ਕੀਰਤਨ ਦੁਆਰਾ ਨਿਹਾਲ ਕਰਨਗੇ। ਇਹ ਕੀਰਤਨ ਦਰਬਾਰ 10 ਤੇ 11 ਜੁਲਾਈ ਨੂੰ ਗੁਰਦੁਆਰਾ ਬਿਊਨਾ ਪਾਰਕ ਵਿਖੇ, ਜੁਲਾਈ 12 ਤੇ 13 ਸ਼ਾਮ ਨੂੰ ਗੁਰਦੁਆਰਾ ਰਿਵਰਸਾਈਡ ਵਿਖੇ, ਜੁਲਾਈ-14 ਨੂੰ ਗੁਰਦੁਆਰਾ ਹੌਲੀਵੱਡ ਸਿੱਖ ਟੈਂਪਲ ਵਿਖੇ, ਜੁਲਾਈ-15 ਨੂੰ ਗੁਰਦੁਆਰਾ ਲੈਂਕਰਾਸ਼ਿਮ ਵਿਖੇ, ਜੁਲਾਈ-16 ਨੂੰ ਗੁਰਦੁਆਰ ਵੈਲੀ ਸਿੱਖ ਟੈਂਪਲ ਵਿਖੇ ਅਤੇ ਜੁਲਾਈ 17,18,19,20,21 ਨੂੰ ਗੁਰਦੁਆਰਾ ਖ਼ਾਲਸਾ ਕੇਅਰ ਫਾਊਂਡੇਸ਼ਨ ਵਿਖੇ ਹੋ ਰਹੇ ਹਨ। ਪਬੰਧਕਾਂ ਦੀ ਬੇਨਤੀ ਹੈ ਕਿ ਸਰਬੱਤ ਸੰਗਤ ਦਰਬਾਰ ਵਿਚ ਹਾਜ਼ਰੀਆਂ ਭਰ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਜੀਐਚਜੀ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਸਲਾਨਾ ਕੈਂਪ 5 ਜੁਲਾਈ ਤੋਂ



**ਫਰਿਜ਼ਨੋ/ਕੁਲਵੰਤ ਧਾਲੀਆਂ, ਨੀਟਾ ਮਾਛੀਕੇ :**
ਜੀਐਚਜੀ. ਡਾਂਸ ਅਤੇ ਸੰਗੀਤ ਅਕੈਡਮੀ ਦੇ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ ਹੋਈ, ਜਿਸ ਦੌਰਾਨ ਵਿਦੇਸ਼ਾਂ ਵਿਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਅਤੇ ਬੱਚਿਆਂ ਨੂੰ ਉਸ ਨਾਲ ਜੋੜਨ ਲਈ ਵਿਚਾਰਾਂ ਹੋਈਆਂ ਅਤੇ ਅਗਾਮੀ ਪ੍ਰੋਗਰਾਮ ਦੇ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਜੀਐਚਜੀ. ਸੰਗੀਤ ਅਤੇ ਡਾਂਸ ਅਕੈਡਮੀ ਫਰਿਜ਼ਨੋ ਵੱਲੋਂ ਹਰ ਸਾਲ ਵਾਗ ਇਸ ਸਾਲ ਵੀ ਸਲਾਨਾ ਗਿੱਧਾ, ਭੰਗੜਾ ਅਤੇ ਸੰਗੀਤ ਆਦਿਕ ਦਾ ਸਿਖਲਾਈ ਕੈਂਪ 5 ਜੁਲਾਈ ਤੋਂ 19 ਜੁਲਾਈ ਤਕ ਪੰਜਾਬੀ ਸਕੂਲ ਫਰਿਜ਼ਨੋ (ਗੁਰਦੁਆਰਾ ਸਿੰਘ ਸਭਾ, ਫਰਿਜ਼ਨੋ) ਵਿਖੇ ਲਾਇਆ ਜਾਵੇਗਾ। ਇਸ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਕੈਂਪ ਵਿਚ ਪੰਜਾਬੀ ਸੱਭਿਆਚਾਰ ਨਾਲ ਸਬੰਧਤ ਗਿੱਧਾ-ਭੰਗੜਾ ਤੇ ਹੋਰ ਗੀਤ ਸੰਗੀਤ ਆਦਿਕ ਗਤੀਵਿਧੀਆਂ ਦੀ ਸਿੱਖਿਆ ਸੁਚੱਜੇ ਮਾਹਰ ਕੋਚਾਂ ਦੁਆਰਾ ਦਿੱਤੀ ਜਾਵੇਗੀ। ਸੰਸਥਾ ਦੇ ਬੁਲਾਰੇ ਨੇ ਦੱਸਿਆ ਕਿ ਬੱਚਿਆਂ ਨੂੰ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਭਾਈਚਾਰਕ ਸਾਂਝ ਤੇ ਸਮਾਨਤਾ ਨਾਲ ਰਹਿਣ ਦੇ ਗੁਣ ਵੀ ਭਰੇ ਜਾਣਗੇ। ਕੈਂਪ ਦੀ ਸਮਾਪਤੀ ਦੇ ਆਖਰੀ ਦਿਨ 20 ਜੁਲਾਈ, ਦਿਨ ਸ਼ਨੀਵਾਰ ਨੂੰ ਅੰਤਰ-ਰਾਸਟਰੀ ਪੱਧਰ 'ਤੇ ਯੁਵਕ ਮੇਲਾ ਕਰਵਾਇਆ ਜਾਵੇਗਾ ਜੋ 'ਸੈਂਟਰਲ ਹਾਈ ਸਕੂਲ' ਫਰਿਜ਼ਨੋ ਵਿਖੇ ਹੋਵੇਗਾ, ਜਿਸ ਦਾ ਪਤਾ 3535 N. Cornelia Ave, Fresno, CA-93722 ਹੈ। ਇਸ ਵਿਚ ਸਥਾਨਿਕ ਬੱਚਿਆਂ ਦੀਆਂ ਵੱਖ-ਵੱਖ ਉਮਰ ਵਾਲੀਆਂ ਟੀਮਾਂ ਅਤੇ ਅਮਰੀਕਾ ਦੀਆਂ ਵੱਖ-ਵੱਖ ਸਟੇਟਾਂ ਤੋਂ ਇਲਾਵਾ ਕਨੇਡਾ ਤੋਂ ਵੀ ਟੀਮਾਂ ਸ਼ਿਰਕਤ ਕਰਨਗੀਆਂ।
ਸਮੂਹ ਭਾਈਚਾਰੇ ਨੂੰ ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਗਈ ਹੈ ਕਿ ਆਪਣੇ ਬੱਚਿਆਂ ਨੂੰ ਕੈਂਪ ਵਿਚ ਦਾਖਲ ਕਰਵਾਉਣ। ਕੈਂਪ ਦੌਰਾਨ ਗੁਰੂ ਦਾ ਲੰਗਰ ਅਤੁੱਟ ਵਰਤੇਗਾ। ਵਧੇਰੇ ਜਾਣਕਾਰੀ ਲਈ ਉਦੈਦੀਪ ਸਿੰਘ ਸਿੱਧੂ ਫੋਨ ਨੰ. (559) 355-4065 ਜਾਂ ਪਰਮਜੀਤ ਸਿੰਘ ਧਾਲੀਵਾਲ ਫੋਨ ਨੰ. (559) 351-9465 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਬੈਨਗਹਿੰਮ ਦੇ ਸਤਪਾਲ ਸਿੱਧੂ ਨੂੰ ਵਾਟਕੌਮ ਕਾਊਂਟੀ ਐਗਜ਼ੈਕਟਿਵ ਲਈ ਚੋਣ ਮੈਦਾਨ ਵਿਚ ਪੰਜਾਬੀਆਂ ਦੀ ਹਮਾਇਤ

**ਸਿਆਟਲ/ਗੁਰਚਰਨ ਸਿੰਘ ਢਿੱਲੋਂ :** ਸਿਆਟਲ ਤੋਂ 100 ਮੀਲ ਵੈਨਕੋਵਰ-ਕੈਨੇਡਾ ਬਾਰਡਰ 'ਤੇ ਪੈਂਦੇ ਸ਼ਹਿਰ ਬੈਲਗਹਿੰਮ ਦੇ ਸਤਪਾਲ ਸਿੱਧੂ ਕਾਊਂਟੀ ਕੌਂਸਿਲ ਮੈਂਬਰ ਬਣਨ ਤੋਂ ਬਾਅਦ ਵਾਟਕੌਮ ਕਾਊਂਟੀ ਐਗਜੈਕਟਿਵ ਦੇ ਚੋਣ ਮੈਦਾਨ ਵਿਚ ਨਿੱਤਰੇ ਹਨ ਜਿਸ ਵਾਸਤੇ ਸਿਆਟਲ ਦੇ ਪੰਜਾਬੀ ਭਾਈਚਾਰੇ ਵਲੋਂ ਭਾਰੀ ਹਮਾਇਤ ਹਾਸਲ ਹੋਈ ਹੈ। ਇਥੇ ਲਗਪਗ 100 ਸਾਲ ਪਹਿਲਾਂ ਰੋਜ਼ੀ ਰੋਟੀ ਖਾਤਰ ਪਹੁੰਚੇ ਮਿੱਲਾਂ ਵਿਚ ਕੰਮ ਕਰਨ ਵਾਲਿਆਂ ਪੰਜਾਬੀਆਂ ਨੂੰ ਨਸਲੀ ਵਿਤਕਰੇ ਕਰਕੇ ਸ਼ਹਿਰ ਵਿਚੋਂ ਕੱਢ ਦਿੱਤਾ ਗਿਆ ਸੀ। ਉਸੇ ਸ਼ਹਿਰ ਦੇ ਸਤਪਾਲ ਸਿੱਧੂ ਵਾਟਕੌਮ ਕਾਊਂਟੀ ਕੌਂਸਲ ਮੈਂਬਰ ਪਿਛਲੀਆਂ ਚੋਣਾਂ ਵਿਚ ਚੁਣੇ ਗਏ ਅਤੇ ਹੁਣ ਅਗਲੀਆਂ ਚੋਣਾਂ ਵਿਚ ਵਾਟਕੌਮ ਕਾਊਂਟੀ ਐਗਜ਼ੈਕਟਿਵ ਦੀ ਪ੍ਰਾਇਮਰੀ ਚੋਣ ਵਿਚ ਚੋਣ ਲੜ ਰਹੇ ਸਤਪਾਲ ਸਿੱਧੂ ਦੀ ਹਮਾਇਤ ਕਰਨ ਲਈ ਰੈਡਲਾਈਨ ਹੋਟਲ



ਵਿਚ ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀਅਤਾਂ ਨੇ ਮਿਲ ਕੇ ਸਤਪਾਲ ਸਿੱਧੂ ਦੀ ਹਮਾਇਤ ਕਰਨ ਦਾ ਫੈਸਲਾ ਕੀਤਾ ਅਤੇ ਚੋਣ ਲਈ ਫੰਡ ਇਕੱਠਾ ਕਰਕੇ ਦਿੱਤਾ ਹੈ। ਇਸ ਮੌਕੇ ਦਯਿਆਬੀਰ ਸਿੰਘ ਪਿੰਟੂ ਬਾਠ, ਹਰਦੀਪ ਸਿੰਘ ਗਿੱਲ, ਮਨਮੋਹਨ ਸਿੰਘ ਧਾਲੀਵਾਲ, ਸੁਖਚੈਨ ਸਿੰਘ ਸੰਧੂ, ਬਲਵੰਤ ਸਿੰਘ ਔਲਖ (ਬੋਥਲ), ਬੈਲਗਹਿੰਮ ਤੋਂ ਰਛਪਾਲ ਸਿੰਘ ਸੰਧੂ, ਦਲਜੀਤ ਸਿੰਘ ਗਿੱਲ, ਸਤਵੰਤ ਸਿੰਘ ਧਾਲੀਵਾਲ, ਗੁਰਚਰਨ ਸਿੰਘ ਧਾਲੀਵਾਲ, ਧਰਮ ਸਿੰਘ ਮੈਰੀਪੁਰ, ਸੁਰਜੀਤ ਸਿੰਘ, ਗੁਰਸੇਵਕ ਸਿੰਘ ਬਰਾੜ, ਭਵਨਦੀਪ ਸਿੰਘ ਸਮੇਤ ਕਈ ਅਹਿਮ ਸ਼ਖਸੀਅਤਾਂ ਨੇ ਪਹੁੰਚ ਕੇ ਸਤਪਾਲ ਸਿੱਧੂ ਦੀ ਹਮਾਇਤ ਕਰਨ ਵਾਸਤੇ ਵਿਚਾਰ ਚਰਚਾ ਕੀਤੀ। ਸਤਪਾਲ ਸਿੱਧੂ ਨੇ ਵਿਸਥਾਰ ਸਾਹਿਤ ਵਾਟਕੌਮ ਕਾਊਂਟੀ ਦੀ ਐਗਜ਼ੈਕਟਿਵ ਬਾਰੇ ਚਾਨਣਾ ਪਾਇਆ ਅਤੇ ਹਮਾਇਤ ਕਰਨ ਲਈ ਪੰਜਾਬੀ ਭਾਈਚਾਰੇ ਦਾ ਧੰਨਵਾਦ ਕੀਤਾ।



ਭਾਈ ਮਰਦਾਨਾ ਜੀ ਦੇ ਪਰਿਵਾਰ ਦਾ ਸੱਦਾ

# ਸਿੱਖ 550 ਸਾਲਾ ਪ੍ਰਕਾਸ਼ ਉਤਸਵ ਨਨਕਾਣਾ ਸਾਹਿਬ 'ਚ ਮਨਾਉਣ

**ਲਾਹੌਰ/ਏਟੀ ਨਿਊਜ਼ :** ਸ੍ਰੀ ਗੁਰੂ ਨਾਨਕ ਸਾਹਿਬ ਦੇ ਸਾਥੀ ਭਾਈ ਮਰਦਾਨਾ ਦੀ ਕੁਲ ਵਿਚੋਂ 17ਵੀਂ ਪੀੜ੍ਹੀ ਦੇ ਭਾਈ ਮੁਹੰਮਦ ਹੁਸੈਨ, 18ਵੀਂ ਪੀੜ੍ਹੀ ਦੇ ਭਾਈ ਨਾਇਮ ਤਾਹਿਰ ਲਾਲ ਅਤੇ 19ਵੀਂ ਪੀੜ੍ਹੀ ਦੇ ਭਾਈ ਸਰਫ਼ਾਰਜ਼ ਨੇ ਕਿਹਾ ਹੈ ਕਿ ਦੁਨੀਆ ਭਰ ਦੇ ਸਿੱਖ ਸਾਨੂੰ ਬਹੁਤ ਪਿਆਰ ਤੇ ਮਾਣ ਦਿੰਦੇ ਹਨ। ਸਾਡੇ ਲਈ ਇਹ ਸਭ ਤੋਂ ਵੱਡੇ ਸਨਮਾਨ ਤੇ ਮਾਣ ਗੱਲ ਹੈ ਕਿ ਸਾਨੂੰ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਪ੍ਰਚਾਰਨ ਲਈ ਸਿੱਖ ਸੰਗਤਾਂ ਸਮੇਂ-ਸਮੇਂ ਉਤੇ ਦੇਸ਼ ਵਿਦੇਸ਼ਾਂ ਤਕ ਕੀਰਤਨ ਲਈ ਬੁਲਾਉਂਦੀਆ ਹਨ।



ਭਾਈ ਮੁਹੰਮਦ ਹੁਸੈਨ ਨੇ ਕਿਹਾ ਕਿ ਗੁਰੂ ਬਾਬੇ ਨਾਨਕ ਨੇ ਭਾਈ ਮਰਦਾਨੇ ਨੂੰ 21 ਕੁਲਾਂ ਤਾਰਨ ਦਾ ਵਰ ਦਿੱਤਾ ਸੀ, 19 ਪੀੜ੍ਹੀਆਂ ਹੋ ਗਈਆਂ, ਹੁਣ ਅਰਦਾਸ ਹੈ ਕਿ ਬਾਬਾ ਬਾਕੀ ਪੀੜ੍ਹੀਆਂ ਨੂੰ ਵੀ ਤਾਰ ਦੇਵੇ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵਿਚ ਖ਼ਾਹਿਸ਼ਾਂ ਬਹੁਤ ਹਨ ਪਰ ਜਦੋਂ ਸਿੱਖ ਪਿਆਰ ਦਿੰਦੇ ਹਨ ਤਾਂ ਸਾਰੀਆਂ ਖ਼ਾਹਿਸ਼ਾਂ ਮੁਕ ਜਾਂਦੀਆਂ ਹਨ।

ਉਨ੍ਹਾਂ ਕਿਹਾ ਕਿ ਸਾਂਈ ਮੀਆਂ ਮੀਰ ਦੇ ਵੰਸ਼ਜ ਸਾਂਈ ਚਨ ਪੀਰ ਕਾਦਰੀ ਜੀ ਦੇ ਪੁੱਤਰ ਸਾਂਈ ਅਲੀ ਰਜ਼ਾ ਕਾਦਰੀ ਸਾਨੂੰ ਅਪਣੇ ਨਾਲ ਕਈ ਵਾਰ ਸਮਾਗਮਾਂ 'ਤੇ ਲੈ ਜਾਂਦੇ ਹਨ। ਆਰਥਕ ਪੱਖੋਂ ਕਮਜ਼ੋਰ ਇਸ ਪਰਵਾਰ ਦੇ ਮੁਹੰਮਦ ਸਰਫ਼ਾਰਜ਼ ਨੇ ਕਿਹਾ ਕਿ ਅਸੀ ਕਦੀ ਕਿਸੇ ਕੋਲੋਂ ਕੁਝ ਨਹੀਂ ਮੰਗਿਆ ਪਰ ਸਾਡੀ ਇਹ ਖ਼ਾਹਿਸ਼ ਹੈ ਕਿ ਦੁਨੀਆ ਭਰ ਦੇ ਸਿੱਖ ਗੁਰੂ ਬਾਬੇ ਨਾਨਕ ਦਾ 550 ਸਾਲਾ ਜਨਮ ਦਿਹਾੜਾ ਨਨਕਾਣਾ ਸਾਹਿਬ ਆ ਕੇ ਮਨਾਉਣ।

# ਸਿੱਖ ਹੁਣ ਪਾਕਿ ਸਥਿਤ ਗੁਰਦੁਆਰਾ 'ਬਾਬੇ ਦੀ ਬੇਰ' ਦੇ ਦਰਸ਼ਨ ਵੀ ਕਰ ਸਕਣਗੇ

## ਲਹਿੰਦੇ ਪੰਜਾਬ ਦੇ ਗਵਰਨਰ ਵੱਲੋਂ ਸਿਫਾਰਿਸ਼

**ਲਾਹੌਰ/ਏਟੀ ਨਿਊਜ਼ :** ਲਹਿੰਦੇ ਪੰਜਾਬ ਦੇ ਸਿਆਲਕੋਟ ਵਿਚ ਸਥਿਤ 500 ਸਾਲ ਪੁਰਾਣੇ ਗੁਰਦੁਆਰੇ ਨੂੰ ਭਾਰਤੀ ਸਿੱਖਾਂ ਦੇ ਦਰਸ਼ਨਾਂ ਲਈ ਖੋਲ੍ਹ ਦਿੱਤਾ ਗਿਆ ਹੈ। ਇਸ ਤੋਂ ਪਹਿਲਾਂ ਗੁਰਦੁਆਰਾ ਬਾਬੇ ਦੀ ਬੇਰ ਵਿਖੇ ਭਾਰਤੀ ਸ਼ਰਧਾਲੂ ਨਹੀਂ ਸੀ ਜਾ ਸਕਦੇ।

ਇਤਿਹਾਸ ਦੇ ਝਰੋਖੇ ਵਿੱਚੋਂ ਨਜ਼ਰ ਮਾਰੀਏ ਤਾਂ 16ਵੀਂ ਸਦੀ ਵਿੱਚ ਜਦ ਗੁਰੂ ਨਾਨਕ ਦੇਵ ਕਸ਼ਮੀਰ ਤੋਂ ਸਿਆਲਕੋਟ ਆਏ ਸਨ ਤਾਂ ਇੱਥੇ ਲੱਗੀ ਬੇਰੀ ਹੇਠ ਰੁਕੇ ਸਨ। ਸਰਦਾਰ ਨੱਥਾ ਸਿੰਘ ਨੇ ਗੁਰੂ ਜੀ ਦੀ ਯਾਦ ਵਿੱਚ ਇਹ ਗੁਰਦੁਆਰਾ ਉਸਰਵਾਇਆ ਸੀ। ਹਰ ਸਾਲ ਪੰਜਾਬ, ਭਾਰਤ, ਯੂਰਪ, ਕੈਨੇਡਾ ਤੇ ਅਮਰੀਕਾ ਤੋਂ ਵੱਡੀ ਗਿਣਤੀ ਵਿੱਚ ਸ਼ਰਧਾਲੂ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਆਉਂਦੇ ਹਨ ਪਰ ਇਸ ਗੁਰਦੁਆਰੇ ਦੀ ਦਰਸ਼ਨ ਕਰਨ ਦੀ ਖੁੱਲ੍ਹ ਪਹਿਲਾਂ ਨਹੀਂ ਸੀ ਦਿੱਤੀ ਗਈ।

ਸਥਾਨਕ ਅਖ਼ਬਾਰ 'ਦ ਐਕਸਪ੍ਰੈਸ ਟ੍ਰਿਬਿਊਨ' ਦੀ ਖ਼ਬਰ ਮੁਤਾਬਕ ਪੰਜਾਬ ਦੇ ਗਵਰਨਰ ਮੁਹੰਮਦ ਸਰਵਰ ਨੇ ਲਾਹੌਰ ਤੋਂ 140 ਕਿਲੋਮੀਟਰ ਦੂਰ ਸਿਆਲਕੋਟ ਸ਼ਹਿਰ ਵਿੱਚ ਸਥਿਤ ਗੁਰਦੁਆਰਾ ਬਾਬੇ ਦੇ ਬੇਰ ਦੇ ਦਰਸ਼ਨਾਂ ਲਈ ਭਾਰਤੀ ਸ਼ਰਧਾਲੂਆਂ ਨੂੰ ਆਗਿਆ ਦੇਣ ਲਈ ਸੂਬੇ ਦੇ ਵਕਫ ਬੋਰਡ ਨੂੰ ਸਿਫਾਰਸ਼ ਕੀਤੀ ਹੈ। ਹਰ ਸਾਲ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਯਾਤਰੀ ਪਾਕਿਸਤਾਨ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਗੁਰੂ ਨਾਨਕ ਦੇਵ ਦੇ ਗੁਰਪੁਰਬ, ਵਿਸਾਖੀ ਤੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਆਉਂਦੇ ਹਨ।

# ਜਾਇਦਾਦ ਦੇ ਲਾਲਚ ਕਾਰਨ ਹੋਇਆ ਸੀ ਸਿੱਖ ਪਰਿਵਾਰ ਦਾ ਕਤਲ

**ਵੈਸਟ ਚੈਸਟਰ/ਏਟੀ ਨਿਊਜ਼ :** ਅਮਰੀਕਾ ਦੇ ਸ਼ਹਿਰ ਵੈਸਟ ਚੈਸਟਰ ਵਿਚ ਇਕ ਪੰਜਾਬੀ ਸਿੱਖ ਪਰਿਵਾਰ ਦੇ ਚਾਰ ਜੀਆਂ ਦੇ ਕਤਲ ਮਾਮਲੇ 'ਚ ਪੁਲਿਸ ਜਾਂਚ ਵਿਚ ਅਹਿਮ ਖ਼ੁਲਾਸਾ ਹੋਇਆ ਹੈ। ਪੁਲਿਸ ਨੇ ਗੁਰਪ੍ਰੀਤ ਸਿੰਘ (37 ਸਾਲ) ਨੂੰ ਆਪਣੀ ਪਤਨੀ, ਸੱਸ, ਸਹੁਰਾ ਅਤੇ ਪਤਨੀ ਦੀ ਮਾਸੀ ਨੂੰ ਕਤਲ ਕਰਨ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਹੈ।

ਦੱਸ ਦੇਈਏ ਕਿ ਬੀਤੇ ਮਹੀਨੇ ਸ਼ਲਿੰਦਰ ਕੌਰ (39 ਸਾਲ), ਪਿਤਾ ਹਰਕੀਰਤ ਸਿੰਘ ਪਨਾਗ (59 ਸਾਲ), ਮਾਤਾ ਪਰਮਜੀਤ ਕੌਰ (62 ਸਾਲ) ਅਤੇ ਮਾਸੀ ਅਮਰਜੀਤ ਕੌਰ (58 ਸਾਲ) ਦਾ ਉਹਨਾਂ ਦੇ ਘਰ ਅੰਦਰ ਹੀ ਕਤਲ ਕਰ ਦਿੱਤਾ ਗਿਆ ਸੀ। ਕਤਲ ਦੀ ਸਭ ਤੋਂ ਪਹਿਲੀ ਜਾਣਕਾਰੀ ਗੁਰਪ੍ਰੀਤ ਸਿੰਘ ਨੇ ਹੀ ਫੋਨ ਕਰਕੇ ਪੁਲਿਸ ਨੂੰ ਦਿੱਤੀ ਸੀ। ਮਾਮਲੇ ਦੀ ਜਾਂਚ ਕਰ ਰਹੇ ਪੁਲਿਸ ਅਫ਼ਸਰਾਂ ਨੇ ਗੁਰਪ੍ਰੀਤ ਦੀ ਗ੍ਰਿਫ਼ਤਾਰੀ ਦੀ ਜਾਣਕਾਰੀ ਮੀਡੀਆ ਨਾਲ ਸਾਂਝੀ ਕਰਦਿਆਂ ਇਸ ਨੂੰ ਇੱਕ ਵਹਿਸ਼ੀਆਨਾ ਜ਼ੁਲਮ ਦੱਸਿਆ ਤੇ ਕਿਹਾ ਕਿ ਗੁਰਪ੍ਰੀਤ ਨੂੰ ਇਸ ਲਈ ਮੌਤ ਦੀ ਸਜ਼ਾ ਹੋ ਸਕਦੀ ਹੈ।



ਤਸਵੀਰ ਵਿਚ ਖੱਬੇ ਤੋਂ ਸੱਜੇ; ਹਰਕੀਰਤ ਸਿੰਘ ਪਨਾਗ, ਪਰਮਜੀਤ ਕੌਰ ਅਤੇ ਅਮਰਜੀਤ ਕੌਰ

## ਕਿਉਂ ਕੀਤਾ ਕਤਲ ?

ਸ਼ਲਿੰਦਰ ਕੌਰ ਆਪਣੇ ਮਾਪਿਆਂ ਦੀ ਇਕਲੌਤੀ ਧੀ ਸੀ। ਸ਼ਲਿੰਦਰ ਕੌਰ ਦੇ ਮਾਪਿਆਂ ਦਾ ਪਿੰਡ ਪੰਜਾਬ ਦੇ ਫਤਹਿਗੜ੍ਹ ਸਾਹਿਬ ਜ਼ਿਲ੍ਹੇ ਵਿਚ ਮਹੱਦੀਆਂ ਹੈ। ਇਸ ਪਰਿਵਾਰ ਕੋਲ ਮਹੱਦੀਆਂ ਪਿੰਡ ਵਿਚ ਵੀ ਕਾਫੀ ਜ਼ਮੀਨ ਹੈ ਤੇ ਹੋਰ ਵੀ ਕਾਫੀ ਜ਼ਾਇਦਾਦ ਹੈ ਜਿਸ ਦੀ ਇਕਲੌਤੀ ਵਾਰਸ ਸ਼ਲਿੰਦਰ ਕੌਰ ਸੀ। ਦੋਸ਼ੀ ਗੁਰਪ੍ਰੀਤ ਸਿੰਘ ਦਾ ਪਿੰਡ ਮਾਨੂਪੁਰ ਗੋਸਲਾਂ, ਨਜ਼ਦੀਕ ਖੰਨਾ ਹੈ। ਅਮਰੀਕਾ ਰਹਿੰਦੀ ਸ਼ਲਿੰਦਰ ਕੌਰ ਨਾਲ ਵਿਆਹ ਤੋਂ ਬਾਅਦ ਗੁਰਪ੍ਰੀਤ ਸਿੰਘ ਅਮਰੀਕਾ ਗਿਆ ਸੀ। ਸ਼ਲਿੰਦਰ ਕੌਰ ਅਤੇ ਗੁਰਪ੍ਰੀਤ ਸਿੰਘ ਕੋਲ 11 ਅਤੇ 9 ਸਾਲ ਦੀਆਂ ਦੋ ਬੱਚੀਆਂ ਅਤੇ 5 ਸਾਲਾਂ ਦਾ ਇਕ ਪੁੱਤਰ ਹੈ। ਪਰਿਵਾਰਕ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਗੁਰਪ੍ਰੀਤ ਸਿੰਘ ਜਿੱਥੇ ਨਸ਼ੇ ਦਾ ਆਦੀ ਸੀ, ਉੱਥੇ ਹੀ ਉਸ ਦੇ ਕਿਸੇ ਹੋਰ ਔਰਤ ਨਾਲ ਨਜ਼ਾਇਜ਼ ਸਬੰਧ ਸਨ। ਇਹਨਾਂ ਨਜ਼ਾਇਜ਼ ਸਬੰਧਾਂ ਬਾਰੇ ਉਸਦੀ ਪਤਨੀ ਸ਼ਲਿੰਦਰ ਕੌਰ ਨੂੰ ਪਤਾ ਲੱਗ ਗਿਆ ਸੀ ਜਿਸ ਕਾਰਨ ਘਰ ਵਿਚ ਬਹੁਤ ਕਲੇਸ਼ ਰਹਿੰਦਾ ਸੀ। ਗੁਰਪ੍ਰੀਤ ਸਿੰਘ ਨੇ ਇਹਨਾਂ ਕਤਲਾਂ ਦੀ ਇਹ ਸਾਜਿਸ਼ ਜ਼ਾਇਦਾਦ ਆਪਣੇ ਕਬਜ਼ੇ ਵਿਚ ਕਰਨ ਅਤੇ ਆਪਣੇ ਨਜ਼ਾਇਜ਼ ਸਬੰਧਾਂ ਵਿੱਚ ਅੜਿੱਕਾ ਬਣ ਰਹੀ ਆਪਣੀ ਪਤਨੀ ਨੂੰ ਰਾਹ ਤੋਂ ਹਟਾਉਣ ਲਈ ਘੜੀ। ਪਰਿਵਾਰਕ ਸੂਤਰਾਂ ਤੋਂ ਮਿਲੀ ਜਾਣਕਾਰੀ ਮੁਤਾਬਿਕ ਗੁਰਪ੍ਰੀਤ ਸਿੰਘ ਦੇ ਚਾਚੇ ਕੁਲਦੀਪ ਸਿੰਘ ਸੇਖੋਂ ਨੇ ਮ੍ਰਿਤਕ ਹਰਕੀਰਤ ਸਿੰਘ ਪਨਾਗ ਦੀ ਫਤਹਿਗੜ੍ਹ ਸਾਹਿਬ-ਚੰਡੀਗੜ੍ਹ ਸੜਕ 'ਤੇ ਪੈਂਦੀ 22 ਕਿੱਲੇ ਜ਼ਮੀਨ ਉਤੇ ਬਿਆਨੇ 'ਤੇ ਕਬਜ਼ਾ ਕੀਤਾ ਹੋਇਆ ਹੈ, ਜਿਸ ਦਾ ਕੇਸ ਅਦਾਲਤ ਵਿਚ ਚੱਲ ਰਿਹਾ ਹੈ।


A-ONE EXPRESS

ਸਾਨੂੰ ਤਜ਼ਰਬੇਕਾਰ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ

- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨਾਰਥ-ਈਸਟ, ਸਾਊਥ-ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖ਼ਾਹ ਸਮੇਂ ਸਿਰ
- 50% ਹੁੱਕ ਡਰਾਪ
- ਨਵੇਂ 2015, 2016 ਅਤੇ 2017 ਮਾਡਲ ਦੇ ਟਰੱਕ ਚਲਾਓ, ਬਰੇਕ ਡਾਊਨ ਤੋਂ ਬਚੋ ਤੇ ਚੰਗੇ ਪੈਸੇ ਕਮਾਓ
- Excellent Payment
- Easy Aboard ELD Logbook



MC NO. # 464630

6120 Faith Home Rd Ceres, CA 95307

TAX ID #32-0065398

ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ

TOLL FREE 888.725.7441 OFFICE : 209.537.0975 FAX : 209.537.0375

## ਨਿੰਜਾ, ਗਗਨ ਕੋਕਰੀ, ਜੌਰਡਨ ਸੰਧੂ ਅਤੇ ਮੰਨਤ ਨੂਰ ਦੋ ਮਹੀਨੇ ਲਾਉਣਗੇ ਅਮਰੀਕਾ 'ਚ ਰੌਣਕਾਂ



**ਯੂਨੀਅਨ ਸਿਟੀ/ਏਟੀ ਨਿਊਜ਼ :** ਇੱਥੇ ਰਾਜਾ ਸਵੀਟਸ ਵਿਖੇ ਪੰਜਾਬ ਕਲਚਰਲ ਐਸੋਸੀਏਸ਼ਨ (ਪੀਸੀਏ) ਵਲੋਂ ਇਕ ਪ੍ਰੈੱਸ ਮਿਲਣੀ ਦਾ ਪ੍ਰਬੰਧ ਕੀਤਾ ਗਿਆ। ਇਸ ਵਿਚ ਅਗਲੇ ਦੋ ਮਹੀਨਿਆਂ 'ਚ ਅਮਰੀਕਾ 'ਚ ਹੋਣ ਵਾਲੇ ਸੰਗੀਤਕ ਪ੍ਰੋਗਰਾਮਾਂ ਦੀ ਰੂਪਰੇਖਾ ਦਾ ਐਲਾਨ ਕੀਦਾ ਗਿਆ। ਪੀਸੀਏ ਦੀ ਰੂਹੇ ਰਵਾਂ ਮਿੱਕੀ ਸਰਾਂ ਅਤੇ ਜਸ ਔਲਖ ਨੇ ਦੱਸਿਆ ਕਿ ਦਰਸ਼ਕਾਂ ਲਈ ਪੀਸੀਏ ਦਾ ਰਵਾਇਤੀ ਪੰਜਾਬੀ ਸੱਭਿਆਚਾਰ ਦੀ ਪ੍ਰਤੀਨਿਧਤਾ ਕਰਦਾ ਪੰਜਾਬੀ ਮੇਲਾ, ਪਿਛਲੇ ਸਾਲਾਂ ਦੀ ਤਰ੍ਹਾਂ ਇਸ ਵਾਰ ਵੀ ਬੜੀ ਸ਼ਾਨੋ ਸ਼ੌਕਤ ਨਾਲ ਬੇਏਰੀਆ 'ਚ ਅਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ 'ਪੰਜਾਬੀ ਮੇਲਾ 2019' ਦੇ ਬੈਨਰ ਹੇਠ ਪੰਜਾਬੀ ਦੇ ਨੌਜਵਾਨ ਗਾਇਕ ਨਿੰਜਾ, ਗਗਨ ਕੋਕਰੀ, ਮੰਨਤ ਨੂਰ ਅਤੇ ਜੌਰਡਨ ਸੰਧੂ ਆਪਣੀ ਗਾਇਨ ਕਲਾ ਰਾਹੀਂ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕਰਨਗੇ।

ਜ਼ਿਕਰਯੋਗ ਹੈ ਕਿ ਬਾਲੀਵੁੱਡ ਤੱਕ ਆਪਣੇ ਗੀਤ 'ਵੇ ਤੂੰ ਲੌਂਗ ਤੇ ਮੈਂ ਲਾਚੀ, ਤੇਰੇ ਪਿੱਛੇ ਹਾਂ ਗਵਾਚੀ' ਨਾਲ ਚਰਚਿਤ ਹੋਈ ਗਾਇਕਾ ਮੰਨਤ ਨੂਰ ਨੂੰ ਸੁਣਨ ਦੀ ਕਾਫੀ ਉਤਸੁਕਤਾ ਪਾਈ ਜਾ ਰਹੀ ਹੈ, ਜਦੋਂਕਿ ਗਾਇਕ ਨਿੰਜਾ, ਗਗਨ ਕੋਕਰੀ ਅਤੇ ਜੌਰਡਨ ਸੰਧੂ ਯੁਵਾ ਵਰਗ ਦੇ ਇਸ ਵੇਲੇ ਦੇ ਪਹਿਲੇ ਚੋਟੀ ਦੇ ਗਾਇਕਾਂ 'ਚ ਗਿਣੇ ਜਾ ਸਕਦੇ ਹਨ। ਮਿੱਕੀ ਸਰਾਂ ਨੇ ਦੱਸਿਆ ਕਿ ਜਲਦੀ ਹੀ ਪੂਰੇ ਅਮਰੀਕਾ 'ਚ ਹੋਣ ਵਾਲੇ ਸ਼ੋਆਂ ਦੀ ਰੂਪ ਰੇਖਾ ਅਤੇ ਤਾਰੀਖਾਂ ਦਾ ਐਲਾਨ ਕਰ ਦਿੱਤਾ ਜਾਵੇਗਾ। ਇਸ ਮੌਕੇ 'ਤੇ ਹਾਜ਼ਰ ਇਨ੍ਹਾਂ ਚਾਰਾਂ ਹੀ ਗਾਇਕਾਂ ਨੇ ਆਪਣੇ ਵਿਚਾਰਾਂ ਵਿਚ ਕਿਹਾ ਕਿ ਪਹਿਲੀ ਵਾਰ ਉਨ੍ਹਾਂ ਨੂੰ ਅਮਰੀਕਾ ਦੀ ਧਰਤੀ 'ਤੇ ਆਪਣੀ ਕਲਾ ਦਾ ਰੰਗ ਬਿਖੇਰਨ ਦਾ ਮੌਕਾ ਮਿਲ ਰਿਹਾ ਹੈ ਤੇ ਉਹ ਪੰਜਾਬੀਆਂ ਦੀ ਕਸੌਟੀ 'ਤੇ ਖਰਾ ਉਤਰਨ ਦੀ ਹਰ ਸੰਭਵ ਕੋਸ਼ਿਸ਼ ਕਨਰਗੇ। ਆਸ਼ਾ ਸ਼ਰਮਾ ਨੇ ਮੰਚ ਦਾ ਸੰਚਾਲਨ ਕਰਦਿਆਂ ਇਨ੍ਹਾਂ ਗਾਇਕ ਕਲਾਕਾਰਾਂ ਦੀ ਹੁਣ ਤੱਕ ਦੀ ਜ਼ਿਕਰਯੋਗ ਹਰਮਨ ਪਿਆਰਤਾ ਦਾ ਵਿਸਥਾਰ ਵੀ ਸਾਂਝਾ ਕੀਤਾ। ਇਸ ਮੌਕੇ 'ਤੇ ਬੇਏਰੀਆ ਦੀਆਂ ਉੱਘੀਆਂ ਸਖਸ਼ੀਅਤਾਂ, ਸੰਗੀਤ ਜਗਤ ਨੂੰ ਪ੍ਰਮੋਟ ਕਰਨ ਵਾਲੇ ਪ੍ਰੋਮੋਟਰ ਜੱਸੀ ਬੰਗਾ,'ਪੰਜਾਬੀ ਮੇਲਾ 2019' ਦੇ ਮੁੱਖ ਆਯੋਜਕ ਤੇ ਪ੍ਰੋਮੋਟਰ ਬਿੱਟੂ ਭੁੱਲਰ ਅਤੇ ਲਾਡੀ ਬਾਜਵਾ ਵੀ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਨ੍ਹਾਂ ਗਾਇਕਾਂ ਦੀ ਹਰਮਨਪਿਆਤਾ ਨੂੰ ਵੇਖਦਿਆਂ ਹੀ ਇਸ ਯੂਐੱਸਏ ਟੂਰ ਦਾ ਨਾਂ 'ਪੰਜਾਬੀ ਮੇਲਾ 2019' ਰੱਖਿਆ ਗਿਆ ਹੈ। ਪ੍ਰੋਗਰਾਮਾਂ ਸਬੰਧੀ ਹੋਣ ਜਾਣਕਾਰੀ ਲਈ ਮਿੱਕੀ ਸਰਾਂ ਨਾਲ ਫੋਨ ਨੰਬਰ 408-966-7019 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੇਏਰੀਆ ਸਪੋਰਟਸ ਕਲੱਬ ਨੇ ਮਨਾਇਆ ਰਾਜਾ ਸਵੀਟਸ ਦੇ ਮੱਖਣ ਬੈਂਸ ਦਾ ਜਨਮ ਦਿਨ



**ਯੂਨੀਅਨ ਸਿਟੀ/ਏਟੀ ਨਿਊਜ਼ :** ਕੈਲੀਫੋਰਨੀਆ 'ਚ ਹੀ ਨਹੀਂ ਸਗੋਂ ਉੱਤਰੀ ਅਮਰੀਕਾ ਵਿਚ ਆਪਣੀ ਨਿਵੇਕਲੀ ਸਖਸ਼ੀਅਤ, ਮਿੱਠੇ ਸੁਭਾਅ ਅਤੇ ਮਿਲਾਪੜੇ ਇਨਸਾਨ ਕਰਕੇ ਜਾਣੇ ਜਾਂਦੇ ਰਾਜਾ ਸਵੀਟਸ ਦੇ ਮੱਖਣ ਸਿੰਘ ਬੈਂਸ ਦਾ ਜਨਮ ਦਿਨ ਬੇਏਰੀਆ ਸਪੋਰਟਸ ਕਲੱਬ ਵਲੋਂ ਬੜੇ ਚਾਵਾਂ ਨਾਲ ਮਨਾਇਆ ਗਿਆ। ਇਸ ਪ੍ਰਭਾਵਸ਼ਾਲੀ ਤੇ ਯਾਦਗਾਰੀ ਸਮਾਗਮ ਦੇ ਮੁੱਖ ਮਹਿਮਾਨ ਹਲਕਾ ਬੰਗਾ ਤੋਂ ਵਿਧਾਇਕ ਡਾ. ਸੁਖਵਿੰਦਰ ਸੁੱਖੀ ਸਨ। ਇਸ ਮੌਕੇ 'ਤੇ ਬੋਲਦਿਆਂ ਵੱਖ ਵੱਖ ਸਖਸ਼ੀਅਤਾਂ ਨੇ ਕਿਹਾ ਕਿ ਮੱਖਣ ਬੈਂਸ ਨਾ ਸਿਰਫ ਇਕ ਸਫਲ ਕਾਰੋਬਾਰੀ ਹਨ ਸਗੋਂ ਬੇਏਰੀਆ ਦੇ ਪੰਜਾਬੀਆਂ ਦੀ ਇਕ ਤਰ੍ਹਾਂ ਨਾਲ ਰੂਹ ਮੰਨੇ ਜਾਂਦੇ ਹਨ। ਹੱਸ ਕੇ ਬੋਲਣਾ, ਹਰ ਕਿਸੇ ਦੇ ਕੰਮ ਆਉਣਾ ਤੇ ਪੰਜਾਬੀ ਭਾਈਚਾਰੇ ਦੀ ਹਰ ਸਰਗਰਮੀ ਵਿਚ ਯੋਗਦਾਨ ਪਾਉਣਾ, ਸ਼ਾਮਿਲ ਹੋਣਾ ਉਨ੍ਹਾਂ ਦਾ ਮੁੱਢਲਾ ਸੁਭਾਅ ਰਿਹਾ ਹੈ। ਯੂਨਾਈਟਡ ਸਪੋਰਟਸ ਕਲੱਬ ਦੇ ਮੁੱਖ ਸੰਚਾਲਕ ਅਮੋਲਕ ਸਿੰਘ ਗਾਖਲ ਨੇ ਕਿਹਾ ਕਿ ਮੱਖਣ ਸਿੰਘ ਬੈਂਸ ਉਨ੍ਹਾਂ ਦੇ ਛੋਟੇ ਭਰਾ ਹਨ ਜਿਨ੍ਹਾਂ ਨੂੰ ਮਿਲਣ ਦਾ ਹਰ ਵੇਲੇ ਚਾਅ ਚੜ੍ਹਿਆ ਰਹਿੰਦਾ ਹੈ। ਬੇਏਰੀਆ ਸਪੋਰਟਸ ਕਲੱਬ ਦੇ ਬਲਜੀਤ ਸੰਧੂ, ਚਰਨਜੀਤ ਸੰਧੂ ਅਤੇ ਸੁਰਜੀਤ ਸੰਧੂ ਨੇ ਕਿਹਾ ਕਿ ਮੱਖਣ ਬੈਂਸ ਸਪੋਰਟਸ ਕਲੱਬ ਲਈ ਅਹਿਮ ਭੂਮਿਕਾ ਹੀ ਨਹੀਂ ਨਿਭਾਉਂਦੇ ਸਗੋਂ ਉਹ ਕਲੱਬ ਦੀ ਇਕ ਸ਼ਾਨ ਹਨ ਅਤੇ ਉਨ੍ਹਾਂ ਨੂੰ ਮਾਣ ਹੈ ਕਿ ਮੱਖਣ ਬੈਂਸ ਉਨ੍ਹਾਂ ਦੇ ਨਾਲ ਹਨ। ਵਿਧਾਇਕ ਡਾ. ਸੁਖਵਿੰਦਰ ਸੁੱਖੀ ਨੇ ਆਪਣੇ ਵਿਚਾਰਾਂ 'ਚ ਕਿਹਾ ਕਿ ਕੁਝ ਲੋਕ ਐਸੀ ਸਖਸ਼ੀਅਤ ਦੇ ਮਾਲਕ ਹੁੰਦੇ ਹਨ, ਜਿਨ੍ਹਾਂ ਨੂੰ ਵਲ ਪਾ ਕੇ ਮਿਲਣ ਨੂੰ ਤਾਂ ਜੀ ਕਰਦਾ ਹੀ ਰਹਿੰਦਾ ਹੈ, ਸਗੋਂ ਮਾਣ ਵੀ ਹੁੰਦਾ ਹੈ। ਉਹ ਜਦੋਂ ਵੀ ਅਮਰੀਕਾ ਆਉਂਦੇ ਹਨ, ਕੁਝ ਸਮਾਂ ਸ. ਬੈਂਸ ਨਾਲ ਗੁਜ਼ਾਰ ਕੇ ਜਾਂਦੇ ਹਨ। ਐੱਸ.ਅਸ਼ੋਕ.ਭੌਰਾ ਨੇ ਕਿਹਾ ਕਿ ਮੱਖਣ ਬੈਂਸ ਸਾਹਿਤਕ ਅਤੇ ਖੇਡ ਰੁਚੀਆਂ ਦੇ ਮਾਲਕ ਹਨ ਅਤੇ ਉਨ੍ਹਾਂ ਨਾਲ ਸਾਂਝ ਰੱਖਣ 'ਤੇ ਹਰ ਪੰਜਾਬੀ ਨੂੰ ਫ਼ਖ਼ਰ ਹੈ। ਇੱਕੀ ਇੰਟਰਨੈਸ਼ਨਲ ਦਾ 'ਛਣਕਾਟਾ ਵੰਗਾਂ ਦਾ' ਸਫਲ 'ਤੇ ਚਰਚਿਤ ਪ੍ਰੋਗਰਾਮ ਵੀ ਮੱਖਣ ਬੈਂਸ ਦੀ ਬਦੌਲਤ ਆਪਣੀ ਵਿਸ਼ੇਸ਼ ਥਾਂ ਬਣਾ ਸਕਿਆ ਹੈ। ਧੰਨਵਾਦੀ ਸ਼ਬਦ ਬੋਲਦਿਆਂ ਮੱਖਣ ਸਿੰਘ ਬੈਂਸ ਨੇ ਕਿਹਾ ਕਿ ਅਮਰੀਕਾ 'ਚ ਹਰ ਬੰਦਾ ਕੁਝ ਕਰਕੇ ਰੋਟੀ ਖਾਂਦਾ ਹੈ। ਉਨ੍ਹਾਂ ਨੂੰ ਬਹੁਤ ਕੁਝ ਮਿਲਿਆ ਹੈ ਤਾਂ ਉਹ ਇਸ ਕਰਕੇ ਕਿ ਉਨ੍ਹਾਂ ਨੇ ਕਦੇ ਵੀ ਕਿਸੇ ਲਈ ਮੱਥੇ ਵੱਟ ਨਹੀਂ ਪਾਇਆ ਅਤੇ ਆਪਣੀ ਸਮਰੱਥਾ ਤੋਂ ਬਾਹਰ ਜਾ ਕੇ ਵੀ ਹਰ ਕਿਸੇ ਦੇ ਕੰਮ ਆਉਣ ਦਾ ਯਤਨ ਕੀਤਾ ਹੈ। ਯੂਨਾਈਟਡ ਸਪੋਰਟਸ ਕਲੱਬ ਦਾ ਚੇਅਰਮੈਨ ਹੋਣਾ ਵੀ ਉਨ੍ਹਾਂ ਦੀ ਇਕ ਪ੍ਰਾਪਤੀ ਹੈ। ਬੇਏਰੀਆ ਸਪੋਰਟਸ ਕਲੱਬ ਵਲੋਂ ਕੇਕ ਕੱਟ ਕੇ ਮੱਖਣ ਬੈਂਸ ਦੇ ਜਨਮ ਦਿਨ ਦੀ ਖੁਸ਼ੀ ਨੂੰ ਸਾਰਿਆਂ ਨਾਲ ਸਾਂਝਾ ਕੀਤਾ ਗਿਆ। ਇਸ ਮੌਕੇ 'ਤੇ ਰਾਜਾ ਸਵੀਟਸ ਦੇ ਹੀ ਗਿਆਨੀ ਰਵਿੰਦਰ ਸਿੰਘ, ਸੁੱਚਾ ਰਾਮ ਭਾਰਟਾ, ਰਾਜ ਭਨੋਟ, ਜੱਸੀ ਢੰਡਵਾੜ, ਕੁਲਦੀਪ ਢੰਡਵਾੜ, ਨਾਮੀ ਕਬੱਡੀ ਖਿਡਾਰੀ ਤੀਰਥ ਗਾਖਲ, ਸੁਖਜੀਤ ਸਿੰਘ ਸੰਧੂ, ਡਾ. ਭਾਰਟਾ, ਸੁਰਜੀਤ ਸਿੰਘ ਸੰਧੂ, ਬਲਜੀਤ ਸਿੰਘ ਸੰਧੂ, ਚਰਨਜੀਤ ਸਿੰਘ ਸੰਧੂ, ਪਿਆਰਾ ਸਿੰਘ ਢੰਡਵਾੜ ਤੇ ਹੋਰ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ।

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)


ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035


Corporate Office
4127 Bay Street, Suite 8
Fremont, CA 94538
Email: asrtimes@gmail.com
Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਗੁਟਕਾ ਸਾਹਿਬ ਦੀ ਬੇਅਦਬੀ ਬਦਲਾ ਲੈਣ ਲਈ ਕੀਤੀ

### ਪੁਲਿਸ ਨੇ ਆਪਣੀ ਰਿਪੋਰਟ 'ਚ ਕੀਤਾ ਖੁਲਾਸਾ



**ਖੰਨਾ/ਏਟੀ ਨਿਊਜ਼ :** ਪਿੰਡ ਢੀਂਡਸਾ ਵਿਚ ਪਿਛਲੇ ਦਿਨੀਂ ਪਸ਼ੂਆਂ ਵਾਲੇ ਵਾੜੇ ਦੇ ਅੰਦਰ ਤੇ ਬਾਹਰ ਸੜਕ 'ਤੇ ਗੁਟਕਾ ਸਾਹਿਬ ਦੇ ਅੰਗ ਪਾੜ ਕੇ ਬੇਅਦਬੀ ਕੀਤੀ ਗਈ ਸੀ। ਇਸ ਮਾਮਲੇ ਦੇ ਦੋਸ਼ੀ ਸ਼ਿੰਗਾਰਾ (52) ਨੂੰ ਖੰਨਾ ਪੁਲਿਸ ਨੇ ਬੀਤੇ ਦਿਨੀਂ ਕਾਬੂ ਕਰ ਲਿਆ ਹੈ। ਐਸਪੀ ਜਸਵੀਰ ਸਿੰਘ ਨੇ ਦੱਸਿਆ ਕਿ ਬੇਅਦਬੀ ਕਰਨ ਵਾਲੇ ਮੁਲਜ਼ਮ ਨੇ ਨਿੱਜੀ ਰੰਜ਼ਿਸ਼ ਕਰਕੇ ਇਹ ਹਰਕਤ ਕੀਤੀ।

ਪਿਛਲੇ ਦਿਨੀਂ ਪਿੰਡ ਢੀਂਡਸਾ ਤਹਿਸੀਲ ਸਮਰਾਲਾ ਵਿੱਚ ਸਤਿੰਦਰਪਾਲ ਸਿੰਘ ਦੇ ਪਸ਼ੂਆਂ ਵਾਲੇ ਮਕਾਨ ਦੇ ਅੰਦਰ ਤੇ ਬਾਹਰ ਸੜਕ 'ਤੇ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਮਿਲੇ। ਇਸ ਸਬੰਧੀ ਥਾਣਾ ਸਮਰਾਲਾ ਵਿੱਚ ਅਣਪਛਾਤੇ ਵਿਅਕਤੀ ਖ਼ਿਲਾਫ ਮਾਮਲਾ ਦਰਜ ਕੀਤਾ ਗਿਆ ਸੀ। ਦਰਅਸਲ ਸ਼ਿੰਗਾਰਾ ਕਾਫੀ ਅੜੀਅਲ ਕਸਮ ਦਾ ਵਿਅਕਤੀ ਹੈ, ਜੋ ਅਕਸਰ ਹੀ ਆਪਣਾ ਟਰੱਕ ਰਸਤੇ ਵਿੱਚ ਖੜ੍ਹਾ ਕਰਕੇ ਆਉਂਦੇ-ਜਾਂਦੇ ਹਰ ਵਿਅਕਤੀ ਨੂੰ ਤੰਗ-ਪ੍ਰੇਸ਼ਾਨ ਕਰਦਾ ਰਹਿੰਦਾ ਹੈ। ਇਸ ਨੂੰ ਪਹਿਲਾਂ ਸਤਿੰਦਰਪਾਲ ਸਿੰਘ ਨੇ ਸਮਝਾਉਣ ਦੀ ਕਾਫੀ ਕੋਸ਼ਿਸ਼ ਕੀਤੀ ਕਿ ਉਹ ਪਿੰਡ ਵਾਸੀਆਂ ਨਾਲ ਇਹੋ ਜਿਹਾ ਵਤੀਰਾ ਨਾ ਕਰਿਆ ਕਰੇ ਪਰ ਉਸ ਨੇ ਇਸ ਗੱਲ ਦਾ ਬੁਰਾ ਮਨਾਇਆ। ਉਸ ਨੇ ਸਾਜ਼ਿਸ਼ ਤਹਿਤ ਘੱਲੂਘਾਰਾ ਹਫਤੇ ਦੌਰਾਨ ਗੁਟਕਾ ਸਾਹਿਬ ਜੀ ਦੇ ਅੰਗ ਪਾੜ ਕੇ ਸਤਿੰਦਰਪਾਲ ਦੇ ਪਸ਼ੂਆਂ ਵਾਲੇ ਵਾੜੇ ਤੇ ਬਾਹਰ ਸੁੱਟ ਦਿੱਤੇ ਜਾਣ ਤਾਂ ਜੋ ਸਾਰੀਆਂ ਸਿੱਖ ਜੱਥੇਬੰਦੀਆਂ ਸਤਵਿੰਦਰ ਸਿੰਘ ਤੇ ਇਸ ਦੇ ਪਰਿਵਾਰ ਖਿਲ਼ਾਫ ਹੋ ਜਾਣ ਤੇ ਇਸ ਦੇ ਵਿਰੁੱਧ ਮੁਕੱਦਮਾ ਦਰਜ ਹੋ ਜਾਵੇ। ਪੁਲਿਸ ਮੁਤਾਬਕ ਇਸੇ ਕਰਕੇ ਉਕਤ ਮੁਲਜ਼ਮ ਸ਼ਿੰਗਾਰਾ ਨੇ ਬਰੇਲੀ ਗੁਰਦੁਆਰਾ ਸਾਹਿਬ ਨੇੜੇ ਰੇਲਵੇ ਫਾਟਕ ਪਾਸ ਦੁਕਾਨਾਂ ਤੋਂ ਗੁਟਕਾ ਖਰੀਦਿਆ ਤੇ ਮਿਤੀ 2 ਜੂਨ 19 ਨੂੰ ਤੜਕੇ ਕਰੀਬ 3 ਵਜੇ ਉਸ ਦੇ ਅੰਗ ਪਾੜ ਕੇ ਸਤਿੰਦਰਪਾਲ ਸਿੰਘ ਦੇ ਪਸ਼ੂਆਂ ਵਾਲੇ ਵਾੜੇ ਦੇ ਅੰਦਰ ਤੇ ਬਾਹਰ ਸੁੱਟ ਦਿੱਤੇ ਤੇ ਆਪ ਟਰੱਕ ਲੈ ਕੇ ਬਾਹਰਲੀ ਸਟੇਟ ਨੂੰ ਚਲਾ ਗਿਆ। ਪੁਲਿਸ ਨੇ ਪਿੰਡ ਢੀਂਡਸਾ ਵਿੱਚ ਉਸ ਦੀ ਮੋਟਰ ਤੋਂ ਉਸ ਨੂੰ ਗ੍ਰਿਫ਼ਤਾਰ ਕੀਤਾ।

# ਮਹਿੰਦਰਪਾਲ ਬਿੱਟੂ ਸੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਦਾ ਫੀਲਾ

### *ਬਿੱਟੂ ਦੀ ਹੱਤਿਆ ਤੋਂ ਬਾਅਦ ਸਰਕਾਰ ਇਨਸਾਫ਼ 'ਤੇ ਪਹਿਰਾ ਦੇਵੇ*

**ਰਜਿੰਦਰ ਸਿੰਘ**



ਨਾਭਾ ਜੇਲ੍ਹ 'ਚ ਬਿੱਟੂ ਹੱਤਿਆ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਅਦਾਲਤ ਵਿਚ ਪੇਸ਼ ਕਰਨ ਲਈ ਲਿਜਾਂਦੇ ਹੋਏ ਪੁਲਿਸ ਅਧਿਕਾਰੀ।

ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਕੇਸ ਦੇ ਮੁੱਖ ਮੁਲਜ਼ਮ ਮਹਿੰਦਰਪਾਲ ਬਿੱਟੂ ਦੇ ਨਾਭਾ ਜੇਲ੍ਹ ਵਿਚ ਹੋਇਆਂ ਕਤਲ ਸਿਰਫ਼ ਜੇਲ੍ਹ ਪ੍ਰਬੰਧ ਤੇ ਸੁਰੱਖਿਆ ਅਤੇ ਸੂਬੇ ਵਿਚ ਕਾਨੂੰਨ ਵਿਵਸਥਾ ਨਾਲ ਜੁੜਿਆ ਮੱਸਲਾ ਨਹੀਂ ਹੈ, ਬਲਕਿ ਸਿੱਖਾਂ ਨਾਲ ਕੀਤੀ ਬੇਇਨਸਾਫ਼ੀ ਦਾ ਵਧ ਮਾਮਲਾ ਹੈ। ਪੰਜਾਬ ਵਿਚ ਸਿੱਖ ਭਾਵੇਂ ਬਹੁਗਿਣਤੀ ਵਿਚ ਰਹਿੰਦੇ ਹਨ, ਪਰ ਉਹਨਾਂ ਦੀ ਸੁਣਵਾਈ ਨਹੀਂ ਹੈ। ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਨੂੰ ਵਾਪਰੇ ਕਾਫੀ ਸਮਾਂ ਹੋ ਗਿਆ ਹੈ, ਪਰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਤੇ ਨਾ ਹੀ ਕੋਟਕਪੂਰਾ ਅਤੇ ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀ ਪੁਲੀਸ ਅਫ਼ਸਰਾਂ ਨੂੰ ਸਜ਼ਾਵਾਂ ਹੋਈਆਂ ਹਨ। ਕੇਸ ਏਨੇ ਢਿੱਲੇ ਬਣਾਏ ਗਏ ਹਨ ਕਿ ਸਭ ਦੀਆਂ ਜ਼ਮਾਨਤਾਂ ਹੋ ਰਹੀਆਂ ਹਨ। ਇਸ ਸਾਰੀ ਕਾਰਵਾਈ ਤੋਂ ਜਾਪਦਾ ਹੈ ਕਿ ਸਰਕਾਰ ਇਨਸਾਫ਼ ਕਰਨ ਲਈ ਤਿਆਰ ਨਹੀਂ, ਉਹ ਸਿਆਸਤ ਖੇਡ ਰਹੀ ਹੈ। ਇਹ ਸਿਆਸਤ ਲੋਕ ਪੱਖੀ ਨਹੀਂ ਹੈ, ਬਲਕਿ ਕੁਰਸੀ ਨੂੰ ਕਾਇਮ ਰੱਖਣ ਲਈ ਹੈ। ਇਸ ਵਿਚੋਂ ਫਿਰਕੂ ਤੇ ਡੇਰਾਵਾਦੀ ਰੰਗ ਵੀ ਝਲਕਦਾ ਹੈ। ਇਹ ਸਿਆਸਤ ਭ੍ਰਿਸ਼ਟ ਹੈ, ਬੇਇਨਸਾਫ਼ੀ ਨੂੰ ਜਨਮ ਦਿੰਦੀ ਹੈ ਤੇ ਅਮਨ ਕਾਨੂੰਨ ਦੀ ਸਥਿਤੀ ਪੈਦਾ ਕਰਦੀ ਹੈ। ਜੇ ਅਮਨ ਕਾਨੂੰਨ ਦੀ ਸਥਿਤੀ ਪੈਦਾ ਹੁੰਦੀ ਹੈ ਤਾਂ ਉਸ ਵਿਚ ਪੀੜਤ ਧਿਰ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ। ਕੈਪਟਨ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਬਹੁਤ ਦਮਗੱਜੇ ਮਾਰੇ ਸਨ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਜਿੰਮੇਵਾਰਾਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ। ਪਰ ਕੁਝ ਨਹੀਂ ਹੋਇਆ। ਮਹਿੰਦਰਪਾਲ ਬਿੱਟੂ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਦਾ ਫੀਲਾ ਹੈ। ਇਹ ਗੱਲ ਸਿੱਧ ਹੋ ਚੁੱਕੀ ਹੈ ਕਿ ਇਹ ਸਿਰਸਾ ਵਾਲੇ ਡੇਰੇ ਦੀ ਕਿਤੇ ਨਾ ਕਿਤੇ ਘੁੰਡੀ ਹੈ। ਸਿਰਸੇ ਵਾਲਾ ਡੇਰਾ ਬਲਾਤਕਾਰ ਦੇ ਦੋਸ਼ਾਂ ਕਾਰਨ ਹਰਿਆਣੇ ਦੀ ਜੇਲ੍ਹ ਵਿਚ ਬੰਦ ਹੈ। ਪੰਜਾਬ ਦੀ ਸਿੱਟ ਨੇ ਇਸ ਬਾਰੇ ਡੇਰਾ ਮੁਖੀ ਦੀ ਪੜਤਾਲ ਕਰਨ ਦੀ ਕੋਸ਼ਿਸ਼ ਕੀਤੀ ਪਰ ਹਰਿਆਣਾ ਸਰਕਾਰ ਨੇ ਅੜਿੱਕਾ ਡਾਹਿਆ। ਇਸ ਦਾ ਸਾਫ਼ ਮਤਲਬ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਾਜ਼ਿਸ਼ ਵਿਚ ਸੱਤਾਧਾਰੀ ਲੋਕ ਭਾਈਵਾਲ ਹਨ। ਸੱਤਾਧਾਰੀਆਂ ਨੇ ਸਿਰਸੇ ਡੇਰੇ ਨੂੰ ਵਰਤਿਆ ਹੈ ਤਾਂ ਜੋ ਪੰਜਾਬ ਵਿਚ ਹਿੰਦੂ-ਸਿੱਖਾਂ ਦੇ ਦੰਗੇ ਕਰਵਾਏ ਜਾਣ ਤੇ ਡੇਰਾ ਪ੍ਰੇਮੀਆਂ ਨਾਲ ਭੇੜ ਪੁਆ ਕੇ ਪੰਜਾਬ ਵਿਚ ਅਮਨ ਕਾਨੂੰਨ ਦੀ ਸਥਿਤੀ ਭੰਗ ਕੀਤੀ ਜਾਵੇ। ਗੁਰੂ ਗ੍ਰੰਥ ਸਾਹਿਬ ਸਰਬੱਤ ਦੇ ਭਲੇ ਦਾ ਸੋਮਾ ਹਨ। ਉਹਨਾਂ ਦਾ ਅਪਮਾਨ ਉਹੀ ਕਰ ਸਕਦਾ ਹੈ, ਜੋ ਨਫ਼ਰਤ ਤੇ ਫਾਸ਼ੀਵਾਦੀ ਬਿਰਤੀ ਨਾਲ ਭਰਿਆ ਹੋਵੇ। ਇਹ ਤਾਕਤਾਂ ਫਾਸ਼ੀਵਾਦੀ ਅਤੇ ਫਿਰਕੂਵਾਦ ਦੀ ਖੇਡ ਖੇਡ ਕੇ ਆਪਣੀ ਆਪਣੀ ਸਿਆਸਤ ਚਮਕਾਉਂਦੀਆਂ ਹਨ। ਅਜਿਹੀ ਸੋਚ ਬਹੁਤੀ ਦੇਰ ਤੱਕ ਨਹੀਂ ਚਲ ਸਕਦੀ। ਜੇਕਰ ਇਕ ਬਲਾਤਕਾਰੀ, ਕਾਤਲ ਤੇ ਸਟੇਟ ਵਿਰੁਧ ਬਗਾਵਤ ਕਰਨ ਵਾਲੇ ਸਾਧ ਨਾਲ ਸਰਕਾਰੀ ਹਮਦਰਦੀ ਕੀਤੀ ਜਾ ਰਹੀ ਹੈ ਤਾਂ ਸਾਨੂੰ ਅਰਥ ਸਮਝ ਲੈਣੇ ਚਾਹੀਦੇ ਹਨ ਕਿ ਸੰਵਿਧਾਨ ਤੇ ਜਮਹੂਰੀਅਤ ਦਾ ਕਤਲ ਕੀਤਾ ਜਾ ਰਿਹਾ ਹੈ। ਇਹ ਕਤਲ ਕਿਸ ਨੇ ਕੀਤਾ ਇਸ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਜੇਲ੍ਹ ਵਿਚ ਅਜੀਤ ਸਿੰਘ ਪੂਹਲੇ ਦਾ ਕਤਲ ਅਤੇ ਪੁਲੀਸ ਅਫ਼ਸਰ ਅਜੀਤ ਸਿੰਘ ਸੰਧੂ ਉੱਤੇ ਹੋਇਆ ਹਮਲਾ ਵਿਚਾਰ ਲੈਣਾ ਚਾਹੀਦਾ ਹੈ। ਇਹ ਹਮਲਾ ਜਜ਼ਬਾਤੀ ਹਮਲਾ ਹੈ, ਕੋਈ ਸਾਜ਼ਿਸ਼ੀ ਹਮਲਾ ਨਹੀਂ। ਸਾਡੀ ਦਲੀਲ ਇਹ

ਬਾਕੀ ਸਫ਼ਾ 28 'ਤੇ

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦਾ ਵਫਦ ਯੂਨਾਈਟਿਡ ਨੇਸ਼ਨ ਦੀ ਗੈਰ-ਸਰਕਾਰੀ ਮਨੁੱਖੀ ਅਧਿਕਾਰ ਸੰਸਥਾ ਨੂੰ ਮਿਲਿਆ

### ਭਾਰਤ 'ਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਮੁੱਦਾ ਉਠਾਇਆ

**ਨਿਊਯਾਰਕ/ਮੱਖਣ ਸਿੰਘ ਕਲੇਰ :**

ਯੂਨਾਈਟਿਡ ਨੇਸ਼ਨ ਦੇ ਮਨੁੱਖੀ ਅਧਿਕਾਰ ਹਾਈ ਕਮਿਸ਼ਨਰ ਨਿਊਯਾਰਕ ਦਫਤਰ ਵਲੋਂ ਸੱਦਾ ਪੱਤਰ ਮਿਲਣ ਉਪਰੰਤ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦਾ ਤਿੰਨ ਮੈਂਬਰੀ ਵਫਦ, 26 ਜੂਨ 2019 ਬੁੱਧਵਾਰ ਨੂੰ ਪਾਰਟੀ ਪ੍ਰਧਾਨ ਸ. ਸੁਰਜੀਤ ਸਿੰਘ ਕੁਲਾਰ, ਨਿਊਜਰਸੀ ਸਟੇਟ ਦੇ ਪ੍ਰਧਾਨ ਸ. ਜੋਗਾ ਸਿੰਘ ਤੇ ਸ. ਭੁਪਿੰਦਰ ਸਿੰਘ ਦੀ ਅਗਵਾਈ 'ਚ ਮਿਲਿਆ। ਇਨ੍ਹਾਂ ਵਲੋਂ (ਮਨੁੱਖੀ ਅਧਿਕਾਰ ਸਬੰਧੀ ਸੰਸਥਾ ਅਤੇ ਗੈਰ ਸਰਕਾਰੀ) ਮੀਟਿੰਗ ਵਿਚ ਹਿੱਸਾ ਲਿਆ ਗਿਆ ਜੋ ਕਿ ਯੂਐਨਓ ਦੇ ਹੈਡ ਕੁਆਰਟਰ ਨਿਊਯਾਰਕ ਵਿਖੇ ਹੋਈ। ਵਫਦ ਵਲੋਂ ਸ਼ੁਰੂਆਤ ਵਿਚ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਮਿਸ਼ਨ ਦੀ ਗੱਲ ਕੀਤੀ ਤੇ ਦੱਸਿਆ ਕਿ ਪਾਰਟੀ ਪ੍ਰਧਾਨ ਸ. ਸਿਮਰਨਜੀਤ ਸਿੰਘ ਮਾਨ ਵਲੋਂ



ਲਗਾਤਾਰ ਘੱਟ ਗਿਣਤੀਆਂ 'ਤੇ ਹੋ ਰਹੇ ਅੱਤਿਆਚਾਰਾਂ ਪ੍ਰਤੀ ਅਵਾਜ਼ ਉਠਾਈ ਜਾਂਦੀ ਰਹੀ ਹੈ। ਇਸ ਤੋਂ ਇਲਾਵਾ ਵੱਖਰੇ ਨੇਸ਼ਨ ਖਾਲਿਸਤਾਨ ਪ੍ਰਤੀ ਲੰਬੇ ਸਮੇਂ ਤੋਂ ਜੱਦੋ ਜਹਿਦ ਅਤੇ ਲੋਕਤੰਤਰੀ ਢੰਗ ਨਾਲ ਸ਼ੰਘਰਸ਼ ਕਰ ਰਹੇ ਹਨ। ਵਫਦ ਵਲੋਂ ਮੀਟਿੱਗ ਵਿਚ ਦੱਸਿਆ ਗਿਆ ਕਿ ਕਿਵੇਂ ਭਾਰਤ ਵਿਚ ਨਿਰੰਤਰ ਸਿੱਖਾਂ ਤੇ ਹੋਰ ਘੱਟ ਗਿਣਤੀਆਂ ਦੇ ਮਨੁੱਖੀ ਅਧਿਕਾਰਾਂ ਦਾ ਲਗਾਤਾਰ ਘਾਣ ਜਾਰੀ ਹੈ। ਵਫਦ ਵਲੋਂ ਸੂਬਾ ਪੱਧਰੀ ਸਿਆਸੀ ਪਾਰਟੀਆਂ ਵਲੋਂ ਨਿਭਾਏ ਰੋਲ 'ਤੇ ਵੀ ਜ਼ੋਰ ਦਿੱਤਾ ਗਿਆ ਕਿ ਕਿਵੇਂ ਲੋਕਤੰਤਰੀ ਤਾਣੇ ਬਾਣੇ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਵਫਦ ਵਲੋਂ ਗੈਰ-ਕਾਨੂੰਨੀ ਹਿਰਾਸਤ, ਤਸ਼ੱਦਦ, ਹਿਰਾਸਤੀ ਮੌਤਾਂ ਦਾ ਵੀ ਮੁੱਦਾ ਉਛਾਲਿਆ ਗਿਆ ਤੇ ਖਾਸ ਕਰਕੇ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ (ਜੱਗੀ) ਜੌਹਲ ਦਾ ਹਵਾਲਾ ਦਿੱਤਾ ਗਿਆ। ਇੱਥੋਂ ਤਕ ਕਿ ਯੂਐਨਓ ਦੀ ਦਖਲ-ਅੰਦਾਜੀ ਤੋਂ ਬਾਅਦ ਵੀ ਭਾਰਤ ਸਰਕਾਰ ਆਪਣੀ ਜਿੰਮੇਵਾਰੀ ਅਤੇ ਪਾਰਦਰਸ਼ਤਾ ਕਾਇਮ ਰੱਖਣ ਵਿਚ ਨਕਾਮ ਰਹੀ ਹੈ। ਵਫਦ ਵਲੋਂ ਭਾਰਤ ਸਰਕਾਰ ਵੱਲੋਂ ਹੋਰਨਾਂ ਸੂਬਿਆਂ ਵਿਚ ਮਨੁੱਖੀ ਅਧਿਕਾਰਾਂ ਦੀ ਘੋਰ ਉਲੰਘਣਾ ਤੇ ਚਾਨਣਾ ਪਾਇਆ ਗਿਆ ਕਿ ਕਿਵੇਂ ਘੱਟ ਗਿਣਤੀ ਗੈਰ-ਹਿੰਦੂਆਂ ਨੂੰ ਜਬਰੀ ਹਿੰਦੂ ਬਣਾ ਕੇ ਹਿੰਦੂ ਰਾਸ਼ਟਰ ਬਣਾਉਣ ਦੀ ਕਵਾਇਦ ਜਾਰੀ ਹੈ। ਭਾਰਤ ਸਰਕਾਰ ਲਗਾਤਾਰ ਅੰਤਰਰਾਸ਼ਟਰੀ ਭਾਈਚਾਰੇ ਨੂੰ ਇਸ ਦੀ ਜਾਂਚ ਕਰਨ ਤੋਂ ਰੋਕਣ ਲਈ ਯਤਨ ਕਰ ਰਹੀ ਹੈ, ਜਿਹਨਾਂ 'ਚ ਐਮਨਨੈਸਟੀ ਇੰਟਰਨੈਸ਼ਨਲ, ਹਿਊਮਨ ਰਾਈਟਸ ਵਾਚ, ਯੂਐਸ ਅੰਤਰਰਾਸ਼ਟਰੀ ਕਮਿਸ਼ਨ ਫਾਰ ਰਿਲੀਜ਼ਸ ਫਰੀਡਮ ਆਦਿ ਅਦਾਰਿਆਂ ਦੇ ਮੈਂਬਰਾਂ ਨੂੰ ਵੀ ਭਾਰਤ ਸਰਕਾਰ ਵਲੋਂ ਵੀਜ਼ਾ ਨਹੀਂ ਦਿੱਤਾ ਗਿਆ ਸੀ। ਇਸ ਤਰ੍ਹਾਂ ਵਫਦ ਵਲੋਂ ਮਨੁੱਖੀ ਅਧਿਕਾਰਾਂ ਦੀ ਜਾਂਚ ਦਾ ਮੁੱਦਾ ਜ਼ੋਰ ਨਾਲ ਉਠਾਇਆ ਗਿਆ। ਵਫਦ ਵਲੋਂ ਬੇਨਤੀ ਕੀਤੀ ਗਈ ਕਿ ਯੂਐਨਓ ਮਨੁੱਖੀ ਅਧਿਕਾਰਾਂ ਦੀ ਉਲੰਘਣਾ 'ਤੇ ਭਾਰਤ 'ਚ ਰਾਜ ਕਰਦੀ ਪਾਰਟੀ ਦੀ ਜਿੰਮੇਵਾਰੀ ਅਤੇ ਪਾਰਦਰਸ਼ਤਾ ਤੈਅ ਕਰੇ ਜੋ ਕਿ ਯੂਐਨਓ ਸੰਧੀ ਸੰਸਥਾ ਦੇ 2020 ਇਜਲਾਸ ਵਿਚ ਪੇਸ਼ ਕੀਤੀ ਜਾਵੇ।


When tired of all treatments for any disease at any age Try

HOMEOPATHIC

Experienced Consultant Physician since 1973

American Red Cross



ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ

We sell homeopathic medicines

ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ, ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ

7021 Village Parkway Dublin CA 94568

GURDIP SINGH SANDHU

DHMS-Gold Medalist, BAMS, MDEH. - INDIA

Ex Principal, Prof., Chief Medical Officer, Ex Member NCH and CA Homeomedical Society Working under act SB 577 state of CA

Office: 408.729.6691

Cell: 408.687.1899

email: homeomedicine@yahoo.com

www.homeopathyatoz.com

ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170 'Jus Punjabi TV' & Face Book Every Saturday 09:00 AM, Live on 'Jus Punjabi TV' Sunday 4:00 A.M.



BSons Travel & Tax Services, Inc.

* All Airlines * International And Domestic
* Wholesale Fares Around the World

We Will Beat or Match any Fare!



Office Hours
Mon-Fri
9am-6pm
Saturday
9am-5pm

CST. REG #2092042-40

We Also Have Special Vacation Packages

President : Avtar Singh

Contact any time from anywhere

Tel 707.302.0512, 916.340.8100 • Fax 707.425.4260

Email: bsonstravel@yahoo.com

1652 West Texas St. Suite 139, Fairfield, CA 94533

4200 North Boulevard Street No. 1B, Sacramento, CA, 95834

# ਸ਼ੇਰ-ਏ-ਪੰਜਾਬ ਦੀ 180ਵੀਂ ਬਰਸੀ ਲਾਹੌਰ ਵਿਚ ਮਨਾਈ ਗਈ

## *ਸ਼੍ਰੋਮਣੀ ਕਮੇਟੀ ਨੂੰ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿ ਵਿਚ ਸੈਮੀਨਾਰ ਕਰਨ ਦੀ ਮਿਲੀ ਮਨਜ਼ੂਰੀ*

**ਅੰਮ੍ਰਿਤਸਰ/ਏਟੀ ਨਿਊਜ਼ :** ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ 180ਵੀਂ ਬਰਸੀ ਲਾਹੌਰ ਵਿਖੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਵਲੋਂ ਸਾਂਝੇ ਤੌਰ 'ਤੇ ਮਨਾਈ ਗਈ। ਗੁਰਦੁਆਰਾ ਡੇਹਰਾ ਸਾਹਿਬ ਦੇ ਨਾਲ ਸਥਾਪਤ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਵਿਖੇ ਇਸ ਮੌਕੇ ਕਰਵਾਏ ਗਏ ਸਮਾਗਮ ਵਿਚ ਲਹਿੰਦੇ ਪੰਜਾਬ ਦੇ ਗਵਰਨਰ ਤੇ ਧਾਰਮਿਕ ਸੈਰ-ਸਪਾਟਾ ਤੇ ਵਿਰਾਸਤੀ ਕਮੇਟੀ ਦੇ ਪ੍ਰਮੁੱਖ ਚੌਧਰੀ ਮੁਹੰਮਦ ਸਰਵਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ। ਇਸ ਮੌਕੇ ਈ.ਟੀ.ਪੀ.ਬੀ. ਦੇ ਚੇਅਰਮੈਨ ਡਾ: ਆਮਿਰ ਅਹਿਮਦ, ਸਕੱਤਰ ਤਾਰਿਕ ਖ਼ਾਂ ਵਜ਼ੀਰ, ਡਿਪਟੀ ਸਕੱਤਰ ਇਮਰਾਨ, ਗਵਰਨਰ ਪੰਜਾਬ ਦੇ ਜਨ ਸੰਪਰਕ ਅਧਿਕਾਰੀ ਪਵਨ ਸਿੰਘ ਅਰੋੜਾ, ਪੀ.ਐਸ.ਜੀ.ਪੀ.ਸੀ. ਦੇ ਸਾਬਕਾ ਪ੍ਰਧਾਨ ਤਾਰਾ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਐਮ.ਪੀ.ਏ. ਮਹਿੰਦਰਪਾਲ ਸਿੰਘ, ਗੋਪਾਲ ਸਿੰਘ ਚਾਵਲਾ ਸਮੇਤ ਭਾਰਤੀ ਜਥੇ ਦੇ ਆਗੂ ਤੇ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ. ਰੂਪ ਸਿੰਘ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਬਰਸੀ ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਡਾ: ਰੂਪ ਸਿੰਘ ਨੇ ਆਪਣੇ ਸੰਬੋਧਨ ਦੌਰਾਨ ਪਾਕਿ ਸਰਕਾਰ ਪਾਸੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵਲੋਂ ਪਾਕਿਸਤਾਨ ਵਿਚ ਸੈਮੀਨਾਰ ਕਰਾਉਣ ਦੀ ਮਨਜ਼ੂਰੀ ਦੇਣ ਦੀ ਮੰਗ ਕੀਤੀ। ਉਨ੍ਹਾਂ ਪ੍ਰਕਾਸ਼ ਪੁਰਬ ਮੌਕੇ ਸਿਆਲਕੋਟ ਸਥਿਤ ਪਹਿਲੀ ਪਾਤਸ਼ਾਹੀ ਨਾਲ ਸਬੰਧਿਤ ਯਾਦਗਾਰ ਗੁਰਦੁਆਰਾ ਬਾਬੇ ਦੀ ਬੇਰ ਜਿੱਥੇ ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ ਦਾ ਪਹਿਲਾ ਮੋਰਚਾ ਲੱਗਾ ਸੀ, ਨੂੰ ਪਾਕਿ ਸਥਿਤ ਗੁਰਧਾਮਾਂ ਦੀ ਯਾਤਰਾ ਵਿਚ ਸ਼ਾਮਿਲ ਕਰਨ ਦੀ ਵੀ ਮੰਗ ਕੀਤੀ। ਇਸ ਮੌਕੇ ਉਨ੍ਹਾਂ 550ਵੇਂ ਪ੍ਰਕਾਸ਼ ਪੁਰਬ ਸਮਾਗਮਾਂ ਸਬੰਧੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਵਲੋਂ ਭੇਜਿਆ ਪੱਤਰ ਪਾਕਿ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਤਾਰਾ ਸਿੰਘ ਨੂੰ ਸੌਂਪਿਆ। ਉਨ੍ਹਾਂ 25 ਜੁਲਾਈ ਨੂੰ ਨਨਕਾਣਾ ਸਾਹਿਬ ਤੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਸਬੰਧੀ ਵੀ ਗੱਲ ਕੀਤੀ। ਗਵਰਨਰ ਸਰਵਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ 550ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਵਿਚ ਨਨਕਾਣਾ ਸਾਹਿਬ, ਪੰਜਾਬ ਯੂਨੀਵਰਸਿਟੀ ਲਾਹੌਰ ਜਾਂ ਜਿੱਥੇ ਵੀ ਸੈਮੀਨਾਰ ਕਰਾਉਣਾ ਚਾਹੇ ਉਸ ਬਾਰੇ ਪਾਕਿ ਸਰਕਾਰ ਵਲੋਂ ਪੂਰੀ ਖੁੱਲ੍ਹ ਹੋਵੇਗੀ। ਇਸ ਦੇ ਇਲਾਵਾ ਭਾਰਤੀ ਸੰਗਤ ਨੂੰ ਗੁਰਦੁਆਰਾ ਬਾਬੇ ਦੀ ਬੇਰ ਦੇ ਦਰਸ਼ਨਾਂ ਦੀ ਖੁੱਲ੍ਹ ਲਈ ਮਨਜ਼ੂਰੀ ਦੇਣ ਸਬੰਧੀ ਉਹ ਜਲਦੀ ਈ.ਟੀ.ਪੀ.ਬੀ. ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰਨਗੇ ਅਤੇ ਸ਼੍ਰੋਮਣੀ ਕਮੇਟੀ ਵਲੋਂ ਸਜਾਏ ਜਾਣ ਵਾਲੇ ਨਗਰ ਕੀਰਤਨ ਵਿਚ ਵੀ ਹਰ ਪ੍ਰਕਾਰ ਦਾ ਸਹਿਯੋਗ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਾਂਘਾ ਖੁੱਲ੍ਹਣ ਨਾਲ ਦੋਵਾਂ ਮੁਲਕਾਂ ਵਿਚ ਤਣਾਅ ਘਟੇਗਾ ਤੇ ਪਿਆਰ ਵਧੇਗਾ ਅਤੇ ਇਹ ਲਾਂਘਾ ਭਾਰਤ-ਪਾਕਿ ਰਿਸ਼ਤਿਆਂ ਦੀ ਨਵੀਂ ਇਬਾਰਤ ਲਿਖੇਗਾ।

ਚੇਅਰਮੈਨ ਡਾ: ਆਮਿਰ ਅਹਿਮਦ ਨੇ ਕਿਹਾ ਕਿ ਮਹਾਰਾਜਾ ਰਣਜੀਤ ਸਿੰਘ ਦੀਆਂ ਸਾਂਝੇ ਪੰਜਾਬ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆਂ ਲਾਹੌਰ ਦੀ ਮਹੱਤਵਪੂਰਨ ਇਮਾਰਤ 'ਸ਼ਾਹਰਾ ਯਾਂ ਬਿਲਡਿੰਗ' ਦਾ ਨਾਂਅ ਮਹਾਰਾਜਾ ਰਣਜੀਤ ਸਿੰਘ ਦੇ ਨਾਂਅ 'ਤੇ ਰੱਖਿਆ ਜਾ ਰਿਹਾ ਹੈ।



### ਲਾਹੌਰ ਵਿਚ ਸ਼ੇਰੇ-ਪੰਜਾਬ ਦਾ ਪਹਿਲਾ ਬੁੱਤ ਸਥਾਪਿਤ

**ਲਾਹੌਰ/ਏਟੀ ਨਿਊਜ਼ :** ਪਾਕਿਸਤਾਨ ਦੇ ਲਾਹੌਰ ਦੇ ਕਿਲੇ ਵਿੱਚ ਮਾਈ ਜਿੰਦਾ ਹਵੇਲੀ ਦੀ ਸਿੱਖ ਗੈਲਰੀ ਵਿੱਚ ਘੋੜੇ 'ਤੇ ਬੈਠੇ ਸਿੱਖ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਸਥਾਪਿਤ ਕੀਤਾ ਗਿਆ ਹੈ। ਉਨ੍ਹਾਂ ਦੀ ਬਰਸੀ ਮੌਕੇ ਬੁੱਤ ਦਾ ਲਾਹੌਰ ਦੇ ਇਤਿਹਾਸਕ ਕਿਲੇ ਵਿੱਚ ਉਦਘਾਟਨ ਕੀਤਾ ਗਿਆ। ਇਸ ਸਮਾਰੋਹ ਵਿੱਚ ਪਾਕਿਸਤਾਨ ਦੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਇਸ ਬੁੱਤ ਵਿੱਚ ਮਹਾਰਾਜਾ ਰਣਜੀਤ ਸਿੰਘ ਆਪਣੇ ਮਨਪਸੰਦ ਅਰਬੀ ਘੋੜੇ ਕਹਾਰ ਬਹਾਰ ਉੱਤੇ ਬੈਠਾ ਹੈ। ਉਨ੍ਹਾਂ ਕਿਹਾ ਕਿ ਇਹ ਅਫਗਾਨਿਸਤਾਨ ਦੇ ਬਾਦਸ਼ਾਹ ਦੋਸਤ ਮੁਹੰਮਦ ਨੇ ਤੋਹਫ਼ੇ ਵਿੱਚ ਦਿੱਤਾ ਸੀ। ਬੁੱਤ ਫਕੀਰਖਾਨਾ ਮਿਊਜ਼ੀਅਮ ਦੇ ਡਾਇਰੈਕਟਰ ਫਕੀਰ ਸੈਫ਼ਉਦੀਨ ਸੋਜ਼ ਦੀ ਨਿਗਰਾਨੀ ਹੇਠ ਤਿਆਰ ਕੀਤਾ ਗਿਆ ਹੈ। ਫਕੀਰ ਸੈਫਉਦੀਨ ਨੇ ਦੱਸਿਆ ਕਿ ਇਹ ਬੁੱਤ ਇਸ ਖਿੱਤੇ ਵਿੱਚ ਬਣੇ ਹੋਰਨਾਂ ਬੁੱਤਾਂ ਤੋਂ ਇਸ ਕਰਕੇ ਵਿਲੱਖਣ ਹੈ, ਕਿਉਂਕਿ ਇਸ ਨੂੰ ਤਿਆਰ ਕਰਨ ਲਈ ਫਾਈਬਰ ਕੋਲਡ ਬਰੌਨਜ਼ ਮਟੀਰੀਅਲ ਵਰਤਿਆ ਗਿਆ ਹੈ, ਜਿਸ ਦਾ ਕੋਈ ਮੁਕਾਬਲਾ ਹੀ ਨਹੀਂ ਹੈ। ਇਹ ਬੁੱਤ ਅੱਠ ਮਹੀਨਿਆਂ ਵਿੱਚ ਤਿਆਰ ਕੀਤਾ ਗਿਆ ਹੈ। ਸਿੱਖ ਹੈਰੀਟੇਜ ਫਾਊਂਡੇਸ਼ਨ ਯੂ ਕੇ ਦੇ ਡਾਇਰੈਕਟਰ ਬੌਬੀ ਸਿੰਘ ਬਾਂਸਲ ਜਿਨ੍ਹਾਂ ਨੇ ਇਹ ਬੁੱਤ ਤਿਆਰ ਕਰਵਾਇਆ ਹੈ, ਨੇ ਕਿਹਾ ਕਿ ਉਹ ਇਨ੍ਹਾਂ ਯਾਦਗਾਰੀ ਪਲਾਂ ਦਾ ਹਿੱਸਾ ਬਣਨ ਉੱਤੇ ਬੇਹੱਦ ਖ਼ੁਸ਼ ਹਨ।

### ਦਿੱਲੀ 'ਚ ਸਿੱਖ ਦੀ ਕੁੱਟਮਾਰ ਮਾਮਲੇ 'ਚ 10 ਪੁਲੀਸ ਮੁਲਾਜ਼ਮ ਲਾਈਨ ਹਾਜ਼ਰ

**ਨਵੀਂ ਦਿੱਲੀ/ਏਟੀ ਨਿਊਜ਼ :** ਦਿੱਲੀ ਹਾਈ ਕੋਰਟ ਨੂੰ ਦਿੱਲੀ ਪੁਲੀਸ ਨੇ ਦੱਸਿਆ ਕਿ ਮੁਖਰਜੀ ਨਗਰ ਥਾਣੇ ਨੇੜੇ ਪਿਛਲੇ ਮਹੀਨੇ ਸਿੱਖ ਆਟੋ ਚਾਲਕ ਸਰਬਜੀਤ ਸਿੰਘ ਅਤੇ ਉਸ ਦੇ ਨਾਬਾਲਗ ਪੁੱਤਰ ਦੀ ਕਥਿਤ ਤੌਰ 'ਤੇ ਕੁੱਟਮਾਰ ਕਰਨ ਵਾਲੇ 10 ਪੁਲੀਸ ਮੁਲਾਜ਼ਮਾਂ ਨੂੰ ਲਾਈਨ ਹਾਜ਼ਰ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ ਤਿੰਨ ਪਹਿਲਾਂ ਹੀ ਮੁਅੱਤਲ ਕੀਤੇ ਜਾ ਚੁੱਕੇ ਸਨ। ਮੁੱਖ ਜਸਟਿਸ ਡੀ.ਐੱਨ. ਪਟੇਲ ਤੇ ਜਸਟਿਸ ਹਰੀ ਸ਼ੰਕਰ ਦੀ ਅਦਾਲਤ ਵਿਚ ਦਿੱਲੀ ਪੁਲੀਸ ਨੇ ਇਸ ਮਾਮਲੇ ਸਬੰਧੀ ਸਥਿਤੀ ਰਿਪੋਰਟ ਪੇਸ਼ ਕੀਤੀ, ਜਿਸ ਵਿੱਚ ਦਿੱਲੀ ਪੁਲੀਸ ਦੀ ਗ਼ੈਰ-ਪੇਸ਼ੇਵਰਾਨਾ ਪਹੁੰਚ ਦਾ ਜ਼ਿਕਰ ਕੀਤਾ ਗਿਆ। ਅੰਤਰਿਮ ਰਿਪੋਰਟ ਵਿਚ ਦਿੱਲੀ ਪੁਲੀਸ ਨੇ ਅਦਾਲਤ ਨੂੰ ਦੱਸਿਆ ਕਿ ਭਾਵੇਂ ਦਿਹਾਤੀ ਆਟੋ ਚਾਲਕ ਤੇ ਉਸ ਦੇ ਨਾਬਾਲਗ ਪੁੱਤਰ ਦਾ ਰੁਖ਼ ਹਮਲਾਵਰ ਸੀ ਪਰ ਫਿਰ ਵੀ ਪੁਲੀਸ ਨੂੰ ਦੋਵਾਂ ਨੂੰ ਘੜੀਸਣ ਤੇ ਗੈਰ-ਵਿਹਾਰਕ ਪਹੁੰਚ ਅਪਨਾਉਣ ਦੀ ਥਾਂ ਪੇਸ਼ੇਵਰਾਨਾ ਤੇ ਸਬਰ ਵਾਲਾ ਵਰਤਾਅ ਕਰਨਾ ਚਾਹੀਦਾ ਸੀ। ਪੀੜਤ ਸਰਬਜੀਤ ਸਿੰਘ ਵੱਲੋਂ ਪੇਸ਼ ਵਕੀਲਾਂ ਰਵਿੰਦਰ ਘੁੰਮਣ, ਪੁਨੀਤ ਸਿੰਘ ਤੇ ਹਰੀਸ਼ ਸਿੰਘ ਹੰਸ ਨੇ ਦੱਸਿਆ ਕਿ ਦਿੱਲੀ ਪੁਲੀਸ ਨੇ ਅਦਾਲਤ ਨੂੰ ਦੱਸਿਆ ਹੈ ਕਿ ਅਪਰਾਧ ਸ਼ਾਖਾ ਦੀ ਸਾਂਝੀ ਵਿਭਾਗੀ ਜਾਂਚ 24 ਘੰਟਿਆਂ ਵਿਚ ਸ਼ੁਰੂ ਕੀਤੀ ਜਾਵੇਗੀ ਤੇ ਚਾਰ ਹਫ਼ਤਿਆਂ ਵਿੱਚ ਅਦਾਲਤ ਨੂੰ ਰਿਪੋਰਟ ਦਿੱਤੀ ਜਾਵੇਗੀ। ਪੀੜਤ ਦੇ ਵਕੀਲਾਂ ਨੇ ਕਿਹਾ ਕਿ ਅਦਾਲਤ ਵਿੱਚ ਪੇਸ਼ ਰਿਪੋਰਟ ਨੂੰ ਚੁਣੌਤੀ ਦਿੱਤੀ ਜਾਵੇਗੀ ਕਿਉਂਕਿ ਇਸ ਰਿਪੋਰਟ 'ਚ ਕਈ ਖਾਮੀਆਂ ਹਨ। ਉਨ੍ਹਾਂ ਦੱਸਿਆ ਕਿ ਮਾਮਲੇ ਦੀ ਅਗਲੀ ਸੁਣਵਾਈ ਦੋ ਸਤੰਬਰ ਨੂੰ ਹੋਵੇਗੀ। ਇਸੇ ਦੌਰਾਨ ਸੀਮਾ ਸਿੰਘਲ ਵੱਲੋਂ ਇਸ ਘਟਨਾ ਦੀ ਆਜ਼ਾਦ ਏਜੰਸੀ ਤੋਂ ਜਾਂਚ ਕਰਾਉਣ ਦੀ ਮੰਗ ਕਰਨ ਸਬੰਧੀ ਪਟੀਸ਼ਨ 'ਤੇ ਪੇਸ਼ ਵਕੀਲ ਸ੍ਰੀ ਘੁੰਮਣ ਨੇ ਪੁਲੀਸ ਰਿਪੋਰਟ ਦਾ ਵਿਰੋਧ ਕੀਤਾ ਅਤੇ ਕਿਹਾ ਕਿ ਇਹ ਇਕਤਰਫ਼ਾ ਜਾਂਚ ਹੈ ਅਤੇ ਇਸ ਵਿੱਚ ਪਿਉ-ਪੁੱਤਰ ਦੇ ਬਿਆਨ ਨਹੀਂ ਹਨ। ਅਦਾਲਤ ਨੂੰ ਦੱਸਿਆ ਗਿਆ ਕਿ ਦੋਵਾਂ ਧਿਰਾਂ ਖ਼ਿਲਾਫ਼ ਐਫਆਈਆਰ ਦਰਜ ਕੀਤੀ ਗਈ ਹੈ।

# ਜੱਲ੍ਹਿਆਂਵਾਲੇ ਬਾਗ ਦੇ ਪੁਰਾਤਨ ਸਰੂਪ ਨਾਲ ਛੇੜਛਾੜ ਕਰਨ 'ਤੇ ਪ੍ਰਵਾਸੀ ਪੰਜਾਬੀਆਂ 'ਚ ਭਾਰੀ ਰੋਸ



**ਸੈਕਰਾਮੈਂਟੋ/ਏਟੀ ਨਿਊਜ਼ :** ਦੁਨੀਆ ਭਰ 'ਚ ਜਿੱਥੇ ਆਮ ਲੋਕਾਂ ਵੱਲੋਂ ਜੱਲ੍ਹਿਆਂਵਾਲੇ ਬਾਗ ਦੀ 100ਵੀਂ ਯਾਦਗਾਰ ਮਨਾਈ ਜਾ ਰਹੀ ਹੈ, ਉਥੇ ਭਾਰਤ ਸਰਕਾਰ ਵੱਲੋਂ ਉਸ ਨੂੰ ਨਵੀਨੀਕਰਨ ਦੇ ਨਾਂ ਹੇਠ ਢਹਿ-ਢੇਰੀ ਕੀਤਾ ਜਾ ਰਿਹਾ ਹੈ। ਅੰਮ੍ਰਿਤਸਰ ਦੇ ਜੱਲ੍ਹਿਆਂਵਾਲਾ ਬਾਗ 'ਚ ਅੰਗਰੇਜ਼ ਜਨਰਲ ਡਾਇਰ ਵਲੋਂ ਕੀਤੇ ਗਏ ਕਤਲੇਆਮ ਦੇ 100 ਸਾਲ ਬਾਅਦ ਹੱਤਿਆ ਕਾਂਡ ਦਾ ਚਸ਼ਮਦੀਦ ਖ਼ੂਹ ਹੁਣ ਕਿਸੇ ਨੂੰ ਦਿਖਾਈ ਨਹੀਂ ਦੇ ਰਿਹਾ ਹੈ। ਮੁਰੰਮਤ ਕਾਰਨ ਜੱਲ੍ਹਿਆਂਵਾਲਾ ਬਾਗ ਆਪਣੀ ਇਤਿਹਾਸਕਤਾ ਗੁਆ ਰਿਹਾ ਹੈ। ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਇਸ ਸੰਬੰਧੀ ਇਕ ਅਹਿਮ ਮੀਟਿੰਗ ਸੈਕਰਾਮੈਂਟੋ ਵਿਖੇ ਹੋਈ, ਜਿਸ ਦੌਰਾਨ ਇਸ ਦੀ ਭਰਪੂਰ ਨਿੰਦਾ ਕੀਤੀ ਗਈ। ਇਸ ਮੀਟਿੰਗ ਵਿਚ ਹੋਰਨਾਂ ਤੋਂ ਇਲਾਵਾ ਚਰਨਜੀਤ ਸਿੰਘ ਜੱਜ, ਗੁਲਿੰਦਰ ਸਿੰਘ ਗਿੱਲ, ਗੁਰਜਤਿੰਦਰ ਸਿੰਘ ਰੰਧਾਵਾ, ਜਨਕ ਰਾਜ ਸਿੱਧਰਾ, ਸੁਦਰਸ਼ਨ ਸ਼ਰਮਾ, ਬਲਵਿੰਦਰ ਡੁਲਕੂ, ਅਮਰੀਕ ਸਿੰਘ ਪਰਹਾਰ, ਭੁਪਿੰਦਰ ਸੰਘੇੜਾ, ਰਣਜੀਤ ਸਿੰਘ ਬੋਲਾ ਵੀ ਹਾਜ਼ਰ ਸਨ। ਮੀਟਿੰਗ ਦੌਰਾਨ ਇਹ ਮਤਾ ਪਾਸ ਕੀਤਾ ਗਿਆ ਕਿ ਇਸ ਤਬਦੀਲੀ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਨ੍ਹਾਂ ਆਗੂਆਂ ਨੇ ਕਿਹਾ ਕਿ ਜੱਲ੍ਹਿਆਂਵਾਲਾ ਬਾਗ ਬ੍ਰਿਟਿਸ਼ ਸਾਮਰਾਜ ਵਿਰੁੱਧ ਲੜੇ ਗਏ ਆਜ਼ਾਦੀ ਸੰਗਰਾਮ ਦਾ ਪ੍ਰਤੀਕ ਹੈ। ਇਹ ਵਿਰਾਸਤ ਪੰਜਾਬੀਆਂ ਨੂੰ ਦੇਸ਼ ਦੀ ਆਜ਼ਾਦੀ 'ਚ ਪਾਏ ਯੋਗਦਾਨ ਦੀ ਯਾਦ ਦਿਵਾਉਂਦੀ ਹੈ ਅਤੇ ਹੁਣ ਇਸ ਨੂੰ ਮਨੋਰੰਜਨ ਪਾਰਕ ਵਿਚ ਤਬਦੀਲ ਕਰਨ ਦੀ ਕਦੇ ਵੀ ਆਗਿਆ ਨਹੀਂ ਦਿੱਤੀ ਜਾਵੇਗੀ। ਇਨ੍ਹਾਂ ਆਗੂਆਂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਵਿਰਾਸਤੀ ਯਾਦਗਾਰ ਦੀ ਸਾਂਭ-ਸੰਭਾਲ ਅਤੇ ਮੁਰੰਮਤ ਭਾਰਤੀ ਪੁਰਾਤੱਤਵ ਵਿਭਾਗ ਵੱਲੋਂ ਕੀਤੀ ਜਾਵੇ। ਇਹ ਵੀ ਮਹਿਸੂਸ ਕੀਤਾ ਗਿਆ ਕਿ ਇਸ ਸ਼ਹੀਦੀ ਖ਼ੂਹ ਨੂੰ ਤਹਿਸ-ਨਹਿਸ ਕਰਕੇ ਪੰਜਾਬੀਆਂ ਦੀ ਕੁਰਬਾਨੀ ਨੂੰ ਰੋਲਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਆਗੂਆਂ ਨੇ ਕਿਹਾ ਕਿ ਇਸ ਸੰਬੰਧੀ ਭਾਰਤ ਸਰਕਾਰ ਨੂੰ ਇਕ ਮੈਮੋਰੰਡਮ ਵੀ ਭੇਜਿਆ ਜਾਵੇਗਾ, ਜਿਸ ਵਿਚ ਜੱਲ੍ਹਿਆਂਵਾਲੇ ਬਾਗ ਦੀ ਸ਼ਹੀਦੀ ਯਾਦਗਾਰਾਂ ਨੂੰ ਕਾਇਮ ਰੱਖਣ ਦੀ ਅਪੀਲ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਭਾਜਪਾ ਦੀ ਸਾਬਕਾ ਸਰਕਾਰ ਨੇ ਜੱਲ੍ਹਿਆਂਵਾਲੇ ਬਾਗ ਦੇ ਆਲੇ-ਦੁਆਲੇ ਦਾ ਉਹ ਰੂਪ ਖਤਮ ਕਰ ਦਿੱਤਾ ਸੀ, ਜਿਥੋਂ ਡਾਇਰ ਅਤੇ ਅੰਗਰੇਜ਼ ਹਕੂਮਤ ਜੱਲ੍ਹਿਆਂਵਾਲਾ ਬਾਗ 'ਚ ਕਤਲੇਆਮ ਕਰਨ ਲਈ ਆਏ ਸੀ ਅਤੇ ਹੁਣ ਜੱਲ੍ਹਿਆਂਵਾਲਾ ਬਾਗ ਕਮੇਟੀ ਜੱਲ੍ਹਿਆਂਵਾਲਾ ਬਾਗ ਦੇ ਸ਼ਹੀਦੀ ਖ਼ੂਹ ਨੂੰ ਪੂਰੀ ਤਰ੍ਹਾਂ ਡੇਗ ਚੁੱਕੀ ਹੈ।

### ਵਿਕਟੋਰੀਅਨ ਸਰਕਾਰ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਏਗੀ

***ਸਮਾਗਮਾਂ 'ਤੇ ਖਰਚੇਗੀ 200,000 ਡਾਲਰ***

ਵਿਕਟੋਰੀਅਨ ਸਰਕਾਰ ਨੇ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਡਾਲਰ 200,000 ਰਾਖਵੇਂ ਰੱਖੇ ਹਨ। ਭਾਰਤੀ ਭਾਈਚਾਰੇ ਦੇ ਨੁਮਾਇੰਦਿਆਂ ਨਾਲ ਇੱਕ ਮੁਲਾਕਾਤ ਦੌਰਾਨ ਵਿਕਟੋਰੀਆ ਦੇ ਪ੍ਰੀਮੀਅਰ ਡੈਨੀਅਲ ਐਂਡਰਿਊਜ਼ ਨੇ ਸੱਭਿਆਚਾਰ, ਸਿੱਖਿਆ, ਸਿਹਤ, ਨਵੀਨਤਾ ਅਤੇ ਤਕਨਾਲੋਜੀ 'ਤੇ ਧਿਆਨ ਕੇਂਦਰਿਤ ਕਰਨ ਵਾਲੇ ਤਰਜੀਹੀ ਖੇਤਰਾਂ ਵਿਚਲੇ ਵਪਾਰਕ ਪ੍ਰਸਤਾਵਾਂ ਨੂੰ ਸੁਣਿਆ ਹੈ। ਇਸ ਮੌਕੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਹਾੜੇ ਨੂੰ ਮਨਾਉਣ ਲਈ ਕੀਤੀਆਂ ਜਾਣ ਵਾਲੀਆਂ ਕੋਸ਼ਿਸ਼ਾਂ ਉੱਤੇ ਵੀ ਚਰਚਾ ਹੋਈ। ਮੈਲਬੌਰਨ ਵਿੱਚ ਆਸਟ੍ਰੇਲੀਆ ਇੰਡੀਆ ਸਟ੍ਰੈਟੇਜੀ ਗਰੁੱਪ (ਏ ਆਈ ਐਸ ਜੀ) ਦੁਆਰਾ ਆਯੋਜਿਤ ਸਿੱਖ ਭਾਈਚਾਰੇ ਦੇ ਨੁਮਾਇੰਦਿਆਂ ਨਾਲ਼ ਇੱਕ ਮੀਟਿੰਗ ਦੌਰਾਨ, ਪ੍ਰੀਮੀਅਰ ਐਂਡਰਿਊਜ਼ ਨੇ ਨਵੰਬਰ ਵਿੱਚ ਹੋਣ ਵਾਲੇ ਸਮਾਗਮ ਲਈ ਖਰਚਿਆਂ ਦਾ ਧਿਆਨ ਰੱਖਣ ਲਈ ਇੱਕ ਵਰਕਿੰਗ ਕਮੇਟੀ ਕਾਇਮ ਕਰਨ ਦੀ ਤਜਵੀਜ਼ ਵੀ ਪੇਸ਼ ਕੀਤੀ।

### ਏਅਰ ਇੰਡੀਆ ਸਤੰਬਰ ਤੋਂ ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਸ਼ੁਰੂ ਕਰੇਗੀ

**ਨਵੀਂ ਦਿੱਲੀ/ਏਟੀ ਨਿਊਜ਼ :**

ਪੰਜਾਬੀਆਂ ਦਾ 'ਨਿਰਵਿਘਨ' ਸਫ਼ਰ ਯਕੀਨੀ ਬਣਾਉਣ ਲਈ ਏਅਰ ਇੰਡੀਆ ਵਲੋਂ 27 ਸਤੰਬਰ ਸਤੰਬਰ 2019 ਤੋਂ ਅੰਮ੍ਰਿਤਸਰ-ਦਿੱਲੀ-ਟੋਰਾਂਟੋ ਉਡਾਣ ਸ਼ੁਰੂ ਕੀਤੀ ਜਾਵੇਗੀ। ਵਿਸ਼ਵ ਸੈਲਾਨੀ ਦਿਵਸ 'ਤੇ ਸ਼ੁਰੂ ਹੋਣ ਵਾਲੀ ਇਹ ਸਿੱਧੀ ਉਡਾਣ ਹਫਤੇ ਵਿਚ ਤਿੰਨ ਦਿਨ ਦਿੱਲੀ ਤੋਂ ਟੋਰਾਂਟੋ ਜਾਵੇਗੀ। ਦਿੱਲੀ ਤੋਂ ਟੋਰਾਂਟੋ ਤੱਕ ਦੀ ਦੂਰੀ 15 ਘੰਟੇ 15 ਮਿੰਟ ਵਿਚ ਇਕਾਨਮੀ ਕਲਾਸ ਦੀ ਇਕ ਪਾਸੇ ਦੀ ਟਿਕਟ 50,890 ਰੁਪਏ ਅਤੇ ਦੋਹਾਂ ਪਾਸਿਆਂ (ਦਿੱਲੀ-ਟੋਰਾਂਟੋ ਅਤੇ ਟੋਰਾਂਟੋ-ਦਿੱਲੀ) ਦੀ ਟਿਕਟ ਤਕਰੀਬਨ 93 ਹਜ਼ਾਰ ਰੁਪਏ ਦੀ ਹਾਸਲ ਹੋਵੇਗੀ।

### ਥਾਣੇਦਾਰ ਨੇ 15 ਸਾਲਾਂ ਤੋਂ ਨਸ਼ੇ ਦਾ ਕਾਰੋਬਾਰ ਕਰ ਬਣਾਈ ਕਰੋੜਾਂ ਦੀ ਜਾਇਦਾਦ

***ਨਸ਼ੇ ਤੇ ਅਸਲੇ ਦੀ 'ਪੰਡ' ਸਣੇ ਗ੍ਰਿਫ਼ਤਾਰ***

**ਲੁਧਿਆਣਾ/ਏਟੀ ਨਿਊਜ਼ :** ਨਸ਼ਿਆਂ ਦੀ ਰੋਕਥਾਮ ਲਈ ਬਣੀ ਐਸਟੀਐਫ ਨੇ ਇੱਕ ਥਾਣੇਦਾਰ ਮੇਜਰ ਸਿੰਘ ਨੂੰ ਵੱਡੀ ਮਾਤਰਾ ਵਿੱਚ ਅਫੀਮ ਤੇ ਅਸਲੇ ਸਮੇਤ ਕਾਬੂ ਕੀਤਾ ਹੈ, ਜੋ ਐਮਟੀਓ ਬ੍ਰਾਂਚ ਵਿੱਚ ਬਤੌਰ ਡਰਾਈਵਰ ਤਾਇਨਾਤ ਹੈ। ਪੁਲਿਸ ਨੇ ਏਐਸਆਈ ਨਾਲ ਹਰਜੀਤ ਕੌਰ ਨਾਂ ਔਰਤ ਨੂੰ ਵੀ ਕਾਬੂ ਕੀਤਾ ਹੈ, ਜੋ ਉਸ ਦੀ ਰਿਸ਼ਤੇਦਾਰ ਦੱਸੀ ਜਾਂਦੀ ਹੈ। ਪੁਲਿਸ ਨੇ ਦੋਵਾਂ ਨੂੰ ਰੋਕਿਆ ਤਾਂ ਉਨ੍ਹਾਂ ਕੋਲੋਂ ਸਾਢੇ ਪੰਜ ਕਿੱਲੋ ਅਫੀਮ, 32 ਬੋਰ ਦਾ ਰਿਵਾਲਵਰ, ਪਿਸਤੌਲ, ਐਸਐਲਆਰ ਤੇ ਰਾਈਫਲ ਦੇ 26 ਰੌਂਦ ਬਰਾਮਦ ਹੋਏ।

### ਮੋਬਾਈਲ ਕਾਰਨ ਮਨੁੱਖ ਦਾ ਤੇਜ਼ੀ ਨਾਲ ਬਦਲ ਰਿਹਾ ਸਰੀਰਕ ਢਾਂਚਾ

**ਮੈਲਬਰਨ/ਏਟੀ ਨਿਊਜ਼ :**

ਆਸਟ੍ਰੇਲੀਆ ਦੀ ਸਨਸ਼ਾਈਨ ਕੋਸਟ ਯੂਨੀਵਰਸਿਟੀ ਵਿੱਚ ਹੋਈ ਖੋਜ ਵਿੱਚ ਗੱਲ ਸਾਹਮਣੇ ਆਈ ਹੈ ਕਿ ਮੋਬਾਈਲ ਫੋਨ ਤੇ ਟੈਬਲੇਟਸ ਸਰੀਰ ਦਾ ਢਾਂਚਾ ਵਿਗਾੜ ਰਹੇ ਹਨ।




ਖੋਜੀਆਂ ਮੁਤਾਬਕ ਗੈਜੇਟਸ 'ਤੇ ਜ਼ਿਆਦਾ ਸਮਾਂ ਬਿਤਾਉਣ ਨਾਲ ਸਿਰ ਦੇ ਪਿਛਲੇ ਹਿੱਸੇ ਵਿੱਚ ਇੱਕ ਵਾਧੂ ਨੁਕੀਲੀ ਹੱਡੀ ਵੇਖੀ ਜਾ ਰਹੀ ਹੈ। ਇਸ ਨੂੰ 'ਟੈਕਸਟ ਨੈੱਕ' ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਆਕਾਰ 2.6 ਸੈਮੀ ਤਕ ਵੇਖਿਆ ਗਿਆ ਹੈ। ਮੋਬਾਈਲ-ਟੈਬਲੇਟਸ ਦਾ ਜ਼ਿਆਦਾ ਇਸਤੇਮਾਲ ਕਰਨ ਵਾਲੇ ਇੱਕ ਹਜ਼ਾਰ ਤੋਂ ਵੱਧ ਲੋਕਾਂ ਦੇ ਸਿਰ ਦੀ ਸਕੈਨਿੰਗ ਕਰਨ ਤੋਂ ਬਾਅਦ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ।

ਵਿਗਿਆਨੀਆਂ ਨੇ ਇਸ ਹੱਡੀ ਦਾ ਪਤਾ ਲਾਉਣ ਲਈ 18-86 ਸਾਲ ਦੀ ਉਮਰ ਦੇ ਲੋਕਾਂ 'ਤੇ ਖੋਜ ਕੀਤੀ। ਸਾਹਮਣੇ ਆਇਆ ਕਿ 'ਟੈਕਸਟ ਨੈੱਕ' ਦੇ ਮਾਮਲੇ 18-30 ਸਾਲ ਦੀ ਉਮਰ ਵਿੱਚ ਵੱਧ ਵੇਖੇ ਗਏ। ਖੋਜ ਕਰਨ ਵਾਲੇ ਡਾ. ਜੇਮਸ ਕਾਰਟਰ ਦਾ ਕਹਿਣਾ ਹੈ ਕਿ ਬੱਚਿਆਂ ਦੀ ਵੀ ਗੀੜ੍ਹ ਦੀ ਹੱਡੀ ਦਾ ਆਕਾਰ ਵੀ ਬਦਲ ਰਿਹਾ ਹੈ। ਮੋਬਾਈਲ ਫੋਨ ਦਾ ਜ਼ਿਆਦਾ ਇਸਤੇਮਾਲ ਕਰਨ ਕਰਕੇ ਸਿਰ ਦਰਦ, ਪਿੱਠ ਦਰਦ ਤੇ ਧੌਣ ਦੇ ਨਾਲ-ਨਾਲ ਮੋਢਿਆਂ ਵਿੱਚ ਪੀੜ ਵਰਗੀਆਂ ਸਮੱਸਿਆਵਾਂ ਆ ਰਹੀਆਂ ਹਨ।

# ਪਾਣੀ ਦੀ ਦੁਰਵਰਤੋਂ ਵਿਚ ਪੰਜਾਬ ਦੇਸ਼ ਭਰ 'ਚੋਂ ਪਹਿਲੇ ਨੰਬਰ 'ਤੇ



- ਝੋਨੇ ਕਾਰਨ ਪੰਜਾਬ ਦੇ ਪਾਣੀ ਦਾ ਹੋਇਆ ਖ਼ਾਤਮਾ
- ਪੰਜਾਬ ਦੇ ਕਿਸਾਨ ਝੋਨਾ ਬੀਜਣ ਤੋਂ ਹਟਣ ਲੱਗੇ
- ਕੈਪਟਨ ਸਰਕਾਰ ਪਾਣੀ ਬਚਾਉਣ ਲਈ ਮੀਟਿੰਗਾਂ ਕਰਨ ਲੱਗੀ

**ਵਿਸ਼ੇਸ਼ ਰਿਪੋਰਟ**

ਸਰਕਾਰੀ ਅੰਕੜਿਆਂ ਤੋਂ ਪਤਾ ਲੱਗਾ ਹੈ ਕਿ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਕਰਨ ਲਈ ਪੰਜਾਬ ਦੇਸ਼ ਭਰ ਵਿੱਚ ਸਭ ਤੋਂ ਪਹਿਲੇ ਨੰਬਰ 'ਤੇ ਹੈ। ਪਿਛਲੇ ਹਫ਼ਤੇ ਲੋਕ ਸਭਾ ਵਿੱਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਜ਼ਮੀਨ ਹੇਠਲੇ ਪਾਣੀ ਦੀ ਦੁਰਵਰਤੋਂ ਸਭ ਤੋਂ ਵੱਧ ਪੰਜਾਬ (76 ਪ੍ਰਤੀਸ਼ਤ) ਵਿੱਚ ਹੋ ਰਹੀ ਹੈ। ਇਸ ਤੋਂ ਬਾਅਦ ਰਾਜਸਥਾਨ (66 ਫ਼ੀਸਦੀ) ਦਾ ਨੰਬਰ ਆਉਂਦਾ ਹੈ। ਇਸ ਤੋਂ ਇਲਾਵਾ ਦਿੱਲੀ (56 ਫ਼ੀਸਦੀ) ਤੇ ਹਰਿਆਣਾ (54 ਫ਼ੀਸਦੀ) ਵੀ ਵੱਡੇ ਪੱਧਰ 'ਤੇ ਪਾਣੀ ਦੀ ਦੁਰਵਰਤੋਂ ਕਰ ਰਹੇ ਹਨ। ਚਿੰਤਾ ਵਾਲੀ ਗੱਲ ਇਹ ਹੈ ਕਿ 30 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਪੰਜਾਬ ਰੇਗਿਸਤਾਨ ਸੂਬਾ ਬਣ ਜਾਏਗਾ।

### ਸਭ ਤੋਂ ਵੱਧ ਪਾਣੀ ਝੋਨੇ 'ਤੇ ਉੱਡਿਆ-

ਪੰਜਾਬ ਵਿਚ ਸਭ ਤੋਂ ਵੱਧ ਪਾਣੀ ਝੋਨੇ ਦੀ ਫ਼ਸਲ ਰਾਹੀਂ ਖਪਾਇਆ ਜਾਂਦਾ ਹੈ ਤੇ ਹੈਰਾਨੀ ਇਸ ਗੱਲ ਦੀ ਹੈ ਕਿ ਇਸ ਫ਼ਸਲ ਦੇ ਰਕਬੇ ਵਿਚ ਹਰ ਸਾਲ ਵਾਧਾ ਹੋ ਰਿਹਾ ਹੈ। ਸੰਨ 1970 ਵਿਚ ਪੰਜਾਬ ਵਿਚ ਝੋਨੇ ਦਾ ਉਤਪਾਦਨ 7 ਲੱਖ ਟਨ ਸੀ, ਜਿਹੜਾ 2015 ਤੱਕ ਵਧ ਕੇ 110 ਲੱਖ ਟਨ ਹੋ ਗਿਆ। ਇਕ ਕਿੱਲੋ ਚੌਲ ਪੈਦਾ ਕਰਨ ਲਈ 3 ਹਜ਼ਾਰ ਤੋਂ 5 ਹਜ਼ਾਰ ਲੀਟਰ ਤੱਕ ਪਾਣੀ ਦੀ ਲੋੜ ਪੈਂਦੀ ਹੈ। ਪੰਜਾਬ ਵਿਚ ਇਸ ਵੇਲੇ 170 ਲੱਖ ਟਨ ਦੇ ਕਰੀਬ ਚੌਲਾਂ ਦੀ ਪੈਦਾਵਾਰ ਹੋ ਰਹੀ ਹੈ, ਜਿਸ ਵਾਸਤੇ 75 ਖ਼ਰਬ ਲੀਟਰ ਪਾਣੀ ਦੀ ਵਰਤੋਂ ਹੋ ਰਹੀ ਹੈ। ਬਾਜ਼ਾਰ ਵਿਚ ਇਕ ਲੀਟਰ ਪਾਣੀ ਦੀ ਬੋਤਲ ਦੀ ਕੀਮਤ ਦੇ ਹਿਸਾਬ ਨਾਲ ਚਾਵਲ ਦੀ ਫ਼ਸਲ ਲਈ ਪੰਜਾਬ ਵਿਚ ਇਕ ਸੀਜ਼ਨ ਵਿਚ ਕਰੀਬ 38 ਖ਼ਰਬ ਰੁਪਏ ਦੀ ਕੀਮਤ ਦਾ ਪਾਣੀ ਖਪ ਰਿਹਾ ਹੈ। ਪੰਜਾਬ ਵਿਚ 2015 ਤੱਕ ਜ਼ਮੀਨ ਥੱਲਿਓਂ 130 ਕਿਲੋ ਕਿਊਸਿਕ ਪਾਣੀ ਕੱਢਿਆ ਜਾ ਚੁੱਕਾ ਹੈ ਤੇ ਪੰਜਾਬ ਦੀ ਗੋਬਿੰਦ ਸਾਗਰ ਝੀਲ ਵਿਚ 9.34 ਕਿਮੀ ਕਿਊਸਿਕ ਪਾਣੀ ਹੈ। ਇਸ ਦਾ ਮਤਲਬ ਪੰਜਾਬ ਦੀ ਜ਼ਮੀਨ ਥੱਲਿਓਂ ਗੋਬਿੰਦ ਸਾਗਰ ਝੀਲ ਵਰਗੀਆਂ 14 ਝੀਲਾਂ ਜਿੰਨਾ ਪਾਣੀ ਬਾਹਰ ਕੱਢਿਆ ਜਾ ਚੁੱਕਾ ਹੈ। ਪੰਜਾਬ ਵਿਚ ਇਸ ਵੇਲੇ 14 ਲੱਖ ਦੇ ਕਰੀਬ ਟਿਊਬਵੈੱਲਾਂ ਦੀ ਵਰਤੋਂ ਖੇਤੀਬਾੜੀ ਲਈ ਹੋ ਰਹੀ ਹੈ, ਜਦ ਕਿ ਪਿੰਡਾਂ ਸ਼ਹਿਰਾਂ, ਕਸਬਿਆਂ ਵਿਚ ਜਲ ਪਹੁੰਚਾਉਣ ਲਈ ਟਿਊਬਵੈੱਲਾਂ ਤੇ ਬੋਰਾਂ ਦੀ ਗਿਣਤੀ 25 ਲੱਖ ਦੇ ਕਰੀਬ ਬਣ ਜਾਂਦੀ ਹੈ। ਸੂਬੇ ਦੇ ਕੁਦਰਤੀ ਸੋਮੇ ਦੀ ਖੇਤੀਬਾੜੀ ਦੌਰਾਨ ਏਨੇ ਵੱਡੇ ਪੱਧਰ 'ਤੇ ਵਰਤੋਂ ਹੋਣ ਦੇ ਬਾਵਜੂਦ ਖੇਤੀਬਾੜੀ ਆਧਾਰਿਤ ਆਰਥਿਕਤਾ ਦਾ ਵਾਧਾ 1970 ਤੋਂ 1986 ਦੇ 5.7 ਫ਼ੀਸਦੀ ਦੇ ਮੁਕਾਬਲੇ 2006 ਤੋਂ 2016 ਤੱਕ 1.6 ਫ਼ੀਸਦੀ ਹੀ ਦਰਜ ਕੀਤਾ ਗਿਆ ਹੈ। ਸੂਬੇ ਦੇ ਕਿਸਾਨ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ ਤੇ ਸੂਬੇ ਦੀ ਖੇਤੀ ਸੋਨਾ ਉਗਲਣ ਦੀ ਬਜਾਏ ਖ਼ੁਦਕਸ਼ੀਆਂ ਕਰਨ ਲਈ ਮਜਬੂਰ ਹੈ। ਦੇਸ਼ ਵਿਚ ਪੈਦਾ ਹੋ ਰਹੀਆਂ ਕੀਟਨਾਸ਼ਕ ਦਵਾਈਆਂ ਦਾ 19 ਫ਼ੀਸਦੀ ਹਿੱਸਾ ਪੰਜਾਬ ਵਿਚ ਵਰਤੇ ਜਾਣ ਨਾਲ ਜਿੱਥੇ ਮਨੁੱਖੀ ਸਿਹਤ 'ਤੇ ਨਾਂਹ-ਪੱਖੀ ਅਸਰ ਪੈ ਰਿਹਾ ਹੈ, ਉਥੇ ਇਹ ਜ਼ਹਿਰਾਂ ਖਿੱਤੇ ਦੇ ਪਾਣੀ ਨੂੰ ਖ਼ਰਾਬ ਕਰਨ ਵਿਚ ਵੀ ਆਪਣਾ ਹਿੱਸਾ ਪਾ ਰਹੀਆਂ ਹਨ।

### ਪੰਜਾਬ 'ਚੋਂ ਝੋਨੇ ਦੀ ਬਿਜਾਈ ਘਟੀ-

ਇਸ ਵਾਰ ਪੰਜਾਬ ਦੇ ਕਿਸਾਨਾਂ ਨੇ ਝੋਨੇ ਦੀ ਬਿਜਾਈ ਘਟਾਈ ਹੈ। ਐਤਕੀਂ ਲੱਗਭੱਗ 10 ਲੱਖ ਏਕੜ ਜ਼ਮੀਨ ਵਿਚ ਝੋਨੇ ਦੀ ਬਿਜਾਈ ਨਹੀਂ ਹੋਈ। ਪਿਛਲੇ ਸਾਲ 76 ਲੱਖ ਏਕੜ



ਵਿੱਚ ਝੋਨਾ ਲਾਇਆ ਗਿਆ ਸੀ, ਜਿਹੜਾ ਐਤਕੀਂ ਘਟ ਕੇ 66 ਤੋਂ 68 ਲੱਖ ਏਕੜ ਤੱਕ ਆ ਗਿਆ ਹੈ। ਹਾਲਾਂਕਿ ਸਰਕਾਰ ਕਣਕ ਤੇ ਝੋਨੇ ਤੋਂ ਬਿਨਾਂ ਕਿਸੇ ਹੋਰ ਫ਼ਸਲ ਦੀ ਘੱਟੋ-ਘੱਟ ਕੀਮਤ ਦੇਣ ਦੀ ਗਰੰਟੀ ਨਹੀਂ ਦਿੰਦੀ, ਪਰ ਪੰਜਾਬ ਦੇ ਕਿਸਾਨਾਂ ਨੇ ਪਾਣੀਆਂ ਨੂੰ ਬਚਾਉਣ ਲਈ ਸਿਆਣਪ ਕੀਤੀ ਹੈ। ਇਹੀ ਵਜ੍ਹਾ ਹੈ ਕਿ ਐਤਕੀਂ ਕਪਾਹ ਪਿਛਲੇ ਸਾਲ ਦੇ ਸਾਢੇ 6 ਲੱਖ ਏਕੜ ਰਕਬੇ ਨਾਲੋਂ ਵਧਾ ਕੇ ਕਰੀਬ 9 ਲੱਖ 80 ਹਜ਼ਾਰ ਏਕੜ ਅਤੇ ਮੱਕੀ ਪਿਛਲੇ ਸਾਲ ਦੇ 2 ਲੱਖ 66 ਹਜ਼ਾਰ ਏਕੜ ਨਾਲੋਂ ਵਧਾ ਕੇ ਕਰੀਬ 5 ਲੱਖ ਏਕੜ ਵਿੱਚ ਬੀਜੀ ਜਾਏਗੀ। ਇਸੇ ਤਰ੍ਹਾਂ ਆਮ ਝੋਨੇ ਨਾਲੋਂ ਮੁਕਾਬਲਤਨ ਘੱਟ ਪਾਣੀ ਖਾਂਦੀ ਬਾਸਮਤੀ ਦਾ ਏਰੀਆ ਵੀ ਪਿਛਲੇ ਸਾਲ ਦੇ ਸਾਢੇ 12 ਲੱਖ ਏਕੜ ਤੋਂ ਵਧ ਕੇ 17 ਲੱਖ ਏਕੜ ਤੱਕ ਪੁੱਜ ਜਾਣ ਦੀ ਸੰਭਾਵਨਾ ਹੈ।

### ਪੰਜਾਬ 'ਚ ਸੋਕਾ ਪੈਣ ਦੀ ਸੰਭਾਵਨਾ-

ਪੰਜਾਬ ਦਾ ਬਹੁਤਾ ਹਿੱਸਾ ਸੋਕੇ ਦੀ ਮਾਰ ਹੇਠ ਆਉਣ ਵਾਲਾ ਹੈ। ਜ਼ਮੀਨਦੋਜ਼ ਪਾਣੀ ਦਾ ਪੱਧਰ ਬਹੁਤ ਨੀਵਾਂ ਚਲੇ ਜਾਣ ਕਾਰਨ ਅੱਜ ਸੂਬੇ ਦੇ ਬਹੁਤੇ ਬਲਾਕਾਂ ਨੂੰ ਕਾਲੇ ਜ਼ੋਨ ਐਲਾਨ ਦਿੱਤਾ ਗਿਆ ਹੈ। ਪਰ ਕਿਸਾਨ ਰੱਜ ਕੇ ਇਸ ਦੀ ਦੁਰਵਰਤੋਂ ਕਰ ਰਹੇ ਹਨ। ਛੋਟੀਆਂ ਤੋਂ ਲੈ ਕੇ ਵੱਡੀਆਂ ਸਨਅਤਾਂ ਵਿਚ ਇਸ ਦੀ ਪੂਰੀ ਗ਼ੈਰ-ਜ਼ਿੰਮੇਵਾਰੀ ਨਾਲ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਸਨਅਤਾਂ ਕਰਕੇ ਦਰਿਆਵਾਂ ਦਾ ਰਹਿੰਦਾ-ਖੂੰਹਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਜਿਸ ਕਦਰ ਇਸ ਦੀ ਦੁਰਵਰਤੋਂ ਹੋ ਰਹੀ ਹੈ। ਪੰਜਾਬ ਨੂੰ ਇਜ਼ਰਾਈਲ ਤੋਂ ਸਬਕ ਸਿੱਖਣ ਦੀ ਲੋੜ ਹੈ, ਜਿਸ ਨੇ ਪਾਣੀ ਦੇ ਸੰਕਟ ਨੂੰ ਆਪਣੀ ਸਿਆਣੀ ਸੋਚ ਨਾਲ ਦੂਰ ਕੀਤਾ ਹੈ। ਇਕ ਭਰੀ ਬਾਲਟੀ ਦੀ ਥਾਂ ਇਕ ਮੱਗ ਜਿੰਨੇ ਪਾਣੀ ਨਾਲ ਕੰਮ ਸਾਰ ਲਿਆ ਜਾਂਦਾ ਹੈ। ਖੇਤਾਂ ਵਿਚ ਸਿੰਜਾਈ ਲਈ ਛਿੜਕਾਅ ਦੇ ਮਸ਼ੀਨੀ ਪ੍ਰਬੰਧ ਕਰ ਲਏ ਗਏ ਹਨ।

ਹੁਣ ਜਦੋਂ ਕਿ ਇਸ ਸਬੰਧੀ ਖ਼ਤਰੇ ਦੀਆਂ ਘੰਟੀਆਂ ਵੱਜਣੀਆਂ ਸ਼ੁਰੂ ਹੋ ਗਈਆਂ ਹਨ ਤਾਂ ਬਹੁਤ ਦੇਰ ਤੋਂ ਬਾਅਦ ਸਰਕਾਰ ਨੂੰ ਜਾਗ ਆਈ ਹੈ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸੂਬੇ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਹੇਠਾਂ ਜਾਣ ਸਬੰਧੀ ਵੱਡੀ ਚਿੰਤਾ ਜ਼ਾਹਿਰ ਕਰਦਿਆਂ ਇਸ ਲਈ ਸਰਬ ਪਾਰਟੀ ਮੀਟਿੰਗ ਬੁਲਾਉਣ ਦੀ ਗੱਲ ਕੀਤੀ ਹੈ।

### ਕੀ ਕਹਿੰਦੇ ਹਨ ਡਾ. ਜੌਹਲ

ਖੇਤੀ ਵਿਗਿਆਨੀ ਸਰਦਾਰਾ ਸਿੰਘ ਜੌਹਲ ਦਾ ਕਹਿਣਾ ਹੈ ਕਿ ਕਿਸਾਨਾਂ ਕੋਲ ਪਾਣੀ ਸੰਕਟ ਕਾਰਨ ਅੱਜ ਨਹੀਂ ਤਾਂ ਆਉਂਦੇ ਚਾਰ ਸਾਲਾਂ ਨੂੰ



ਉਨ੍ਹਾਂ ਨੂੰ ਹੋਰ ਫ਼ਸਲਾਂ ਲਾਉਣੀਆਂ ਹੀ ਪੈਣੀਆਂ ਹਨ, ਕਿਉਂਕਿ ਪਾਣੀ ਦਾ ਪੱਧਰ ਸਾਲਾਨਾ 51 ਸੈਂਟੀਮੀਟਰ ਤੋਂ ਇੱਕ ਮੀਟਰ ਤੱਕ ਡਿੱਗਦਾ ਜਾ ਰਿਹਾ ਹੈ। ਜੌਹਲ ਨੇ 1986 ਵਿੱਚ ਪੰਜਾਬ ਸਰਕਾਰ ਨੂੰ ਦਿੱਤੀ ਰਿਪੋਰਟ ਵਿੱਚ ਝੋਨੇ ਦਾ ਏਰੀਆ 20 ਫ਼ੀਸਦੀ ਘਟਾਉਣ ਦੀ ਸਿਫ਼ਾਰਸ਼ ਕੀਤੀ ਸੀ। 2002 ਵਿੱਚ ਉਨ੍ਹਾਂ ਕਿਹਾ ਸੀ ਕਿ ਲੱਗਭੱਗ 25 ਲੱਖ ਏਕੜ ਵਿੱਚ ਝੋਨਾ ਲਾਉਣਾ ਬੰਦ ਕੀਤਾ ਜਾਏ। ਹੁਣ ਉਨ੍ਹਾਂ ਕਿਹਾ ਹੈ ਕਿ ਝੋਨੇ ਦੀ ਖੇਤੀ ਮੁਕੰਮਲ ਬੰਦ ਕਰ ਦਿੱਤੀ ਜਾਏ। ਵੇਲੇ ਦੀਆਂ ਸਰਕਾਰਾਂ ਨੇ ਉਨ੍ਹਾ ਦੀਆਂ ਮੱਤਾਂ ਵਲ ਧਿਆਨ ਨਹੀਂ ਦਿੱਤਾ। ਵੋਟਾਂ ਖਾਤਰ ਟਿਊਬਵੈੱਲਾਂ ਦੀ ਗਿਣਤੀ ਵਧਾਉਣ 'ਤੇ ਹੀ ਜ਼ੋਰ ਦਿੱਤਾ। ਇਸ ਵੇਲੇ ਸੂਬੇ ਵਿੱਚ ਸਾਢੇ 14 ਲੱਖ ਟਿਊਬਵੈੱਲ ਹਨ ਤੇ ਲੱਗਭੱਗ ਇੱਕ ਲੱਖ ਕੁਨੈਕਸ਼ਨ ਹੋਰ ਦੇਣ ਦੀ ਤਿਆਰੀ ਹੈ।

### ਪਾਣੀਆਂ ਦੇ ਸੰਕਟ ਕਾਰਨ ਵਿਸ਼ਵ 'ਚ ਜੰਗਾਂ ਵੀ ਹੋਈਆਂ-

ਪਾਣੀ ਦੀ ਸਮੱਸਿਆ ਇਕ ਵਿਸ਼ਵ ਵਿਆਪੀ ਸਮੱਸਿਆ ਹੈ। 'ਨਿਊਜ਼ ਵੀਕ' ਵਰਗੇ ਪ੍ਰਮੁੱਖ ਰਸਾਲੇ ਨੇ ਤਾਂ 2015 ਦੇ ਅਪ੍ਰੈਲ ਅੰਕ ਵਿਚ ਹੀ ਇਕ ਲੇਖ ਛਾਪਿਆ ਸੀ ਕਿ ਪਾਣੀ ਅਗਲੀ ਸਦੀ ਦਾ 'ਪੈਟਰੋਲੀਅਮ' ਹੈ ਤੇ ਪਾਣੀ ਦੇ ਮਾਮਲੇ 'ਤੇ ਜੰਗ ਵੀ ਹੋ ਸਕਦੀ ਹੈ। ਉਸ ਨੇ ਦੁਨੀਆ ਭਰ ਵਿਚ ਪਾਣੀ ਕਾਰਨ ਚੱਲ ਰਹੇ ਕਿੰਨੇ ਹੀ ਝਗੜਿਆਂ ਦਾ ਜ਼ਿਕਰ ਵੀ ਕੀਤਾ ਸੀ, ਜੋ ਅੰਤਰਰਾਸ਼ਟਰੀ ਜੰਗ ਦਾ ਕਾਰਨ ਬਣ ਸਕਦੇ ਹਨ। ਪਾਣੀ ਕਾਰਨ ਹੋਈ ਪਹਿਲੀ ਜੰਗ ਦਾ ਲਿਖਤ ਇਤਿਹਾਸ ਕਰੀਬ ਸਾਢੇ 4 ਹਜ਼ਾਰ ਸਾਲ ਪੁਰਾਣਾ ਹੈ। ਅੱਜ ਦੇ ਇਰਾਕ ਦੇ ਇਲਾਕੇ ਵਿਚ ਸਥਿਤ ਲਗਾਸ਼ ਅਤੇ ਉਮਾ ਨਾਂਅ ਦੇ ਰਾਜਾਂ ਵਿਚਕਾਰ ਲੜਾਈ ਹੋਈ ਸੀ। ਅਸਲ ਵਿਚ ਲਗਾਸ਼ ਦੇ ਰਾਜੇ ਉਰਲਾਮਾ ਨੇ ਦਰਿਆ ਟਿਗਰਿਸ ਤੇ ਦਰਿਆ ਯੂਫਰੇਟਸ ਦੇ ਸੰਗਮ ਨੇੜੇ ਗੁ-ਏਡੀਨਾ ਜਿਸ ਦਾ ਮਤਲਬ 'ਸਵਰਗ ਦਾ ਕਿਨਾਰਾ' ਦੇ ਇਲਾਕੇ ਵਿਚ ਨਹਿਰਾਂ ਬਣਾ ਕੇ ਪਾਣੀ ਦਾ ਰਾਹ ਬਦਲ ਕੇ ਉਮਾ ਰਾਜ ਨੂੰ ਪਾਣੀ ਤੋਂ ਮਹਿਰੂਮ ਕਰ ਦਿੱਤਾ ਸੀ। ਉਂਜ ਤਾਂ ਮੁਸਲਿਮ ਧਰਮ ਦੀ ਪ੍ਰਸਿੱਧ ਲੜਾਈ 'ਕਰਬਲਾ ਦੀ ਜੰਗ' ਦੇ ਕਾਰਨਾਂ ਵਿਚ ਵੀ ਪਾਣੀ ਇਕ ਮਹੱਤਵਪੂਰਨ ਕਾਰਨ ਮੰਨਿਆ ਜਾਂਦਾ ਹੈ।

### ਪੰਜਾਬ ਲਈ ਬੇਹੱਦ ਜ਼ਰੂਰੀ ਹੈ ਜਲ ਸਰੋਤਾਂ ਸਬੰਧੀ ਯੋਜਨਾਬੰਦੀ-

ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿਚ ਭਾਸ਼ਣ ਦਿੰਦੇ ਹੋਏ ਪਾਣੀ ਦੇ ਮਾਮਲੇ 'ਤੇ ਕਾਫੀ ਗੰਭੀਰਤਾ ਨਾਲ ਗੱਲ ਕੀਤੀ ਹੈ। ਪਰ ਉਨ੍ਹਾਂ ਨੂੰ ਪਾਣੀ ਦੇ ਮਾਮਲੇ 'ਤੇ ਪੰਜਾਬ ਨਾਲ ਕੇਂਦਰ ਵਲੋਂ ਪਿਛਲੇ 70 ਸਾਲਾਂ ਤੋਂ ਕੀਤੀ ਜਾ ਰਹੀ ਵਧੀਕੀ ਬਾਰੇ ਅੱਜ ਤੱਕ ਨਹੀਂ ਸੋਚਿਆ ਕਿ ਇਸ ਮਾਮਲੇ ਵਿਚ ਪੰਜਾਬ ਨਾਲ ਕਿੰਨੀ ਵੱਡੀ ਬੇਇਨਸਾਫ਼ੀ ਹੋਈ। ਪੰਜਾਬ ਦਾ 10 ਸਾਲਾਂ ਦਾ ਕਾਲਾ ਦੌਰ, ਜਿਸ ਦੀ ਪੀੜ ਦਾ ਅਹਿਸਾਸ ਅੱਜ ਵੀ ਪੰਜਾਬੀਆਂ ਦੇ ਮਨਾਂ ਵਿਚ ਜ਼ਿੰਦਾ ਹੈ, ਅਸਲ ਵਿਚ ਪਾਣੀ ਦੀ ਹੀ ਇਕ ਲੜਾਈ ਸੀ।

ਪਾਣੀ ਬਚਾਉਣ ਲਈ ਸ਼ੁਰੂ ਹੋਇਆ ਕਪੂਰੀ ਮੋਰਚਾ ਹੀ 'ਧਰਮਯੁੱਧ ਮੋਰਚੇ' ਵਿਚ ਬਦਲਿਆ, ਜਿਸ ਦਾ ਸਰੂਪ ਬਦਲਦਾ ਗਿਆ ਤੇ ਜਿਸ ਕਰਕੇ ਪੰਜਾਬ ਨੂੰ ਅਣਕਿਆਸੀ ਮਾਰ ਸਹਿਣੀ ਪਈ। ਇਸ ਕਾਰਨ ਪੰਜਾਬ ਦਾ ਖ਼ੂਨ ਡੁੱਲਿਆ ਜਿਸ ਦੀ ਜ਼ਿੰਮੇਵਾਰ ਕੇਂਦਰ ਸਰਕਾਰ ਹੈ, ਜਿਸ ਨੇ ਪੰਜਾਬ ਦੇ ਹੱਕਾਂ ਨੂੰ ਸਟੇਟ ਦੇ ਡੰਡੇ ਨਾਲ ਦਬਾਇਆ। ਪੰਜਾਬ ਬਾਰੇ ਇਕ ਰਿਪੋਰਟ ਸਾਫ਼ ਚਿਤਾਵਨੀ ਦੇ ਰਹੀ ਹੈ ਕਿ ਜਿਸ ਤਰ੍ਹਾਂ ਧਰਤੀ ਹੇਠਲਾ ਪਾਣੀ ਵਰਤਿਆ ਜਾ ਰਿਹਾ ਹੈ, ਜੇਕਰ ਨਾ ਸੰਭਲਿਆ ਗਿਆ ਤਾਂ ਸਿਰਫ 20 ਸਾਲਾਂ ਵਿਚ ਹੀ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸਾਰੇ ਭੰਡਾਰ ਖ਼ਤਮ ਹੋ ਜਾਣਗੇ।

### ਪੰਜਾਬ ਸਰਕਾਰ ਦਾ ਇਕ ਸਹੀ ਕਦਮ-

ਪੰਜਾਬ ਸਰਕਾਰ ਨੇ ਇਜ਼ਰਾਈਲ ਦੀ ਇਕ ਕੰਪਨੀ ਨਾਲ ਪੰਜਾਬ ਦੇ ਪਾਣੀ ਦੀ ਸੰਭਾਲ ਤੇ ਵਰਤੋਂ ਲਈ ਇਕ ਯੋਜਨਾ ਤਿਆਰ ਕਰਨ ਦਾ ਸਮਝੌਤਾ ਕੀਤਾ ਹੈ। ਪਿਛਲੇ ਦਿਨੀਂ ਇਜ਼ਰਾਈਲ ਦੇ ਮਾਹਿਰ ਪੰਜਾਬ ਆਏ ਵੀ ਸਨ। ਇਸ ਦੇ ਨਾਲ ਹੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖੇਤੀ, ਘਰੇਲੂ ਅਤੇ ਉਦਯੋਗਿਕ ਖੇਤਰਾਂ ਵਿਚ ਪਾਣੀ ਦੀ ਵਰਤੋਂ ਵਿਚ ਸੁਧਾਰ ਲਈ ਰਾਜ ਪਾਣੀ ਅਧਿਕਾਰ ਸੰਸਥਾ (ਸਟੇਟ ਵਾਟਰ ਅਥਾਰਿਟੀ) ਬਣਾਉਣ ਲਈ ਵੀ ਪ੍ਰਵਾਨਗੀ ਦਿੱਤੀ ਹੈ, ਜਦੋਂ ਕਿ ਫ਼ਸਲਾਂ ਦੇ ਮੌਜੂਦਾ ਚੱਕਰ ਨੂੰ ਬਦਲਣ ਲਈ ਸੁਝਾਅ ਦੇਣ ਵਾਸਤੇ ਪੰਜਾਬ ਦੇ ਵਧੀਕ ਮੁੱਖ ਸਕੱਤਰ ਵਿਸ਼ਵਜੀਤ ਖੰਨਾ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਦੇ ਉਪ-ਕੁਲਪਤੀ ਡਾ: ਬੀ.ਐਸ. ਢਿੱਲੋਂ ਦੀ ਅਗਵਾਈ ਵਿਚ ਇਕ ਕਮੇਟੀ ਵੀ ਬਣਾਈ ਗਈ ਹੈ ਜੋ ਝੋਨੇ ਦੀ ਥਾਂ ਸਬਜ਼ੀਆਂ, ਦਾਲਾਂ, ਮੱਕੀ ਜਾਂ ਹੋਰ ਫ਼ਸਲਾਂ ਦੀ ਬਿਜਾਈ ਬਾਰੇ ਕਿਸਾਨਾਂ ਲਈ ਲਾਭਦਾਇਕ ਯੋਜਨਾਵਾਂ ਦੇ ਸੁਝਾਅ ਦੇਵੇਗੀ। ਪਰ ਚੰਗੀ ਸੋਚ ਵਾਲੇ ਪੰਜਾਬੀਆਂ ਨੂੰ ਡਰ ਹੈ ਕਿ ਪੰਜਾਬ ਸਰਕਾਰ ਦੇ ਇਹ ਸਾਰੇ ਕੰਮ ਕਿਤੇ ਕਾਗਜ਼ਾਂ ਵਿਚ ਹੀ ਨਾ ਰਹਿ ਜਾਣ।



## ਪੰਜਾਬ ਰੇਗਿਸਤਾਨ ਬਣਨ ਵੱਲ

**ਕੇਂਦਰ ਸਰਕਾਰ ਦੀ ਰਿਪੋਰਟ ਵਿਚ ਖੁਲਾਸਾ**

*ਪੰਜਾਬ ਦਾ ਬਹੁਤਾ ਹਿੱਸਾ ਸੋਕੇ ਦੀ ਮਾਰ ਹੇਠ ਆਉਣ ਵਾਲਾ ਹੈ। ਜ਼ਮੀਨਦੋਜ਼ ਪਾਣੀ ਦਾ ਪੱਧਰ ਬਹੁਤ ਨੀਵਾਂ ਚਲੇ ਜਾਣ ਕਾਰਨ ਅੱਜ ਸੂਬੇ ਦੇ ਬਹੁਤੇ ਬਲਾਕਾਂ ਨੂੰ ਕਾਲੇ ਜ਼ੋਨ ਐਲਾਨ ਦਿੱਤਾ ਗਿਆ ਹੈ। ਪਰ ਕਿਸਾਨ ਰੱਜ ਕੇ ਇਸ ਦੀ ਦੁਰਵਰਤੋਂ ਕਰ ਰਹੇ ਹਨ। ਛੋਟੀਆਂ ਤੋਂ ਲੈ ਕੇ ਵੱਡੀਆਂ ਸਨਅਤਾਂ ਵਿਚ ਇਸ ਦੀ ਪੂਰੀ ਗ਼ੈਰ-ਜ਼ਿੰਮੇਵਾਰੀ ਨਾਲ ਵਰਤੋਂ ਕੀਤੀ ਜਾ ਰਹੀ ਹੈ। ਇਨ੍ਹਾਂ ਸਨਅਤਾਂ ਕਰਕੇ ਦਰਿਆਵਾਂ ਦਾ ਰਹਿੰਦਾ-ਖੂੰਹਦਾ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਪਿੰਡਾਂ ਅਤੇ ਸ਼ਹਿਰਾਂ ਵਿਚ ਜਿਸ ਕਦਰ ਇਸ ਦੀ ਦੁਰਵਰਤੋਂ ਹੋ ਰਹੀ ਹੈ।*

ਅੰਮ੍ਰਿਤਸਰ ਟਾਈਮਜ਼ AMRITSAR TIMES
03 ਜੁਲਾਈ 2019 ਤੋਂ 09 ਜੁਲਾਈ 2019

# ਸਿੱਖਾਂ ਲਈ 550ਵੇਂ ਪ੍ਰਕਾਸ਼ ਪੁਰਬ ਦਾ ਮੁਬਾਰਕ ਮੌਕਾ

**ਮਨਜੀਤ ਸਿੰਘ ਟਿਵਾਣਾ**

ਅਸੀਂ ਸਾਲ 2019 ਨੂੰ ਗੁਰੂ ਨਾਨਕ ਸਾਹਿਬ ਦੇ ਜਨਮ ਦੇ 550ਵੇਂ ਵਰ੍ਹੇ ਵੱਜੋਂ ਮਨਾ ਰਹੇ ਹਾਂ। ਇਸ ਬਾਬਤ ਬਹੁਤ ਸਾਰੀਆਂ ਸਰਕਾਰੀ ਤੇ ਗੈਰ-ਸਰਕਾਰੀ ਪਹਿਲ-ਕਦਮੀਆਂ ਹੋ ਰਹੀਆਂ ਹਨ। ਦੱਖਣੀ ਏਸ਼ੀਆ ਦੇ ਦੋ ਦੇਸ਼ ਭਾਰਤ ਤੇ ਪਾਕਿਸਤਾਨ ਇਸ ਪੁਰਬ ਨੂੰ ਸਰਕਾਰੀ ਤੇ ਵੱਡੇ ਪੱਧਰ ਉਤੇ ਮਨਾਉਣ ਲਈ ਚਾਰਾਜੋਈ ਕਰ ਰਹੇ ਹਨ। ਯੂਰਪ, ਖਾੜੀ ਦੇ ਦੇਸ਼ਾਂ ਸਮੇਤ ਸੰਸਾਰ ਭਰ ਵਿਚ, ਜਿਥੇ-ਜਿਥੇ ਵੀ ਸਿੱਖ ਕੌਮ ਵਸਦੀ ਹੈ, ਇਸ ਪੁਰਬ ਨੂੰ ਜ਼ੋਰ-ਸ਼ੋਰ ਨਾਲ ਮਨਾਉਣ ਲਈ ਤਿਆਰੀਆਂ ਹੋ ਰਹੀਆਂ ਹਨ। ਬਿਨਾ ਸ਼ੱਕ ਇਹ ਸਿੱਖ ਕੌਮ ਲਈ ਇਕ ਮੁਬਾਰਕ ਤੇ ਵੱਡਾ ਮੌਕਾ ਹੈ। ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ, ਸਿੱਖ ਕੌਣ ਹਨ ਤੇ ਸਿੱਖ ਗੁਰੂ ਸਾਹਿਬਾਨਾਂ ਦੀ ਘਾਲਣਾ ਬਾਰੇ ਦੁਨੀਆ ਨੂੰ ਦੱਸਣ ਲਈ ਇਸ ਮੌਕੇ ਦੀ ਬਿਹਤਰ ਵਰਤੋਂ ਕੀਤੀ ਜਾ ਸਕਦੀ ਹੈ।

ਸਿੱਖ ਵਿਚਾਰਧਾਰਾ ਦਾ ਭਾਰਤ ਤੇ ਪੰਜਾਬ ਦੇ ਇਤਿਹਾਸ ਵਿਚ ਇਕ ਵੱਖਰਾ ਮੁਕਾਮ ਰਿਹਾ ਹੈ। ਸੰਸਾਰ ਪੱਧਰ ਦੇ ਬਹੁਤੇ ਵਿਦਵਾਨ ਇਸ ਮੱਤ ਨਾਲ ਸਹਿਮਤ ਹਨ ਕਿ ਗੁਰੂ ਨਾਨਕ ਸਾਹਿਬ ਦਾ ਫਲਸਫਾ ਪੂਰੇ ਸੰਸਾਰ ਦੀ ਅਮਨ ਸ਼ਾਂਤੀ ਅਤੇ ਸਮੁੱਚੀ ਮਨੁੱਖਤਾ ਲਈ ਰਾਹ ਦਸੇਰਾ ਬਣ ਸਕਦਾ ਹੈ। ਇਸ ਮੌਕੇ ਉਤੇ ਇਹ ਸੱਚ ਬਾਹਰਲੀ ਦੁਨੀਆ ਦੇ ਲੋਕਾਂ ਨੂੰ ਵੱਡੇ ਪੱਧਰ ਉਤੇ ਅਤੇ ਵਧੇਰੇ ਸੁਚੱਜਤਾ ਨਾਲ ਦੱਸਣ ਦਾ ਸਬੱਬ ਬੰਨ੍ਹਿਆ ਜਾ ਸਕਦਾ ਹੈ।

ਅਜੋਕੇ ਸੰਸਾਰ ਨਾਲ ਪੈਰ ਮੇਲ ਕੇ ਚੱਲਣ ਲਈ ਸਿੱਖਾਂ ਸਮੇਤ ਸੰਸਾਰ ਦੀਆਂ ਤਮਾਮ ਕੌਮਾਂ ਨੂੰ ਨਵੀਆਂ ਚੁਣੌਤੀਆਂ ਨਾਲ ਸਿੱਝਣਾ ਪੈ ਰਿਹਾ ਹੈ। ਸਭ ਤੋਂ ਵੱਡਾ ਚੈਲਿੰਜ ਸੰਸਾਰ ਦੀ ਨਵੀਂ ਪੀੜ੍ਹੀ ਦਾ ਹੈ, ਜੋ ਸਿੱਖਿਆ ਪ੍ਰਣਾਲੀਆਂ ਦੇ ਕਿੱਤਾਮੁਖੀ ਸੁਭਾਅ ਦੀ ਪਿਉਂਦ ਨਾਲ ਪਰਵਾਨ ਚੜ੍ਹਦੀ ਹੋਈ, ਨੈਤਿਕ ਸਿੱਖਿਆ ਤੋਂ ਵਿਰਵੀ ਹੋ ਜਾਣ ਤਾ ਸੰਤਾਪ ਝੱਲ ਰਹੀ ਹੈ। ਸਿੱਖਾਂ ਕੋਲ ਆਪਣੀ ਨਵੀਂ ਪੀੜ੍ਹੀ ਨੂੰ ਸਿੱਖ ਸਿਧਾਂਤ ਦੀ ਸਰਬ ਵਿਆਪਕਤਾ ਦੇ ਸਦੀਵੀ ਗੁਣਾਂ ਦੀ ਬਦੌਲਤ , ਬਦਲਦੇ ਸੰਸਾਰ ਵਿਚ ਵੀ ਇਸ ਦੀ ਸਾਰਥਿਕਤਾ ਦੱਸਣ ਤੇ ਪ੍ਰਗਟਾਉਣ ਲਈ ਬਹੁਤ ਕੁਝ ਹੈ। ਸਿੱਖ ਕੌਮ ਦੀਆਂ ਬਹੁਤ ਸਾਰੀਆਂ ਮੁਸ਼ਕਲਾਂ ਤੇ ਦੁਖਾਂ ਦਾ ਵੱਡਾ ਕਾਰਨ ਵਕਤੀ ਗੁਲਾਮੀ ਦੇ ਪ੍ਰਭਾਵ ਵਿਚ ਖਾਲਸੇ ਦੀ ਆਜ਼ਾਦ ਤੇ ਨਿਆਰੀ ਹਸਤੀ ਦੇ ਸਿਧਾਂਤ ਨੂੰ ਸਮਝਣ ਤੇ ਮਹਿਸੂਸ ਕਰਨ ਦੀ ਕੁਤਾਹੀ ਬਣ ਰਿਹਾ ਹੈ। ਇਸ ਕਰ ਕੇ ਸਿੱਖ ਪ੍ਰਚਾਰਕਾਂ ਤੇ ਵਿਦਵਾਨਾਂ ਨੂੰ ਇਸ ਜਮੂਦ ਨੂੰ ਤੋੜਨ ਲਈ ਗੁਰੂ ਨਾਨਕ ਵਿਚਾਰਧਾਰਾ ਦੇ ਰਾਜਨੀਤਕ ਪੱਖ ਨੂੰ ਰੌਸ਼ਨ ਕਰਨ ਲਈ ਇਸ ਮੌਕੇ ਦਾ ਜ਼ਰੂਰ ਲਾਭ ਉਠਾਉਣਾ ਚਾਹੀਦਾ ਹੈ।

ਇਸ ਦੇ ਨਾਲ ਹੀ ਇਹ ਸਮਾਂ ਖੁਦ ਸਿੱਖਾਂ ਲਈ ਆਤਮ ਪੜਚੋਲ ਕਰਨ ਦਾ ਵੀ ਹੈ ਕਿ ਉਹ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਉਤੇ ਕਿਥੇ ਖੜ੍ਹੇ ਹਨ। ਸਿੱਖ ਤਰਜ਼-ਏ-ਜ਼ਿੰਦਗੀ ਦੀ ਪਹਿਲ ਤਾਜ਼ਗੀ ਨੂੰ ਕਿਵੇਂ ਬਰਕਰਾਰ ਰੱਖਿਆ ਜਾ ਸਕਦਾ ਹੈ। ਅੱਜ ਸਾਡੇ ਸਿੱਖ ਸਮਾਜ ਵਿਚ ਕੁਝ ਅਜਿਹੀਆਂ ਘਟਨਾਵਾਂ ਵੀ ਵਾਪਰ ਰਹੀਆਂ ਹਨ, ਜੋ ਸਿੱਖ ਕੌਮ ਦੇ ਸ਼ਾਨਾਮੱਤੇ ਇਤਿਹਾਸ ਨਾਲ ਮੇਲ ਨਹੀਂ ਖਾਂਦੀਆਂ। ਇਹ ਘਟਨਾਵਾਂ ਸਾਡੇ ਸਮਾਜ ਦਾ ਕਰੂਪ ਚਿਹਰਾ ਵਿਖਾਉਣ ਵਾਲੀਆਂ ਤੇ ਗੰਭੀਰ ਚਿੰਤਾ ਵਾਲੀਆਂ ਹਨ। ਜਦੋਂ ਸਿੱਖ ਕੌਮ ਦੀ ਸਰਜ਼ਮੀਂ ਪੰਜਾਬ ਵਿਚੋਂ ਇਹ ਖਬਰ ਆਉਂਦੀ ਹੈ ਕਿ 10 ਸਾਲਾਂ 'ਚ ਤੇਰ੍ਹਾਂ ਲੱਖ ਮਾਵਾਂ ਦੀਆਂ ਕੁੱਖਾਂ 'ਚੋਂ ਬੱਚੇ ਹੀ ਗਾਇਬ ਹੋ ਗਏ ਹਨ, ਤਾਂ ਕਲੇਜਾ ਮੂੰਹ ਨੂੰ ਆ ਜਾਂਦਾ ਹੈ। ਇਕ ਹੋਰ ਖ਼ਬਰ ਮੁਤਾਬਿਕ ਪੰਜਾਬ ਦੇ ਜਿਹੜੇ 12516 ਵਿਅਕਤੀ ਪਿਛਲੇ ਇਕ ਵਰ੍ਹੇ ਵਿਚ ਲਾਪਤਾ ਹੋਏ, ਉਨ੍ਹਾਂ ਵਿਚ ਵੀ 8716 ਕੁੜੀਆਂ ਸਨ। ਸਿੱਖ ਬਹੁਗਿਣਤੀ ਪੰਜਾਬ 'ਤੇ 'ਕੁੜੀਮਾਰਾਂ' ਦਾ ਸੂਬਾ ਹੋਣ ਦਾ ਧੱਬਾ ਲੱਗ ਰਿਹਾ ਹੈ। ਸਿੱਖ ਸਭਿਆਚਾਰ, ਗੁਰੂ ਸਾਹਿਬਾਨ ਦੀ ਦੇਣ ਹੈ, ਇਸ ਲਈ ਇਸ ਦੀ ਰਾਖੀ ਤੋਂ ਕੁਤਾਹੀ ਨਹੀਂ ਹੋਣੀ ਚਾਹੀਦੀ। ਜਿਹੜੀ ਧਰਤੀ ਨੂੰ ਪੰਜਾਬੀ ਦੇ ਮਹਾਨ ਸ਼ਾਇਰ ਪ੍ਰੋ. ਪੂਰਨ ਸਿੰਘ ਨੇ "ਗੁਰੂਆਂ ਦੇ ਨਾਂ 'ਤੇ ਵਸਦੀ" ਕਿਹਾ ਸੀ, ਉਥੇ ਹੀ ਗੁਰੂਆਂ ਦੇ ਸਿਧਾਂਤ ਖਿਲਾਫ ਅਜਿਹੀਆਂ ਬੱਜਰ ਕੁਰਹਿਤਾਂ ਦਾ ਇਸ ਕਦਰ ਬੋਲਬਾਲਾ ਸਰਾਪ ਵਰਗਾ ਹੈ। ਨਸ਼ਿਆਂ ਦੇ ਸੇਵਨ ਬਾਰੇ ਪੰਜਾਬ ਨੇ ਜਿਹੜੇ ਰਿਕਾਰਡ ਸਥਾਪਿਤ ਕਰ ਦਿੱਤੇ ਹਨ, ਉਹ ਵੀ ਕਿਸੇ ਤੋਂ ਗੁੱਝੇ ਨਹੀਂ ਹਨ।

ਕਿਰਤ ਦੇ ਸਿਧਾਂਤ ਨੂੰ ਵੀ ਅਸੀਂ ਕਿਸੇ ਨਾ ਕਿਸੇ ਰੂਪ ਵਿਚ ਤਿਲਾਂਜਲੀ ਦੇ ਰਹੇ ਹਾਂ। ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਅੱਜ ਧਰਮ ਤੇ ਤਹਿਜ਼ੀਬ ਦੋਵੇਂ ਹੀ ਭੁੱਲਣ ਲੱਗ ਪਏ ਹਾਂ। ਜਿਸ ਧਰਤੀ 'ਤੇ ਰਿਸ਼ਤਿਆਂ ਨੂੰ ਪੂਰਾ-ਪੂਰਾ ਮਾਣ, ਦਿਲ ਦੀਆਂ ਡੂੰਘਾਈਆਂ 'ਚੋਂ ਮਿਲਦਾ ਸੀ, ਉਸ ਧਰਤੀ 'ਤੇ ਰਿਸ਼ਤਿਆਂ ਦਾ ਕਤਲ ਹੋਣ ਲੱਗ ਪਿਆ ਹੈ। ਕਥਿਤ ਆਧੁਨਿਕਤਾ ਦੀ ਹਨੇਰੀ ਅਤੇ ਗਹਿਰੀ ਸਾਜਿਸ਼ ਨਾਲ ਤਬਾਹ ਕੀਤੀ ਜਾ ਚੁੱਕੀ ਆਰਥਿਕਤਾ ਨਾਲ ਜ਼ਮੀਰਾਂ ਵੀ ਮਰ ਰਹੀਆਂ ਹਨ। ਸਿੱਖਾਂ ਦੀ ਪੀੜ੍ਹੀ ਨੂੰ ਸਦਾਚਾਰਕ ਕੀਮਤਾਂ ਤੋਂ ਕਿਨਾਰਾ ਕਰ ਗਏ ਬਿਪਰ ਰਾਜ ਪ੍ਰਬੰਧ ਦੀ ਲਾਗ ਬੜੀ ਤੇਜ਼ੀ ਨਾਲ ਲਗਦੀ ਜਾ ਰਹੀ ਹੈ। ਬੇਲਗਾਮ ਹੋਈ ਨਵੀਂ ਪੀੜ੍ਹੀ ਜਾਂ ਤਾਂ ਵਿਦੇਸ਼ ਜਾਣ ਦੀ ਅੰਨ੍ਹੀ ਦੌੜ ਵਿਚ ਪਈ ਹੋਈ ਹੈ ਤੇ ਜਾਂ ਫਿਰ ਗੁਰਮਤਿ ਵਿਰੋਧੀ ਅਲਾਮਤਾਂ ਦਾ ਸ਼ਿਕਾਰ ਹੋ ਕੇ ਰਸਾਤਲ ਵੱਲ ਜਾ ਰਹੀ ਹੈ। ਇਸ ਕੌੜੀ ਸਚਾਈ ਨੂੰ ਖੁੱਲ੍ਹੇ ਮਨ ਨਾਲ ਸਵੀਕਾਰ ਕਰ ਕੇ, ਇਸ ਦੇ ਹੱਲ ਲਈ ਗੰਭੀਰ ਹੋਣਾ ਪਵੇਗਾ। ਝੂਠੀ ਸ਼ੋਹਰਤ ਲਈ ਵਿਖਾਵੇ ਤੇ ਫਜ਼ੂਲ ਖਰਚੀ ਰੋਕ ਕੇ, ਸਬਰ ਤੇ ਸੰਤੋਖ ਵਾਲੀ ਗੁਰਮੁਖੀ ਭਾਵਨਾ ਨੂੰ ਮੁੜ ਜਗਾਉਣਾ ਹੋਵੇਗਾ। ਨਹੀਂ ਤਾਂ ਪਹਿਲਾਂ ਆਏ ਤੇ ਮਨਾਏ ਗਏ ਬਹੁਤ ਸਾਰੇ ਸ਼ਤਾਬਦੀ ਦਿਹਾੜਿਆਂ ਵਾਂਗ ਇਹ ਮੌਕਾ ਵੀ ਆਪਣੇ ਅਸਲ ਮਕਸਦ ਤੋਂ ਖੁੰਝ ਜਾਵੇਗਾ। ਅਜਿਹੇ ਹਾਲਾਤ ਬਾਰੇ ਗੁਰੂ ਨਾਨਕ ਸਾਹਿਬ ਜੀ ਦੇ ਸਾਢੇ ਪੰਜ ਸੌ ਸਾਲਾ ਗੁਰਪਰਬ ਮਨਾਉਣ ਜਾ ਰਹੇ ਸਿੱਖਾਂ ਨੂੰ ਆਤਮ ਚਿੰਤਨ ਜ਼ਰੂਰ ਕਰਨਾ ਚਾਹੀਦਾ ਹੈ। ਇਸ ਮੁਬਾਰਕ ਮੌਕੇ ਨੂੰ ਅਸੀਂ ਆਪਣੀ ਕੌਮ ਦੇ ਰੌਸ਼ਨ ਭਵਿੱਖ ਲਈ ਤਾਂ ਹੀ ਸਾਰਥਿਕ ਕਰ ਸਕਦੇ ਹਾਂ, ਜੇਕਰ ਸਾਡੀਆਂ ਭਾਵਨਾਵਾਂ ਨਿਰ-ਸਵਾਰਥ ਹੋ ਕੇ ਕੌਮ ਦੇ ਚੰਗੇਰੇ ਭਵਿੱਖ ਦੀਆਂ ਜ਼ਾਮਨ ਬਣਨ ਦੀ ਲੋਚਾ ਰੱਖਦੀਆਂ ਹੋਣਗੀਆਂ। ਇਹੋ ਹੀ ਗੁਰੂ ਨਾਨਕ ਸਾਹਿਬ ਦੇ ਜਨਮ ਦੇ ਪੰਜ ਸੌ ਪੰਜਾਹਵੇਂ ਵਰ੍ਹੇ ਦੇ ਜਸ਼ਨਾਂ ਦਾ ਅਸਲ ਤੇ ਇਕੋ ਇਕ ਮਕਸਦ ਹੋਣਾ ਚਾਹੀਦਾ ਹੈ।

ਸਥਾਪਨਾ ਦਿਵਸ 'ਤੇ ਵਿਸ਼ੇਸ਼

# ਆਜ਼ਾਦ ਸਿੱਖ ਪ੍ਰਭੁਸੱਤਾ ਦਾ ਪ੍ਰਤੀਕ ਹੈ ਸ੍ਰੀ ਅਕਾਲ ਤਖਤ ਸਾਹਿਬ



**ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਦੇ ਦਿਨ ਸਾਨੂੰ ਇਹ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਕਿ ਮੀਰੀ-ਪੀਰੀ ਦੇ ਮਾਲਕ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਿਉਂ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਸ੍ਰੀ ਦਰਬਾਰ ਸਾਹਿਬ ਦੀ ਬੁੱਕਲ ਦੀ ਹੀ ਚੋਣ ਕਿਉਂ ਕੀਤੀ ? ਅੱਜ ਜਦੋਂ ਅਸੀ ਗੁਰੂ ਦੀ ਬੁੱਕਲ ਦੇ ਨਿੱਘ ਅਤੇ ਅਗਵਾਈ ਤੋਂ ਬੇਮੁੱਖ ਤੇ ਦੂਰ ਹੋ ਗਏ ਹਾਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੂਰੀ ਬਣਨੀ ਕੁਦਰਤੀ ਹੀ ਸੀ। ਦਸਮੇਸ਼ ਪਿਤਾ ਨੇ ਬਾਅਦ 'ਚ ਇਹ ਸਪੱਸ਼ਟ ਵੀ ਕੀਤਾ ਸੀ ਕਿ ਉਹ ਆਪਣੇ ਪੁੱਤਰਾਂ ਤੋਂ ਪਿਆਰੇ ਸਿੱਖ ਦੀ ਉਦੋਂ ਤਕ ਹੀ ਪ੍ਰਤੀਤ ਕਰਨਗੇ ਜਦੋਂ ਤਕ ਉਹ ਬਿਪਰਨ ਦੇ ਰਾਹ ਤੋ ਕੋਹਾਂ ਦੂਰ ਰਹੇਗਾ।**

**ਜਸਪਾਲ ਸਿੰਘ ਹੇਰਾਂ**

ਅਸੀਂ ਸਿੱਖਾਂ ਦੀ ਆਜ਼ਾਦ, ਰਾਜਸੀ ਸ਼ਕਤੀ ਦੇ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਇਕ ਜੁਲਾਈ ਨੂੰ ਸਥਾਪਨਾ ਦਿਵਸ ਮਨਾ ਕੇ ਹਟੇ ਹਾਂ। "ਅਕਾਲ ਤਖ਼ਤ ਮਹਾਨ ਹੈ-ਸਿੱਖ ਕੌਮ ਦੀ ਸ਼ਾਨ ਹੈ", ਇਹ ਸਿਰਫ਼ ਨਾਅਰਾ ਨਹੀਂ, ਸਗੋਂ ਹਰ ਸੱਚੇ ਤੇ ਗੁਰੂ ਨੂੰ ਪ੍ਰਨਾਏ ਸਿੱਖ ਦੇ ਸੀਨੇ ਉਕਰੀ ਸਚਾਈ ਹੈ। ਛੇਵੇਂ ਪਾਤਸ਼ਾਹ ਨੇ ਕੁੱਲ ਦੁਨੀਆ ਦੇ ਤਖ਼ਤਾਂ ਤੋਂ ਉਪਰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਸਿੱਖਾਂ ਨੂੰ ਵਿਸ਼ਵ ਸਿਰਦਾਰੀ ਦਾ ਸੰਕਲਪ ਦਿੱਤਾ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਸਿੱਖਾਂ ਦੀ ਅਜ਼ਾਦ ਹੋਂਦ ਦਾ ਪ੍ਰਤੀਕ ਹੈ। ਇਹ ਧਰਮ ਤੇ ਰਾਜਸੀ ਸ਼ਕਤੀ ਦਾ ਸੰਗਮ ਹੈ, ਜਿੱਥੇ ਮਨੁੱਖ ਨੂੰ ਹਰ ਗੁਲਾਮੀ ਤੋਂ ਅਜ਼ਾਦ ਹੋਣ ਦਾ ਅਹਿਸਾਸ ਹੀ ਨਹੀਂ ਦਿੱਤਾ ਜਾਂਦਾ ਸਗੋਂ ਐਲਾਨ ਕੀਤਾ ਜਾਂਦਾ ਹੈ। ਦੁਨੀਆ 'ਚ ਧਾਰਮਿਕ ਪਾਖੰਡਵਾਦ ਨੂੰ ਖ਼ਤਮ ਕਰਨ, ਰਾਜਸੀ ਤਾਕਤ ਨੂੰ ਬੇ-ਲਗਾਮ ਹੋਣ ਤੋਂ ਰੋਕਣ ਅਤੇ ਮਨੁੱਖੀ ਬਰਾਬਰੀ ਵਾਲੇ ਹਲੇਮੀ ਰਾਜ ਦੀ ਸਥਾਪਨਾ ਲਈ ਅਕਾਲ ਦੇ ਇਸ ਤਖ਼ਤ ਦੀ ਸਿਰਜਣਾ ਖੁਦ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਨੇ ਕੀਤੀ ਸੀ। ਉਨ੍ਹਾਂ ਨੇ ਹੀ ਸਿੱਖ ਧਰਮ ਦੀ ਪੁਖਤਾ ਬੁਨਿਆਦ ਤੇ ਸਿੱਖੀ ਦਾ ਮਹਿਲ ਉਸਾਰਨ ਲਈ ਮੀਰੀ-ਪੀਰੀ ਦੇ ਸਿਧਾਂਤ ਨੂੰ ਲਾਗੂ ਕੀਤਾ ਸੀ।

ਸਿੱਖ ਪੰਥ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦੇ 309 ਵਰ੍ਹਿਆਂ ਤੋਂ ਹਮੇਸ਼ਾ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਦਿਸ਼ਾ-ਨਿਰਦੇਸ਼ ਲੈ ਕੇ ਧਾਰਮਿਕ ਤੇ ਰਾਜਸੀ ਫੈਸਲੇ ਲਏ। ਲੋੜ ਪੈਣ 'ਤੇ ਲੜਾਈਆਂ ਵੀ ਲੜੀਆਂ ਅਤੇ ਜਿੱਤੀਆਂ ਵੀ। ਗੁਰੂ ਹਰਗੋਬਿੰਦ ਸਾਹਿਬ ਨੇ ਸੰਤ ਨੂੰ ਸਿਪਾਹੀ ਬਣਾ ਕੇ ਦੋ ਤਲਵਾਰਾਂ ਦੇ ਕੇ ਰਾਜਨੀਤੀ ਨੂੰ ਧਰਮ ਦੀ ਤਾਬਿਆ ਕਰਕੇ ਸਿੱਖ ਕੌਮ ਨੂੰ ਹੱਕ-ਸੱਚ ਦੇ ਪਹਿਰੇਦਾਰ ਵਜੋਂ ਨਵੀਂ ਰੂਹ ਬਖ਼ਸ਼ੀ। ਗੁਰੂ ਸਾਹਿਬ ਨੇ ਮਨੁੱਖ ਦੀ ਅਜ਼ਾਦੀ ਲਈ ਉਸ ਦੇ ਰੂਹਾਨੀ ਤੌਰ 'ਤੇ ਸ਼ਕਤੀਸ਼ਾਲੀ ਹੋਣ ਦੇ ਨਾਲ-ਨਾਲ ਉਸ ਨੂੰ ਰਾਜਸੀ ਰੂਪ 'ਚ ਵੀ ਤਾਕਤਵਰ ਹੋਣ ਦੇ ਸੰਕਲਪ ਨੂੰ ਦ੍ਰਿੜ ਕਰਵਾਇਆ। ਜਦੋਂ ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਥਾਪਨਾ ਦਿਵਸ ਨੂੰ ਮਨਾ ਰਹੇ ਹਾਂ ਤਾਂ ਸਾਨੂੰ ਇਹ ਵੀ ਅਹਿਸਾਸ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਅਜ਼ਾਦੀ ਤੇ ਪੂਰਨ ਪ੍ਰਭੂਸੱਤਾ ਦਾ ਪ੍ਰਤੀਕ ਹੈ।

ਇਕ ਸਾਜ਼ਿਸ਼ ਤਹਿਤ ਹਲੇਮੀ ਰਾਜ ਤੇ ਮਨੁੱਖੀ ਬਰਾਬਰੀ ਅੱਜ ਭੁੱਲੇ-ਵਿਸਰੇ ਸ਼ਬਦ ਬਣਾ ਦਿੱਤੇ ਗਏ ਹਨ, ਤਾਂ ਕਿ ਨਿਆਰੇ ਤੋਂ ਨਿਰਾਲੇ ਖ਼ਾਲਸੇ 'ਚ ਵੀ ਕਿਸੇ ਨਾ ਕਿਸੇ ਪੱਖ ਤੋਂ ਖੋਟ ਹੀ ਖੋਟ ਵਿਖਾਈ ਦੇਣ ਲੱਗ ਪਏ। ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਜਾਰੀ ਹੋਣ ਵਾਲੇ ਹਰ ਹੁਕਮਨਾਮੇ ਅੱਗੇ ਸਿੱਖ ਦਾ ਸਿਰ ਖੁਦ-ਬ-ਖੁਦ ਝੁਕ ਜਾਂਦਾ ਰਿਹਾ ਹੈ। ਅਫ਼ਸੋਸ ਕਿ ਅੱਜ ਸਿੱਖਾਂ ਦੀ ਇਸ ਸਰਬ ਉੱਚ ਸੰਸਥਾ 'ਤੇ ਇੱਕ ਪਰਿਵਾਰ ਦਾ ਕਬਜ਼ਾ ਹੋਣ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸ਼ਾਨ ਨੂੰ ਖ਼ੋਰਾ ਲੱਗਾ ਹੈ। ਅਸਲ 'ਚ ਸਿੱਖ ਦੁਸ਼ਮਣ ਤਾਕਤਾਂ ਇਹ ਜਾਣ ਚੁੱਕੀਆਂ ਸਨ ਕਿ ਸ੍ਰੀ ਅਕਾਲ ਤਖ਼ਤ ਸਾਹਿਬ, ਹਰ ਸਿੱਖ ਦੇ ਮਨ 'ਚ ਆਜ਼ਾਦੀ ਦੀ ਚਿਣਗ ਅਤੇ ਸਿਰਦਾਰੀ ਦਾ ਅਹਿਸਾਸ ਗੂੜ੍ਹਾ ਕਰਦਾ ਹੈ। ਇਸ ਲਈ ਉਹਨਾਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਪਹਿਲਾਂ ਭਾਰਤੀ ਫੌਜਾਂ ਹੱਥੋਂ ਢਹਿ-ਢੇਰੀ ਕਰਵਾਇਆ , ਪ੍ਰੰਤੂ ਜਦੋਂ ਇਸ ਦਾ ਪ੍ਰਭਾਵ ਉਲਟਾ ਗਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਹਰ ਸਿੱਖ ਦੇ ਹਿਰਦੇ 'ਤੇ ਹੋਰ ਗੂੜ੍ਹਾ ਉਕਰਿਆ ਗਿਆ ਤਾਂ, ਭਗਵੀਆਂ ਤਾਕਤਾਂ ਨੇ ਦੂਜੀ ਨੀਤੀ ਅਪਣਾਈ। ਭਗਵਿਆਂ ਦੀ ਸੋਚ ਦੇ ਗ਼ੁਲਾਮ ਬਾਦਲਾਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੰਸਥਾ ਦੀ ਮਹਾਨਤਾ 'ਤੇ ਪੋਚਾ ਫੇਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਗ਼ੁਲਾਮ ਬਣਾ ਦਿੱਤਾ, ਤਾਂ ਕਿ ਸਿੱਖਾਂ ਦੇ ਮਨਾਂ 'ਚ ਇਸ ਮਹਾਨ ਸੰਸਥਾ ਦੀ ਸਰਵਉੱਚਤਾ ਹੌਲੀ-ਹੌਲੀ ਖ਼ਤਮ ਕੀਤੀ ਜਾ ਸਕੇ।

ਦੁਨੀਆ ਇਸ ਸੱਚ ਨੂੰ ਪ੍ਰਵਾਨ ਕਰ ਚੁੱਕੀ ਹੈ ਕਿ ਜਦੋਂ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ, ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਉਥੇ ਝੂਲਦੇ ਨਿਸ਼ਾਨ ਸਾਹਿਬ ਕਾਇਮ ਹਨ, ਸਿੱਖਾਂ ਦੇ ਮਨਾਂ 'ਚ ਆਜ਼ਾਦੀ ਦੀ ਚਿਣਗ ਬੁਝਾਈ ਨਹੀਂ ਜਾ ਸਕਦੀ। ਇਸੇ ਕਾਰਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨਾਲ ਗ਼ੁਲਾਮਾਂ ਵਾਲਾ ਵਤੀਰਾ ਕੀਤਾ ਜਾ ਰਿਹਾ ਹੈ, ਜਿਹੜਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਆਜ਼ਾਦ ਪ੍ਰਭੂਸੱਤਾ 'ਤੇ ਪ੍ਰਸ਼ਨ ਚਿੰਨ ਲਾਉਂਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ, ਅਕਾਲ ਦਾ ਤਖ਼ਤ ਹੈ ਅਤੇ ਇਸ ਤਖ਼ਤ ਤੋਂ ਅਗਵਾਈ ਲੈਣ ਵਾਲਾ ਮਨੁੱਖ ਸਿਰਫ ਤੇ ਸਿਰਫ ਸਿਰਦਾਰ ਹੋ ਸਕਦਾ ਹੈ, ਉਹ ਗੁਲਾਮ ਨਹੀਂ ਹੋ ਸਕਦਾ। ਰੱਬ ਦਾ ਬੰਦਾ ਜੇ ਧੜਿਆਂ ਦਾ ਬੰਦਾ ਬਣ ਗਿਆ ਤੇ ਕਿਸੇ ਰਾਜਸੀ ਆਗੂ ਦਾ ਗੁਲਾਮ ਹੋ ਗਿਆ ਹੈ, ਫਿਰ ਉਸ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕੋਈ ਅਰਥ ਬਾਕੀ ਨਹੀ ਰਹਿ ਜਾਂਦੇ। ਮਾਨਸਿਕ ਜਾਂ ਸਰੀਰਕ ਗੁਲਾਮੀ ਦਾ ਸਿੱਖੀ 'ਚ ਕੋਈ ਅਰਥ ਨਹੀਂ ਹੈ, ਕੋਈ ਥਾਂ ਨਹੀਂ ਹੈ। ਸ੍ਰੀ ਅਕਾਲ ਤਖਤ ਤੋਂ ਪ੍ਰੇਰਨਾ ਲੈ ਕੇ ਸਿੱਖ ਅਹਿਮਦ ਸ਼ਾਹ ਅਬਦਾਲੀ ਵਰਗੇ ਸ਼ਕਤੀਸ਼ਾਲੀ ਧਾੜਵੀ ਨਾਲ ਟਕਰਾ ਜਾਂਦੇ ਰਹੇ ਹਨ। ਹਿੰਦੁਸਤਾਨ ਦੀਆਂ 22 ਹਜ਼ਾਰ ਬਹੁ-ਬੇਟੀਆਂ, ਜਿਨਾਂ ਨੂੰ ਅਬਦਾਲੀ ਲੁੱਟ ਦਾ ਮਾਲ ਸਮਝ ਕੇ ਆਪਣੇ ਨਾਲ ਗਜ਼ਨੀ ਲੈ ਕੇ ਜਾ ਰਿਹਾ ਸੀ, ਛੁਡਾਇਆ ਸੀ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈ ਕੇ ਹਰ ਜ਼ਬਰ ਤੇ ਜ਼ੁਲਮ ਵਿਰੁੱਧ ਲੜਨ ਵਾਲੇ ਸਿੱਖਾਂ ਦੀ ਤਵਾਰੀਖ ਬੋਲਦੀ ਹੈ। ਇਸੇ ਦੇ ਸਿੱਟੇ ਵਜੋਂ ਸਿੱਖ ਅਬਦਾਲੀ ਸਮੇਤ ਹੋਰ ਸਮੇਂ-ਸਮੇਂ ਦੇ ਹਾਕਮਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੁੰਦੇ ਰਹੇ। ਦਰਬਾਰ ਸਾਹਿਬ ਢਹਿ-ਢੇਰੀ ਕਰ ਦਿੱਤਾ ਜਾਂਦਾ ਰਿਹਾ, ਹਜ਼ਾਰਾਂ ਸਿੱਖਾਂ ਨੂੰ ਆਪਣੀ ਜਾਨ ਦੇਣੀ ਪਈ, ਪ੍ਰੰਤੂ ਖ਼ਾਲਸਾ ਪੰਥ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਅਜਿਹੇ ਕਿਸੇ ਵੱਡੇ ਤੋਂ ਵੱਡੇ ਨੁਕਸਾਨ ਦੀ ਪਰਵਾਹ ਨਹੀਂ ਕਰਦਾ ਰਿਹਾ। ਉਹ ਜਬਰ ਤੇ ਜ਼ੁਲਮ ਵਿਰੁੱਧ ਆਪਣੀ ਲੜਾਈ ਨਿਰੰਤਰ ਜਾਰੀ ਰੱਖਦਾ ਆ ਰਿਹਾ ਹੈ।

ਸਿੱਖ ਧਰਮ ਦੇ ਸਿਧਾਂਤ ਅਜ਼ਾਦ ਜੀਵਨ ਜਿਊਣ ਦਾ ਸੰਦੇਸ਼ ਦਿੰਦੇ ਹਨ ਅਤੇ ਕੌਮ ਦੀ ਸਰਵਉੱਚ ਸੰਸਥਾ ਇਸ ਸੰਦੇਸ਼ ਦਾ ਪ੍ਰਤੀਕ ਹੈ। ਪ੍ਰੰਤੂ ਕੀ ਅੱਜ ਕੌਮ ਕਿਸੇ ਪੱਖ ਤੋਂ ਅਜ਼ਾਦ ਹੈ ? ਅਸੀ ਧਾਰਮਿਕ ਪੱਖੋਂ, ਫਿਰ ਤੋਂ ਪਾਖੰਡਵਾਦ ਤੇ ਆਡੰਬਰਵਾਦ ਦੇ ਗੁਲਾਮ ਹੋ ਗਏ ਹਾਂ, ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਲੈਣ ਦੀ ਥਾਂ ਕਰਮਕਾਡਾਂ ਤੋਂ ਸੇਧ ਲੈਣ ਲੱਗ ਪਏ ਹਾਂ ਅਤੇ ਆਪਣਾ ਭਾਗ ਵਿਧਾਤਾ, ਗੁਰੂ ਗ੍ਰੰਥ ਸਾਹਿਬ ਦੀ ਥਾਂ ਗ੍ਰਹਿ ਚਾਲ, ਵਾਸਤੂ ਸ਼ਾਸਤਰ ਤੇ ਨਗਾਂ ਤੇ ਧਾਤਾਂ ਨੂੰ ਮੰਨਣ ਲੱਗ ਪਏ ਹਾਂ। ਰਾਜਸੀ ਰੂਪ 'ਚ ਅਸੀਂ ਸੱਤਾ ਲਾਲਸਾ ਦੇ ਗੁਲਾਮ ਹੋ ਗਏ ਹਾਂ। ਸੱਤਾਧਾਰੀਆਂ ਦੇ ਚਾਪਲੂਸ ਹੋ ਗਏ ਹਾਂ। ਸਮਾਜਿਕ ਰੂਪ 'ਚ ਅਸੀਂ ਵੰਡੀਆਂ ਪਾ ਕੇ ਬੈਠ ਗਏ ਹਾਂ। ਸ੍ਰੀ ਅਕਾਲ ਤਖ਼ਤ ਸਾਹਿਬ ਨਿਥਾਵਿਆਂ ਦਾ ਥਾਂ ਹੋ ਸਕਦਾ ਹੈ, ਨਿਤਾਣਿਆਂ ਨੂੰ ਤਾਣ ਦੇ ਸਕਦਾ ਹੈ, ਨਿਮਾਣਿਆਂ ਨੂੰ ਮਾਣ ਬਖ਼ਸ਼ ਸਕਦਾ ਹੈ, ਪ੍ਰੰਤੂ ਗੁਲਾਮਾਂ ਲਈ ਉਥੇ ਕੋਈ ਥਾਂ ਨਹੀ ਹੈ।

ਸ੍ਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਦੇ ਦਿਨ ਸਾਨੂੰ ਇਹ ਜ਼ਰੂਰ ਯਾਦ ਕਰਨਾ ਚਾਹੀਦਾ ਹੈ ਕਿ ਮੀਰੀ-ਪੀਰੀ ਦੇ ਮਾਲਕ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਿਉਂ ਕੀਤੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਲਈ ਸ੍ਰੀ ਦਰਬਾਰ ਸਾਹਿਬ ਦੀ ਬੁੱਕਲ ਦੀ ਹੀ ਚੋਣ ਕਿਉਂ ਕੀਤੀ ? ਅੱਜ ਜਦੋਂ ਅਸੀ ਗੁਰੂ ਦੀ ਬੁੱਕਲ ਦੇ ਨਿੱਘ ਅਤੇ ਅਗਵਾਈ ਤੋਂ ਬੇਮੁੱਖ ਤੇ ਦੂਰ ਹੋ ਗਏ ਹਾਂ ਤਾਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੂਰੀ ਬਣਨੀ ਕੁਦਰਤੀ ਹੀ ਸੀ। ਦਸਮੇਸ਼ ਪਿਤਾ ਨੇ ਬਾਅਦ 'ਚ ਇਹ ਸਪੱਸ਼ਟ ਵੀ ਕੀਤਾ ਸੀ ਕਿ ਉਹ ਆਪਣੇ ਪੁੱਤਰਾਂ ਤੋਂ ਪਿਆਰੇ ਸਿੱਖ ਦੀ ਉਦੋਂ ਤਕ ਹੀ ਪ੍ਰਤੀਤ ਕਰਨਗੇ ਜਦੋਂ ਤਕ ਉਹ ਬਿਪਰਨ ਦੇ ਰਾਹ ਤੋ ਕੋਹਾਂ ਦੂਰ ਰਹੇਗਾ। ਛੇਵੇਂ ਪਾਤਸ਼ਾਹ ਨੇ ਵੀ ਇਹੋ ਸੁਨੇਹਾ ਸਿੱਖ ਪੰਥ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਸਮੇਂ ਦਿੱਤਾ ਸੀ ਕਿ ਜਦੋਂ ਤਕ ਸਿੱਖ ਗੁਰੂ ਦੀ ਬੁੱਕਲ 'ਚ ਹੈ, ਭਾਵ ਗੁਰੂ ਦੇ ਹੁਕਮ 'ਚ ਹੈ, ਉਸ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਤੇ ਦਿਸ਼ਾ ਨਿਰਦੇਸ਼ ਪ੍ਰਾਪਤ ਹੁੰਦੇ ਰਹਿਣਗੇ ਅਤੇ ਜੇ ਉਹ ਗੁਰੂ ਦੀ ਬੁੱਕਲ ਤੋਂ ਲਾਂਭੇ ਹੋ ਗਿਆ, ਗੁਰੂ ਦੇ ਹੁਕਮ ਤੋਂ ਬੇਮੁੱਖ ਹੋ ਗਿਆ ਤਾਂ ਅਕਾਲ ਤਖ਼ਤ ਤੋਂ ਉਸ ਨੂੰ ਅਜ਼ਾਦੀ ਦਾ ਜਜ਼ਬਾ ਪ੍ਰਾਪਤ ਹੋਣੋਂ ਵੀ ਹਟ ਜਾਵੇਗਾ। ਉਸ 'ਤੇ ਗੁਲਾਮ ਮਾਨਸਿਕਤਾ ਭਾਰੂ ਹੋ ਜਾਵੇਗੀ। ਇਸ ਕਰ ਕੇ ਅੱਜ ਸਾਡੇ ਲਈ ਇਹ ਅਹਿਸਾਸ ਕਰਨ ਦਾ ਦਿਨ ਹੈ ਕਿ ਅਸੀਂ ਗੁਰੂ ਦੀ ਬੁੱਕਲ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਤੋਂ ਵਾਂਝੇ ਕਿਉਂ ਹੋ ਗਏ ਹਾਂ ? ਜਦੋਂ ਤਕ ਸਿੱਖ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਗਵਾਈ ਲੈਂਦੇ ਰਹੇ, ਦੁਨੀਆ ਦੀ ਕੋਈ ਤਾਕਤ ਉਨਾਂ ਦਾ ਰਾਹ ਨਹੀਂ ਰੋਕ ਸਕੀ ਅਤੇ ਜੇ ਰੋਕਿਆ ਤਾਂ ਵੀ ਉਹ ਵਕਤੀ ਹੋ ਨਿਬੜਿਆ। ਅੱਜ ਜਦੋਂ ਅਸੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਮਿਲਦੇ ਸੁਨੇਹੇ ਨੂੰ ਅਣ ਸੁਣਿਆ ਕਰਨ ਲੱਗ ਗਏ ਹਾਂ ਤਾਂ ਸਮਝ ਜਾਈਏ ਕਿ ਸਾਡੀ ਨਾ ਤਾਂ ਗੁਰੂ ਪ੍ਰਤੀਤ ਕਰ ਰਿਹਾ ਹੈ ਅਤੇ ਨਾ ਹੀ ਅਸੀਂ ਸਿਰਦਾਰੀ ਦੇ ਯੋਗ ਰਹੇ ਹਾਂ।

# ਪਿੰਡਾਂ ਅਤੇ ਕਿਸਾਨਾਂ ਵਿਚੋਂ ਆਪਣਾ ਅਧਾਰ ਗੁਆ ਰਿਹਾ ਅਕਾਲੀ ਦਲ

**ਗੁਰਮੀਤ ਪਲਾਹੀ**

ਲੋਕ ਸਭਾ ਚੋਣਾਂ ਵਿਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਉਸਦੀ ਪਤਨੀ ਹਰਸਿਮਰਤ ਕੌਰ ਬਾਦਲ ਦੀ ਜਿੱਤ ਅਤੇ ਇਸ ਅਕਾਲੀ ਦਲ ਵਲੋਂ ਪੰਜਾਬ ਵਿੱਚ ਖੜੇ ਕੀਤੇ ਗਏ ਹੋਰ ਅੱਠ ਉਮੀਦਵਾਰਾਂ ਦੀ ਹਾਰ, ਕੀ ਇਹ ਸਿੱਧ ਨਹੀਂ ਕਰਦੀ ਕਿ ਇਸ ਅਕਾਲੀ ਦਲ ਦੀ ਉੱਚ ਲੀਡਰਸ਼ਿਪ ਨੇ ਆਪਣੀ ਜਿੱਤ ਪੱਕੀ ਕਰਨ ਵੱਲ ਤਾਂ ਪੂਰੀ ਤਵੱਜੋਂ ਦਿੱਤੀ ਸਮੇਤ ਪਰਿਵਾਰ ਦੇ ਵੱਡੇ ਬਜ਼ੁਰਗ ਪ੍ਰਕਾਸ਼ ਸਿੰਘ ਬਾਦਲ ਦੇ, ਪਰ ਬਾਕੀ ਉਮੀਦਵਾਰਾਂ ਨੂੰ ਆਪੋ-ਆਪਣੇ ਰਹਿਮੋ ਕਰਮ ਉਤੇ ਛੱਡ ਦਿੱਤਾ। ਅਕਾਲੀ ਦਲ ਦੇ ਪ੍ਰੇਮ ਸਿੰਘ ਚੰਦੂਮਾਜਰਾ (ਆਨੰਦਪੁਰ ਸਾਹਿਬ), ਬੀਬੀ ਜਗੀਰ ਕੌਰ (ਖਡੂਰ ਸਾਹਿਬ), ਚਰਨਜੀਤ ਸਿੰਘ ਅਟਵਾਲ (ਜਲੰਧਰ), ਮਹੇਸ਼ ਇੰਦਰ ਸਿੰਘ ਗਰੇਵਾਲ (ਲੁਧਿਆਣਾ), ਦਰਬਾਰਾ ਸਿੰਘ ਗੁਰੂ (ਫਤਿਹਗੜ੍ਹ ਸਾਹਿਬ), ਗੁਲਜਾਰ ਸਿੰਘ ਰਣੀਕੇ (ਫਰੀਦਕੋਟ), ਪਰਮਿੰਦਰ ਸਿੰਘ ਢੀਂਡਸਾ(ਸੰਗਰੂਰ), ਸੁਰਜੀਤ ਸਿੰਘ ਰੱਖੜਾ (ਪਟਿਆਲਾ) ਜੋ ਅਕਾਲੀ ਦਲ ਦੀ ਉੱਚ ਲੀਡਰਸ਼ਿਪ ਦੇ ਮੈਂਬਰ ਹਨ, ਚੋਣਾਂ ਵਿਚ ਕਾਂਗਰਸ ਹੱਥੋਂ ਬੁਰੀ ਤਰ੍ਹਾਂ ਮਾਤ ਖਾ ਗਏ। ਇਥੇ ਹੀ ਬੱਸ ਨਹੀਂ ਕਾਂਗਰਸ ਵਲੋਂ ਅਕਾਲੀ ਦਲ ਦੇ ਪੱਕੇ ਪੁਰਾਣੇ ਪੇਂਡੂ ਵੋਟ ਬੈਂਕ ਵਿੱਚ ਸੰਨ੍ਹ ਲਾ ਲਈ ਗਈ। ਉਹ ਅਕਾਲੀ ਦਲ ਜਿਸ ਦਾ ਮੁੱਖ ਅਧਾਰ ਸਿੱਖ ਅਤੇ ਕਿਸਾਨੀ ਰਿਹਾ ਹੈ, ਉਸ ਨੇ ਪਹਿਲਾਂ ਵਿਧਾਨ ਸਭਾ ਦੀ 2017 ਚੋਣ ਵੇਲੇ ਅਕਾਲੀ ਦਲ ਨੂੰ ਸਬਕ ਸਿਖਾਇਆ ਅਤੇ ਬਾਵਜੂਦ ਇਸ ਗੱਲ ਦੇ ਕਿ 2019 ਤੱਕ ਕਾਂਗਰਸੀ ਸਰਕਾਰ ਤੋਂ ਕੁਝ ਵੀ ਨਾ ਕਰਨ ਦੀ ਨਰਾਜ਼ਗੀ ਹੋਣ ਦੇ ਵੀ ਅਕਾਲੀ ਦਲ ਨੂੰ ਨਹੀਂ, ਸਗੋਂ ਕਾਂਗਰਸ ਨੂੰ ਵੋਟ ਪਾਉਣ ਨੂੰ ਹੀ ਤਰਜੀਹ ਦਿਤੀ।

ਅਕਾਲੀ ਦਲ ਕਦੇ ਪੰਜਾਬ ਦੇ ਲੋਕਾਂ ਦੀ ਹਰਮਨ ਪਿਆਰੀ ਪਾਰਟੀ ਬਨਣ ਦਾ ਮਾਣ ਪ੍ਰਾਪਤ ਕਰਦਾ ਰਿਹਾ। ਕਾਰਨ ਸੀ ਉਸਦੀ ਪੰਜਾਬ ਤੇ ਪੰਥਕ ਮੁੱਦਿਆਂ ਲਈ ਲੜਾਈ। ਪੰਜਾਬੀ ਸੂਬੇ ਲਈ ਸੰਘਰਸ਼। ਐਮਰਜੈਂਸੀ ਦੌਰਾਨ ਲੋਕ ਹੱਕਾਂ ਲਈ ਲੜਾਈ ਕਾਰਨ ਅਕਾਲੀ ਦਲ ਦੇਸ਼ ਭਰ ਵਿਚ ਚਰਚਿਤ ਹੋਇਆ। ਸਾਲ 1920 ਵਿਚ ਪੰਥਕ ਨੇਤਾਵਾਂ ਵਲੋਂ ਬਣਾਇਆ ਗਿਆ ਅਕਾਲੀ ਦਲ, ਸਿੱਖਾਂ ਦੀ ਨੁਮਾਇੰਦਗੀ ਕਰਨ ਵਾਲੀ ਇੱਕ ਸਿਆਸੀ ਧਿਰ ਬਣਿਆ, ਜਿਸ ਦੇ ਪਹਿਲੇ ਪ੍ਰਧਾਨ ਸਰਮੁਖ ਸਿੰਘ ਝਬਾਲ ਸਨ, ਪਰ ਮਾਸਟਰ ਤਾਰਾ ਸਿੰਘ ਨੇ ਪੰਥਕ ਸਰਗਰਮੀਆਂ ਨਾਲ ਇਸ ਨੂੰ ਬੁਲੰਦੀਆਂ ਉਤੇ ਪਹੁੰਚਾਇਆ। ਸਾਲ 1937 ਦੀਆਂ ਪ੍ਰੋਵਿੰਸ਼ਿਅਲ ਚੋਣਾਂ ਵਿਚ ਅਕਾਲੀ ਦਲ ਨੇ 10 ਸੀਟਾਂ ਜਿੱਤੀਆਂ ਤੇ ਸਿਕੰਦਰ ਹਿਆਤ ਖਾਨ ਦੀ ਵਜ਼ਾਰਤ ਵੇਲੇ ਵਿਰੋਧੀ ਧਿਰ ਵਜੋਂ ਭੂਮਿਕਾ ਨਿਭਾਈ ਪਰ ਸਾਲ 1946 ਵਿਚ 22 ਸੀਟਾਂ ਜਿੱਤ ਕੇ ਉਹ ਖਿਜ਼ਾਰ ਖਾਨ ਵਲੋਂ ਬਣਾਈ ਕੁਲੀਸ਼ਨ ਵਜ਼ਾਰਤ ਦਾ ਹਿੱਸਾ ਬਣਿਆ। ਸਾਲ 1950 ਵਿਚ ਪੰਜਾਬੀ ਸੂਬਾ ਲਹਿਰ ਸ਼ੁਰੂ ਕਰਕੇ, ਪੰਜਾਬੀ ਬੋਲਦੇ ਇਲਾਕਿਆਂ ਲਈ ਵੱਖਰੇ ਸੂਬੇ ਦੀ ਮੰਗ ਕੀਤੀ। ਮੋਰਚਾ ਲਾਇਆ ਅਤੇ 1966 ਵਿੱਚ ਪੰਜਾਬੀ ਸੂਬੇ ਦੀ ਪ੍ਰਾਪਤੀ ਇਸ ਮੋਰਚੇ ਕਾਰਨ ਹੀ ਸੰਭਵ ਹੋ ਸਕੀ। ਸਾਲ 1920 ਵਿਚ ਬਣੇ ਅਕਾਲੀ ਦਲ ਵਿੱਚ ਸਮੇਂ ਸਮੇਂ ਟੁੱਟ ਭੱਜ ਹੋਈ, ਕਈ ਅਕਾਲੀ ਦਲ ਇਸ ਵਿਚੋਂ ਬਾਹਰ ਨਿਕਲੇ ਪਰ ਬਾਦਲ ਵਾਲਾ ਅਕਾਲੀ ਦਲ ਮੁੱਖ ਰੂਪ ਵਿੱਚ ਪੰਜਾਬ ਦੀ ਸਿਆਸਤ ਵਿੱਚ ਆਪਣੀ ਥਾਂ ਬਣਾ ਸਕਿਆ। ਸ਼ੁਰੂ ਤੋਂ ਲੈ ਕੇ ਹੁਣ ਤੱਕ ਇਸ ਦੇ 20 ਪ੍ਰਧਾਨ ਬਣੇ। ਇਹਨਾ ਵਿੱਚ ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਪ੍ਰਸਿੱਧ ਹਨ ਅਤੇ 21ਵੇਂ ਪ੍ਰਧਾਨ ਵਜੋਂ ਸੁਖਬੀਰ ਸਿੰਘ ਬਾਦਲ ਨੇ ਇਸ ਦੀ ਵਾਂਗ ਡੋਰ ਸੰਭਾਲੀ ਹੋਈ ਹੈ। ਪ੍ਰਕਾਸ਼ ਸਿੰਘ ਬਾਦਲ ਨੇ ਅਕਾਲੀ ਦਲ ਦੇ ਪ੍ਰਧਾਨ ਵਜੋਂ ਸੇਵਾ ਹੀ ਨਹੀਂ ਨਿਭਾਈ ਸਗੋਂ ਚਾਰ ਵੇਰ ਪੰਜਾਬ ਦੇ ਮੁੱਖ ਮੰਤਰੀ ਦਾ ਅਹੁਦਾ ਵੀ ਸੰਭਾਲਿਆ। ਅਕਾਲੀ ਦਲ ਦੇ ਹੋਰ ਮੁੱਖ ਮੰਤਰੀਆਂ ਵਿੱਚ ਗੁਰਨਾਮ ਸਿੰਘ ਅਤੇ ਸੁਰਜੀਤ ਸਿੰਘ ਬਰਨਾਲਾ ਵੀ ਸ਼ਾਮਲ ਹਨ।

ਬਾਦਲ ਅਕਾਲੀ ਦਲ ਭਾਜਪਾ ਦਾ ਭਾਈਵਾਲ ਹੈ। ਇਸ ਵੇਲੇ ਇਸ ਅਕਾਲੀ ਦਲ ਦੇ ਦੋ ਲੋਕ ਸਭਾ ਮੈਂਬਰ, ਤਿੰਨ ਰਾਜ ਸਭਾ ਮੈਂਬਰ ਅਤੇ ਪੰਜਾਬ ਅਸੰਬਲੀ ਵਿੱਚ 13 ਮੈਂਬਰ ਹਨ। ਇਹ ਸਥਿਤੀ ਪਾਰਟੀ ਦੀ ਨਿਵਾਣਾਂ ਵੱਲ ਜਾਣ ਦੀ ਨਿਸ਼ਾਨੀ ਹੈ। ਆਪਣੇ ਪਿਛਲੇ 10 ਸਾਲ ਦੇ ਸ਼ਾਸ਼ਨ ਕਾਰਜ ਕਾਲ ਦੌਰਾਨ ਅਕਾਲੀ-ਭਾਜਪਾ ਸਰਕਾਰ ਲੋਕਾਂ ਵਿੱਚ ਹਰਮਨ ਪਿਆਰੀ ਨਾ ਹੋ ਸਕੀ। ਅਕਾਲੀ ਦਲ ਵਿੱਚ ਸਵਾਰਥੀ ਕਿਸਮ ਦੇ ਲੋਕਾਂ ਦੀ ਆਮਦ ਨੇ ਅਸਲ ਅਕਾਲੀਆਂ ਨੂੰ ਪਿੱਛੇ ਸੁੱਟ ਦਿੱਤਾ ਅਤੇ ਅਕਾਲੀ ਦਲ ਵਿੱਚ ਮਾਫੀਏ, ਵੱਡੇ ਕਾਰੋਬਾਰੀਆਂ ਦੀ ਸ਼ਮੂਲੀਅਤ ਨੇ ਅਕਾਲੀ ਦਲ ਦਾ ਪੰਥਕ ਅਕਸ ਖਰਾਬ ਕੀਤਾ। ਅਕਾਲੀ ਦਲ ਪੰਜਾਬ ਦੇ ਕਿਸਾਨਾਂ ਦੇ ਮੁੱਦੇ ਭੁੱਲ ਗਿਆ, ਜਿਹੜੇ ਉਹਦੀ ਰੀੜ੍ਹ ਦੀ ਹੱਡੀ ਸਨ। ਬਾਦਲ ਪਰਿਵਾਰ ਦਾ ਅਕਾਲੀ ਦਲ ਉਤੇ ਗਲਬਾ ਵੀ ਅਕਾਲੀ ਦਲ ਨੂੰ ਡਬੋਣ ਦਾ ਕਾਰਨ ਬਣਿਆ। ਪਰਿਵਾਰ ਨੂੰ ਅੱਗੇ ਲਿਆਉਣ ਦੀ ਮਨਸ਼ਾ ਤਹਿਤ ਹਰਸਿਮਰਤ ਕੌਰ ਬਾਦਲ ਨੂੰ ਤਾਂ ਭਾਜਪਾ ਵਜ਼ਾਰਤ ਵਿਚ ਬਾਦਲ ਪਰਿਵਾਰ ਨੇ ਦੋ ਵੇਰ ਕੇਂਦਰੀ ਮੰਤਰੀ ਬਣਵਾ ਲਿਆ, ਪਰ ਸੁਖਦੇਵ ਸਿੰਘ ਢੀਂਡਸਾ, ਬਲਵਿੰਦਰ ਸਿੰਘ ਭੂੰਦੜ, ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਨੇਤਾਵਾਂ ਨੂੰ ਪਿੱਛੇ ਛੱਡ ਦਿੱਤਾ ਗਿਆ।



ਲਗਾਤਾਰ ਪਰਿਵਾਰਕ ਸਿਆਸਤ ਕਰਦਿਆਂ ਬਾਦਲ ਪਰਿਵਾਰ ਵਲੋਂ ਰਣਜੀਤ ਸਿੰਘ ਬ੍ਰਹਮਪੁਰਾ ਨੂੰ ਛੱਡ ਕੇ ਉਸਦੀ ਥਾਂ ਬਿਕਰਮ ਸਿੰਘ ਮਜੀਠੀਆ ਨੂੰ ਅੱਗੇ ਲਿਆਂਦਾ ਗਿਆ ਜਿਸ ਨੇ ਯੂਥ ਅਕਾਲੀ ਦਲ ਵਿੱਚ ਇਹੋ ਜਿਹੇ ਨੌਜਵਾਨਾਂ ਦੀ ਜੁੰਡਲੀ ਭਰ ਲਈ ਗਈ, ਜਿਹੜੀ ਲੋਕਾਂ ਦੇ ਮਸਲੇ ਹੱਲ ਕਰਨ ਨਾਲੋਂ ਆਪਣੇ ਹਿੱਤਾਂ ਦੀ ਪੂਰਤੀ ਨੂੰ ਪਹਿਲ ਦੇਣ ਵਾਲੀ ਸੀ। ਸਿੱਟਾ ਅਕਾਲੀ ਦਲ ਵਿਚ ਕੁਰਬਾਨੀ ਦੇਣ ਵਾਲੇ ਮਿਸ਼ਨਰੀ ਵਰਕਰਾਂ ਦੀ ਘਾਟ ਹੋ ਗਈ। ਪਾਰਟੀ ਸੰਗਠਨ ਪੂਰੀ ਤਰ੍ਹਾਂ ਬਿਖਰ ਗਿਆ ਅਤੇ ਲੋਕਾਂ ਨਾਲ ਬਣਿਆ ਰਾਬਤਾ ਟੁੱਟ ਗਿਆ। ਦਸ ਸਾਲ ਉਹਨਾਂ ਨੇ ਮੰਡੀਆ ਵਿਚ ਕਿਸਾਨਾਂ ਨਾਲ ਹੋ ਰਹੇ ਵਰਤਾਰੇ, ਫਸਲਾਂ ਦੇ ਮਿਲ ਰਹੇ ਘੱਟ ਮੁੱਲ, ਸ਼ਾਹੂਕਾਰਾਂ, ਆੜ੍ਹਤੀਆਂ ਵਲੋਂ ਕੀਤੀ ਜਾ ਰਹੀ ਉਹਨਾ ਦੀ ਲੁੱਟ-ਖਸੁੱਟ ਵੱਲ ਰਤਾ ਮਾਸਾ ਤਵੱਜੋ ਨਾ ਦਿੱਤੀ। ਇਸ ਦਾ ਸਿੱਟਾ ਇਹ ਨਿਕਲਿਆ ਕਿ ਪਿੰਡਾਂ ਦੇ ਕਿਸਾਨ ਜਿਹੜੇ ਕੁਰਬਾਨੀ ਕਰਨ ਵਾਲੇ ਅਕਾਲੀਆਂ ਦੇ ਵਾਰੇ-ਵਾਰੇ ਜਾਂਦੇ ਸਨ ਉਹ ਅਕਾਲੀਆਂ ਨਾਲੋਂ ਲਗਭਗ ਟੁੱਟ ਹੀ ਗਏ। ਕੋਟਕਪੂਰਾ ਅਤੇ ਬਰਗਾੜੀ ਕਾਂਡ ਨੇ ਤਾਂ ਅਕਾਲੀਆਂ ਨਾਲੋਂ ਉਹਨਾ ਸਾਰੇ ਲੋਕਾਂ ਨੂੰ ਤੋੜ ਦਿੱਤਾ ਜਿਹਨਾ ਦੇ ਮਨਾਂ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਹੁਰਮਤੀ ਸਬੰਧੀ ਵੱਡਾ ਰੋਸ ਸੀ। ਅਕਾਲੀ ਦਲ ਅੱਜ ਕਟਿਹਰੇ ਵਿਚ ਹੈ। ਭਾਜਪਾ ਨਾਲ ਉਸਦੀ ਸਾਂਝ ਭਿਆਲੀ ਬਣਾਏ ਰੱਖੇ ਜਾਣ ਸਬੰਧੀ ਸੰਦੇਹ ਬਣਿਆ ਹੋਇਆ ਹੈ।

# ਗੁਰਮੀਤ ਰਾਮ ਰਹੀਮ ਦੀ ਪੈਰੋਲ ਚਿੰਤਾਜਨਕ

**ਕਿਰਪਾਲ ਸਿੰਘ ਬਠਿੰਡਾ**
88378-13661

ਹਰਿਆਣਾ ਦੀ ਸੁਨਾਰੀਆ ਜ਼ੇਲ੍ਹ 'ਚ ਬੰਦ ਬਲਾਤਕਾਰ ਅਤੇ ਕਤਲ ਕੇਸਾਂ 'ਚ ਸਜ਼ਾ ਭੁਗਤ ਰਹੇ ਸਿਰਸਾ ਡੇਰਾ ਮੁਖੀ ਗੁਰਮੀਤ ਰਾਮ ਰਹੀਮ ਇੰਸਾਂ ਨੇ ਆਪਣੀ ਬੰਜਰ ਪਈ ਜ਼ਮੀਨ ਨੂੰ ਵਾਹੀਯੋਗ ਬਣਾਉਣ ਲਈ 42 ਦਿਨਾਂ ਦੀ ਪੈਰੋਲ ਮੰਗੀ ਹੈ ਅਤੇ ਹਰਿਆਣਾ 'ਚ ਅਗਾਮੀ ਵਿਧਾਨ ਸਭਾ ਚੋਣਾਂ ਨੂੰ ਮੱਦੇ ਨਜ਼ਰ ਰੱਖਦਿਆਂ ਹਰਿਆਣਾ 'ਚ ਡੇਰਾ ਮੁਖੀ ਦੇ ਸ਼ਰਧਾਲੂਆਂ ਦੀ ਵੱਡੀ ਵੋਟ ਬੈਂਕ ਹੋਣ ਸਦਕਾ ਉੱਥੋਂ ਦੀ ਭਾਜਪਾ ਸਰਕਾਰ ਉਸ ਨੂੰ ਪੈਰੋਲ ਦੇਣ ਲਈ ਕਾਹਲੀ ਪਈ ਜਾਪਦੀ ਹੈ; ਭਾਵੇਂ ਕਿ ਸਿਰਸਾ ਜ਼ਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਹ ਰਿਪੋਰਟ ਕਿ ਗੁਰਮੀਤ ਰਾਮ ਰਹੀਮ ਦੇ ਨਾਮ ਕੋਈ ਵੀ ਵਾਹੀਯੋਗ ਜ਼ਮੀਨ ਨਹੀਂ ਹੈ, ਜਿੰਨੀ ਵੀ ਜ਼ਮੀਨ ਹੈ ਉਹ ਟਰੱਸਟ ਦੇ ਨਾਮ ਹੈ; ਦੇਣ ਸਦਕਾ ਹਾਲ ਦੀ ਘੜੀ ਪੈਰੋਲ ਦੇਣ 'ਤੇ ਸਵਾਲੀਆ ਚਿੰਨ੍ਹ ਲੱਗ ਚੁੱਕਾ ਹੈ ਪਰ ਜਦੋਂ ਸਰਕਾਰ ਹੀ ਉਸ ਨੂੰ ਪੈਰੋਲ ਦੇਣ ਵਿੱਚ ਭਾਰੀ ਦਿਲਚਸਪੀ ਰੱਖਦੀ ਹੋਵੇ ਤਾਂ ਕੋਈ ਹੋਰ ਬਹਾਨਾ ਬਣਾ ਕੇ ਪੈਰੋਲ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਗੈਰ ਇਖ਼ਲਾਕੀ ਅਤੇ ਮੁਜਰਾਮਾ ਗਤੀਵਿਧੀਆਂ ਦੇ ਸੰਗੀਨ ਦੋਸ਼ਾਂ ਵਿੱਚ ਘਿਰੇ ਹੋਏ ਕਈ ਧਾਰਮਕ ਡੇਰਿਆਂ ਦੇ ਮੁਖੀ ਕਾਨੂੰਨ ਤੋਂ ਬਚਣ ਲਈ ਵੱਡੀ ਗਿਣਤੀ ਵਿੱਚ ਆਪਣੇ ਅੰਧਵਿਸ਼ਵਾਸੀ ਸ਼ਰਧਾਲੂਆਂ ਨੂੰ ਵੋਟ ਬੈਂਕ ਦੇ ਤੌਰ 'ਤੇ ਵਰਤ ਰਹੇ ਹੁੰਦੇ ਹਨ ਅਤੇ ਸਾਰੀਆਂ ਹੀ ਪਾਰਟੀਆਂ ਉਨ੍ਹਾਂ ਦੀਆਂ ਵੋਟਾਂ ਖ਼ਾਤਰ ਆਪਣੀਆਂ ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਛਿੱਕੇ ਟੰਗ ਕੇ ਉਨ੍ਹਾਂ ਦਾ ਸਮਰਥਨ ਪਾਉਣ ਲਈ ਤਰਲੋਮੱਛੀ ਹੋਈਆਂ ਰਹਿੰਦੀਆਂ ਹਨ। ਵੈਸੇ ਤਾਂ ਇਸ ਤਰ੍ਹਾਂ ਦੇ ਅਨੇਕਾਂ ਕੇਸ ਹਨ ਪਰ ਇੱਥੇ ਮਿਸਾਲ ਸਿਰਫ ਸਿਰਸਾ ਡੇਰਾ ਦੀ ਦਿੱਤੀ ਜਾ ਰਹੀ ਹੈ ਜਿਸ ਦੇ ਮੁਖੀ ਗੁਰਮੀਤ ਰਾਮ ਰਹੀਮ ਇੰਸਾਂ ਸੰਨ 2002 ਤੋਂ ਆਪਣੀਆਂ ਹੀ ਧੀਆਂ ਸਮਾਨ ਸਾਧਵੀਆਂ ਦੇ ਬਲਾਤਕਾਰ ਅਤੇ ਇਸ ਦੀ ਖ਼ਬਰ ਛਾਪਣ ਵਾਲੇ ਪੱਤਰਕਾਰ ਰਾਮ ਚੰਦਰ ਛਤਰਪਤੀ ਤੇ ਇਸ ਦੀ ਜਾਣਕਾਰੀ ਰੱਖਣ ਵਾਲੇ ਆਪਣੇ ਹੀ ਡੇਰੇ ਦੇ ਮੈਨੇਜਰ ਰਣਜੀਤ ਸਿੰਘ ਅਤੇ ਫਕੀਰ ਚੰਦ ਦੇ ਕਤਲਾਂ ਦੇ ਸੰਗੀਨ ਦੋਸ਼ਾਂ ਹੇਠ ਘਿਰੇ ਹੋਏ ਹਨ। ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਸਾਂਗ ਉਤਾਰਨ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਘੋਰ ਬੇਅਦਬੀ ਦੇ ਦੋਸ਼ਾਂ ਕਾਰਨ ਸੰਨ 2007 ਤੋਂ ਸਿੱਖ ਕੌਮ ਨਾਲ ਜਬਰਦਸਤ ਟਕਰਾਅ ਵਿੱਚ ਚੱਲ ਰਹੇ ਹਨ। ਡੇਰਾਮੁਖੀ ਆਪਣੇ ਅੰਧਵਿਸ਼ਵਾਸੀ ਸ਼ਰਧਾਲੂਆਂ ਦੇ ਵੱਡੇ ਵੋਟ ਬੈਂਕ ਨੂੰ ਇਨ੍ਹਾਂ ਦੋਸ਼ਾਂ ਤੋਂ ਬਚਣ ਲਈ ਬੇਝਿਜਕ ਹੋ ਕੇ ਵਰਤ ਰਿਹਾ ਹੈ ਅਤੇ ਸਿਆਸੀ ਪਾਰਟੀਆਂ ਸਾਰੀ ਸ਼ਰਮ-ਹਯਾ ਲਾਹ ਕੇ ਅਤੇ ਸੰਵਿਧਾਨਕ ਜ਼ਿੰਮੇਵਾਰੀਆਂ ਨੂੰ ਦਰਕਿਨਾਰ ਕਰ ਉਨ੍ਹਾਂ ਦਾ ਸਮਰਥਨ ਲੈ ਰਹੀਆਂ ਹੁੰਦੀਆਂ ਹਨ। ਸੌਦਾ ਮੁਖੀ ਦਾ ਕੇਸ ਸੀ.ਬੀ.ਆਈ. ਕੋਲ ਹੋਣ ਕਾਰਨ ਜਿਸ ਸਮੇਂ ਕੇਂਦਰ ਵਿੱਚ ਕਾਂਗਰਸ ਦੀ ਸਰਕਾਰ ਹੁੰਦੀ ਹੈ ਉਸ ਸਮੇਂ ਇਸ ਦਾ ਵੋਟ ਬੈਂਕ ਕਾਂਗਰਸ ਦੇ ਹੱਕ ਵਿੱਚ ਭੁਗਤਦਾ ਹੈ ਅਤੇ ਜਿਸ ਸਮੇਂ ਭਾਜਪਾ ਦੀ ਸਰਕਾਰ ਹੁੰਦੀ ਹੈ ਉਸ ਸਮੇਂ ਭਾਜਪਾ ਦੇ ਹੱਕ ਵਿੱਚ। ਇੱਥੋਂ ਤੱਕ ਕਿ ਪੰਜਾਬ ਵਿੱਚ ਬਾਦਲ ਸਰਕਾਰ ਹੋਣ ਸਮੇਂ ਬਾਦਲ ਦਲ ਜੋ ਸਿੱਖ ਪੰਥ ਦੀ ਨੁਮਾਇੰਦਾ ਪਾਰਟੀ ਹੋਣ ਦਾ ਦਾਅਵਾ ਕਰਦੀ ਹੈ ਉਹ ਵੀ ਸਿੱਖ ਵਿਰੋਧੀ ਡੇਰੇ ਦਾ ਸਮਰਥਨ ਲੈਣ ਤੋਂ ਗੁਰੇਜ ਨਹੀਂ ਕਰਦਾ। ਸਮਰਥਨ ਦੇਣ ਬਦਲੇ ਡੇਰਾ ਮੁਖੀ ਦੀ ਇੱਕੋ ਇੱਕ ਮੰਗ ਹੁੰਦੀ ਹੈ ਕਿ ਉਨ੍ਹਾਂ ਵਿਰੁੱਧ ਚੱਲ ਰਹੇ ਕੇਸ ਖਤਮ ਕਰ ਦਿੱਤੇ ਜਾਣ। ਰਾਜ ਕਰਦੀਆਂ ਪਾਰਟੀਆਂ ਦੇ ਸਮਰਥਨ ਅਤੇ ਡੇਰਾ ਮੁਖੀ ਦੇ ਫੈਲੇ ਸਾਮਰਾਜ ਕਾਰਨ ਡੇਢ ਦਹਾਕੇ ਤੱਕ ਗੁਰਮੀਤ ਰਾਮ ਰਹੀਮ ਕਾਨੂੰਨ ਤੋਂ ਬਚਿਆ ਰਿਹਾ ਅਤੇ ਲੰਬੀ ਜੱਦੋ ਜਹਿਦ ਉਪਰੰਤ ਅਗਸਤ 2017 ਵਿੱਚ ਬਲਾਤਕਾਰ ਦੀਆਂ ਪੀੜਤਾਂ ਨੂੰ ਇਨਸਾਫ ਮਿਲਿਆ ਤੇ ਜਨਵਰੀ 2019 'ਚ ਪੱਤਰਕਾਰ ਛਤਰਪਤੀ ਦੇ ਕਤਲ ਕੇਸ ਵਿੱਚ ਉਮਰ ਕੈਦ ਹੋਈ ਜਦੋਂ ਕਿ ਇਸ ਤੋਂ ਇਲਾਵਾ ਦੋ ਹੋਰ ਡੇਰਾ ਮੈਨੇਜਰਾਂ ਦੇ ਕਤਲ ਕੇਸ ਅਤੇ ਸਾਧੂਆਂ ਨੂੰ ਨਿਪੁੰਸਕ ਬਣਾਉਣ ਦੇ ਸੰਗੀਨ ਦੋਸ਼ ਅਦਾਲਤਾਂ ਵਿੱਚ ਵਿਚਾਰ ਅਧੀਨ ਪਏ ਹਨ।

2007 'ਚ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜੀ ਦਾ ਸਾਂਗ ਉਤਾਰਨ ਅਤੇ 2015 'ਚ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦੀ ਘੋਰ ਬੇਅਦਬੀ ਦੀਆਂ ਘਟਨਾਵਾਂ ਸਦਕਾ ਪੰਜਾਬ ਦੇ ਹਾਲਾਤ ਬੁਰੀ ਤਰ੍ਹਾਂ ਵਿਗੜ ਗਏ ਸਨ, ਜਿਹੜੇ ਕਿ ਹਾਲੀ ਤੱਕ ਜਿਉਂ ਦੇ ਤਿਉਂ ਹਨ। ਇਸ ਦੀ ਤਾਜਾ ਮਿਸਾਲ ਨਾਭਾ ਦੀ ਹਾਈ ਸਕਿਉਰਿਟੀ ਜ਼ੇਲ੍ਹ ਵਿੱਚ ਬੇਅਦਬੀ ਕਾਂਡ ਦੇ ਮੁੱਖ ਦੋਸ਼ੀ ਡੇਰਾ ਪ੍ਰੇਮੀ ਮਹਿੰਦਰਪਾਲ ਬਿੱਟੂ ਦੇ ਕਤਲ ਦੀ ਘਟਨਾ ਸੰਕੇਤ ਦੇ ਰਹੀ ਹੈ ਕਿ ਪੰਜਾਬ ਵਿੱਚ ਹਾਲੀ ਅੱਗ ਸੁਲਘ ਰਹੀ ਹੈ ਥੋੜ੍ਹਾ ਜਿਹਾ ਫੂਸ ਜਾਂ ਪੈਟਰੋਲ ਛਿੜਕਣ ਦੀ ਲੋੜ ਹੈ ਕਿ ਇਹ ਅੱਗ ਦੇ ਭਾਂਬੜਾਂ ਵਿੱਚ ਬਦਲ ਸਕਦੀ ਹੈ। ਇਨ੍ਹਾਂ ਹਾਲਤਾਂ ਵਿੱਚ ਜੇਕਰ ਡੇਰਾ ਮੁਖੀ ਨੂੰ ਪੈਰੋਲ ਮਿਲ ਜਾਂਦੀ ਹੈ ਤਾਂ ਪੰਜਾਬ ਅਤੇ ਹਰਿਆਣਾ ਵਿੱਚ ਹਾਲਤ ਹੋਰ ਵਿਗੜ ਜਾਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਹੋ ਸਕਦਾ ਹੈ ਕਿ ਡੇਰਾ ਮੁਖੀ ਪੈਰੋਲ ਕੱਟਣ ਤੋਂ ਬਾਅਦ ਮੁੜ ਜ਼ੇਲ੍ਹ 'ਚ ਜਾਣ ਤੋਂ ਹੀ ਇਨਕਾਰ ਕਰ ਦੇਵੇ ਤੇ ਹਾਲਾਤ ਅਗਸਤ 2017 'ਚ ਅਦਾਲਤ ਵੱਲੋਂ ਇਸ ਵਿਰੁੱਧ ਬਲਾਤਕਾਰ ਦੇ ਦੋਸ਼ ਆਇਦ ਕੀਤੇ ਜਾਣ ਸਮੇਂ ਪੰਚਕੂਲਾ ਅਤੇ ਸਿਰਸਾ ਵਿੱਚ ਭੜਕੀ ਹਿੰਸਾ ਦੀ ਤਰ੍ਹਾਂ ਬਣ ਜਾਣ ਜਾਂ 2014 'ਚ ਹਰਿਆਣਾ ਵਿੱਚ ਹੀ ਇੱਕ ਹੋਰ ਸਤਲੋਕ ਡੇਰੇ ਦੇ ਮੁਖੀ ਰਾਮਪਾਲ ਦੀ ਗ੍ਰਿਫ਼ਤਾਰੀ ਵੇਲੇ ਦੇ ਬਣ ਜਾਣ ਜਿਨ੍ਹਾਂ ਉਪਰੇਸ਼ਨਾ ਦੌਰਾਨ ਭਾਰੀ ਮਾਲੀ ਅਤੇ ਜਾਨੀ ਨੁਕਸਾਨ ਹੋਇਆ ਸੀ। ਹੈਰਾਨੀ ਦੀ ਗੱਲ ਇਹ ਹੈ ਕਿ ਭਾਜਪਾ ਤਾਂ ਵੋਟਾਂ ਦੇ ਲਾਲਚ 'ਚ ਅੰਨ੍ਹੀ ਹੋਈ ਪਈ ਹੈ ਪਰ ਬਾਕੀ ਦੀਆਂ ਪਾਰਟੀਆਂ ਵੀ ਇਸ ਪੈਰੋਲ ਦਾ ਵਿਰੋਧ ਕਰਨ ਵਿੱਚ ਚੁੱਪ ਧਾਰੀ ਦਾ ਕਾਰਨ ਵੀ ਇਹੋ ਹੈ ਕਿ ਕਿਸੇ ਸਮੇਂ ਉਹ ਵੀ ਇਸ ਡੇਰੇਦਾਰ ਦਾ ਸਮਰਥਨ ਲੈਂਦੀਆਂ ਰਹੀਆਂ ਹਨ ਅਤੇ ਹੋ ਸਕਦਾ ਹੈ ਕਿ ਆਉਣ ਵਾਲੇ ਕਿਸੇ ਸਮੇਂ ਉਨ੍ਹਾਂ ਨੂੰ ਦੁਬਾਰਾ ਸਮਰਥਨ ਮਿਲ ਜਾਵੇ ਇਸ ਲਈ ਡੇਰਾ ਸਮਰਥਕਾਂ ਨੂੰ ਪੱਕੇ ਦੁਸ਼ਮਣ ਬਣਾਉਣ ਦੇ ਡਰੋਂ ਅਪਰਾਧਿਕ ਕਿਸਮ ਦੀ ਚੁੱਪ ਧਾਰੀ ਹੋਈ ਹੈ। ਹੋਰ ਤਾਂ ਹੋਰ ਬਾਦਲ ਦਲ ਜਿਹੜਾ ਕਿ ਸੰਨ 2015 'ਚ ਵਾਪਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਤੇ ਬਹਿਬਲ ਕਲਾਂ ਗੋਲੀ ਕਾਂਡ ਦੀਆਂ ਘਟਨਾਵਾਂ ਦੇ ਬਾਵਜੂਦ ਸਿਰਸਾ ਡੇਰਾ ਨਾਲ ਨੇੜਤਾ ਰੱਖਣ ਦੇ ਦੋਸ਼ਾਂ ਕਾਰਨ 2017 ਦੀਆਂ ਵਿਧਾਨ ਸਭਾ ਅਤੇ 2019 ਦੀਆਂ ਲੋਕ ਸਭਾ ਚੋਣਾਂ ਦੌਰਾਨ ਭਾਰੀ ਨੁਕਸਾਨ ਉਠਾ ਚੁੱਕਾ ਹੈ; ਫਿਰ ਵੀ ਭਾਜਪਾ ਵੱਲੋਂ ਸਿਰਸਾ ਡੇਰਾ ਨਾਲ ਵਧਾਈ ਜਾ ਰਹੀ ਨੇੜਤਾ ਵਿਰੁੱਧ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੈ। ਇਹੋ ਕਾਰਨ ਹੈ ਕਿ ਅਹਿਮ ਲੋਕ ਮੁੱਦੇ ਧਰਮ, ਜਾਤੀਵਾਦ, ਡੇਰਾਵਾਦ, ਰਾਮ ਮੰਦਰ ਅਤੇ ਅਖੌਤੀ ਰਾਸ਼ਟਰਵਾਦ ਆਦਿਕ ਦੇ ਜਜ਼ਬਾਤੀ ਮੁੱਦਿਆਂ ਹੇਠ ਦਬ ਕੇ ਰਹਿ ਜਾਂਦੇ ਹਨ ਤੇ ਆਮ ਲੋਕ ਭ੍ਰਿਸ਼ਟਾਚਾਰ, ਬੇਰੁਜ਼ਗਾਰੀ ਅਤੇ ਗਰੀਬੀ ਦੀ ਚੱਕੀ ਵਿੱਚ ਪਿਸ ਰਹੇ ਹੁੰਦੇ ਹਨ। ਅਜੇਹੇ ਕੇਸਾਂ ਵਿੱਚ ਜਨ ਸਾਧਾਰਨ ਖਾਸ ਕਰਕੇ ਘੱਟ ਗਿਣਤੀ ਫਿਰਕੇ ਇਨਸਾਫ਼ ਤੋਂ ਬਹੁਤ ਦੂਰ ਰਹਿ ਜਾਣ ਕਰਕੇ ਉਨ੍ਹਾਂ ਵਿੱਚ ਬੇਗਾਨਗੀ ਅਤੇ ਬੇਭਰੋਸਗੀ ਵਧ ਰਹੀ ਹੈ। ਉਨ੍ਹਾਂ ਦੇ ਇਸ ਦੁੱਖ ਨੂੰ ਜਾਣੇ ਤੋਂ ਬਿਨਾਂ ਹੀ ਉਨ੍ਹਾਂ ਵਿਰੁੱਧ ਵੱਖਵਾਦੀ ਅਤੇ ਦੇਸ਼ ਦੇ ਗਦਾਰ ਹੋਣ ਦਾ ਦੋਸ਼ ਥੋਪ ਦਿੱਤਾ ਜਾਂਦਾ ਹੈ ਜਿਹੜਾ ਕਿ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਭਾਰੀ ਖ਼ਤਰਾ ਬਣ ਜਾਂਦਾ ਹੈ ਪਰ ਜਿਨ੍ਹਾਂ ਨੂੰ ਰਾਜਸੱਤਾ ਦੀ ਭੁੱਖ ਹੋਵੇ ਉਨ੍ਹਾਂ ਲਈ ਕੀ ਦੇਸ਼ ਤੇ ਕੀ ਸਮਾਜ?




MORE: SAVINGS.
TIRE DISCOUNTS FOR:
TRANS-ALLIANCE
TOGETHER WE SAVE
Trans-Alliance has partnered together with TA Truck Service to provide Trans-Alliance members with awesome discounts on tires.
It's simple - Just give your DOT number to the TA Truck Service attendant at the time of purchase and the savings will be automatically deducted from your bill.
ROADMASTER TIRES™
ENGINEERED BY COOPERTIRES
STEER
DRIVE
TRAILER
RM 180+ EM
$299.00
RETAIL $362.00
RM 852 EM
$309.00
RETAIL $378.00
RM 872 EM
$279.00
RETAIL $339.00
TRANS-ALLIANCE MEMBERS GET $35 OFF RETAIL PRICE ON OTHER TIRE BRANDS
Pricing valid 6/1/2019 through 12/31/2019 for Trans-Alliance members ONLY. This promotion applies to the unit retail price. Pricing shown above is for 295/75R22.5 sizes only; prices on other sizes may vary. Price does not include F.E.T., mounting labor, balancing, valve stem, state, or local taxes. Some brand exclusions may apply.
TA TRUCK SERVICE®
MORE: BAYS. EXPERTISE. SOLUTIONS.®
Visit ta-petro.com or find us on
TA
Nasdaq Listed

REAL ESTATE INVESTMENTS?
BUY OR SELL PROPERTY ?
1031 EXCHANGE ?
NEW HOMES ?
ONE STOP SHOP FOR YOU



FREE ONE YEAR PROPERTY MANAGEMENT & SAVE $3000



FEW AREAS ARE GROWING RAPIDLY, TRACY, LATHROP, MANTECA, MOUNTAIN HOUSE,
We can help you get loan approval. Purchase, manage your property and handle all repairs.
TRACY, LATHROP, MANTECA, MOUNTAIN HOUSE

Expert Realtor PARTH GHAI
209-420-5653
HINDI, PUNJABI, AND ENGLISH
Call AnyTime 209-420-5653

VALLEY PACIFIC REALTY AND INVESTMENTS STOCKTON # 01722418

Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40
Book on line 24/7 : www.skywaytkt.com
Or Call (818) 762-9236
15549 Devonshire St., Ste. 206 Mission Hills, CA 91345

Travel for Less Inc.



SPECIALIZED IN DISCOUNT FARES WORLDWIDE
INDIA | PAKISTAN | EUROPE

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

Best deals on major airlines like

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية

BBB
IATAN

8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40
We have moved to
Serving the Bay Area Since 1996
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com


SINGH TRANSPORT INC
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
STUDENT DRIVER WELCOM
ਅਸੀਂ ਲਾਇਸੰਸ ਲੈਣ ਲਈ ਤੁਹਾਡੇ ਸਕੂਲ ਦਾ ਖਰਚਾ ਵੀ ਦਿੰਦੇ ਹਾਂ।
ਫਰਿਜ਼ਨੋ ਵੈਲੀ ਏਰੀਏ ਵਿਚੋਂ ਡਰਾਈਵਰਾਂ ਦੀ ਸਖ਼ਤ ਲੋੜ
• ਡ੍ਰਾਈ ਵੈਨ ਡਰਾਈਵਰਾਂ ਦੀ ਲੋੜ
• ਵਰਕ ਪਰਮਿਟ ਹੋਲਡਰ ਨਵੇਂ ਡਰਾਈਵਰਾਂ ਦਾ ਸਵਾਗਤ
• ਨਵੇਂ ਲਾਇਸੰਸ ਡਰਾਈਵਰਾਂ ਦਾ ਸਵਾਗਤ
• ਟ੍ਰੇਨਿੰਗ ਉਪਲਬੱਧ
• Double Endorsement ਵਾਲੇ ਡਰਾਈਵਰਾਂ ਦੀ ਲੋੜ ਹੈ।
• LA ਤੋਂ Bay Area-Sacramento-LA ਵਾਸਤੇ Hook Drop ਲੋਡ ਚੁੱਕੋ।
• ਅਸੀਂ ਡਰਾਈਵਰਾਂ ਨੂੰ 55 Cent ਤੱਕ per mile ਦਿੰਦੇ ਹਾਂ।
• ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ ਡਾਲਰ $6000 ਕਮਾਓ।
• ਕੰਮ ਕਰਨ ਲਈ ਵਧੀਆ ਅਤੇ ਆਰਾਮਦਾਇਕ ਮਾਹੌਲ।
• ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
• ਅਸੀਂ ਬੋਨਸ ਵੀ ਦਿੰਦੇ ਹਾਂ।
• ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਟਰੱਕ ਰਿਪੇਅਰ ਮਕੈਨਿਕ ਦੀ ਲੋੜ
ਸੰਪਰਕ:
ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578


ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ ਖੁਸ਼ਖ਼ਬਰੀ
ਪੰਜਾਬੀ ਢਾਬਾ
Now Open
Indiana
1480 N State Road 1, Cambridge City, IN 47327.
70
Exit 137
Diesel/Gas
ਟਰੱਕਾਂ ਵਾਲੇ ਭਰਾਵਾਂ ਲਈ
ਖੁੱਲ੍ਹ ਗਿਆ
ਇਥੇ ਮੰਜਿਆਂ ਉਪਰ ਬੈਠਕੇ ਖਾਓ-ਪੀਓ ਅਤੇ ਨਾਲ ਲੈ ਕੇ ਜਾਵੋ...
ਸਵਾਦ ਅਤੇ ਮਾਹੌਲ, ਜਿਵੇਂ ਆਪਣਾ ਪੰਜਾਬ ਤੇ ਘਰ ਦੀ...
ਕੀਮਤਾਂ ਬਹੁਤ ਹੀ ਵਾਜਬ !
ਸਹੂਲਤਾਂ
ਪੰਜਾਬੀ ਢਾਬਾ
ਸਸਤਾ ਡੀਜ਼ਲ
Liquor, Beer & Wine
truck repair, new showers, scale.
Free Buffet over 100 gallons
open 6am to midnight
Phone: 765-478-6300


Star Alliance BROKERAGE
Indianapolis, Indiana...
ਵਿਚ ਬਣਾਓ ਆਪਣੇ ਸੁਪਨਿਆਂ ਦਾ ਘਰ
■ ਨਵੇਂ ਨਕੋਰ ਘਰਾਂ ਦੀ ਕੀਮਤ $200,000 ਤੋਂ ਸ਼ੁਰੂ ਹੁੰਦੀ ਹੈ
■ 1500 ਵਰਗ ਗਜ ਤੋਂ 5000 ਵਰਗ ਗਜ ਦੇ ਘਰ; 4-6 ਬੈਡ ਰੂਮ, 3-4 ਬਾਥ ਰੂਮ
■ ਬੱਚਿਆਂ ਦੀ ਪੜ੍ਹਾਈ ਲਈ ਬੜੇ ਵਧੀਆ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ
■ ਬਹੁਤ ਹੀ ਘੱਟ ਪ੍ਰਾਪਰਟੀ ਟੈਕਸ ਅਤੇ ਘਰਾਂ ਦੀ ਇੰਸ਼ੋਰੈਂਸ ਸਸਤੀ
ONE OF THE FASTEST GROWING CITY IN AMERICA AND BEST SCHOOL SYSTEM...
Manjit Singh Nagra
Realtor/Broker
Cell 317-750-1900
Gurdeep (Garry) Chhokar
Realtor/Broker
Cell 317-500-1247
Manjit Singh Nagra
Gurdeep (Garry) Chhokar
We do all type of Home and Commercial Loans, Same day loan approval...
ਅਸੀਂ ਘਰਾਂ ਅਤੇ ਬਿਜਨਸ ਲਈ ਹਰ ਤਰ੍ਹਾਂ ਦੇ ਲੋਨ ਕਰਦੇ ਹਾਂ, ਮਨਜ਼ੂਰੀ (Approval) ਉਸੇ ਦਿਨ
6979 Hillsdale Court, Indianapolis, Indiana 46250

# ਜਸਕੀਰਤ ਸਿੰਘ ਸੰਧੂ ਦੀ ਯਾਦ 'ਚ ਪਹਿਲਾ ਸੌਕਰ ਟੂਰਨਾਮੈਂਟ

www.dublinkhalsacup.com





**ਪਹਿਲਾ ਇਨਾਮ 2500 ਡਾਲਰ**

**ਦੂਜਾ ਇਨਾਮ 1000 ਡਾਲਰ**

## ਨੌਰਕੈਲ ਖ਼ਾਲਸਾ ਸਪੋਰਟਸ ਕਲੱਬ ਫਰੀਮਾਂਟ ਵਲੋਂ

# ਨੌਰਕੈਲ ਖਾਲਸਾ ਕੱਪ 2019

ਮਿਤੀ 6,7 ਜੁਲਾਈ 2019 ਦਿਨ ਸ਼ਨੀਵਾਰ, ਐਤਵਾਰ ਨੂੰ

**Fallon Sports Park, 4605 Lockhart St. Dublin, CA 94568**

ਵਿਖੇ ਬਹੁਤ ਹੀ ਉਤਸ਼ਾਹ ਨਾਲ ਕਰਵਾਇਆ ਜਾ ਰਿਹਾ ਹੈ।

**ਸਪਾਂਸਰ :-** ਸੰਧੂ ਪਰਿਵਾਰ, ਔਲਖ ਪਰਿਵਾਰ, ਕਰੀ ਪੀਜ਼ਾ ਹਾਊਸ, ਏ.ਜ਼ੈੱਡ (AZ) ਆਟੋ ਬਾਡੀ ਰਿਪੇਅਰ, ਬੱਲ ਟਰੱਕਿੰਗ (ਸੋਨੀ ਬਾਈ), ਆਲ ਸਿਟੀ ਟਰੱਕਿੰਗ ਕੰਪਨੀ, ਰਾਜਿੰਦਰ ਸਿੰਘ ਰੰਧਾਵਾ

**ਮੈਂਬਰ :-**

ਜਸਪਾਲ ਸਿੰਘ, ਮਹਿੰਦਰ ਸਿੰਘ ਚਾਹਲ, ਮਨਵਿੰਦਰ ਸਿੰਘ ਢੀਂਡਸਾ, ਸ਼ਮਸ਼ੇਰ ਸਿੰਘ, ਜਸਵਿੰਦਰ ਸਿੰਘ, ਅਵਤਾਰ ਸਿੰਘ ਤਾਰੀ, ਦਲਜੀਤ ਸਿੰਘ, ਹਰਜੀਤ ਸਿੰਘ, ਗੁਰਸੇਵਕ ਸਿੰਘ ਗਿੱਲ, ਅਮਰਿਤ ਸਿੰਘ ਸੰਧੂ, ਐਂਡੀ ਗਿੱਲ, ਚੇਤਨ ਮੇਰ, ਦਵਿੰਦਰ ਸਿੰਘ, ਮਨਦੀਪ ਸਿੰਘ ਧਾਮੀ, ਗੋਪੀ ਸਿੰਘ, ਹਰੀਸ਼ ਕੁਮਾਰ, ਹਰਜਗ ਸਿੰਘ ਜੱਗੀ, ਜੰਸੀ ਸੰਧੂ, ਹਰਪ੍ਰੀਤ ਸਿੰਘ, ਕਮਲ ਢੀਂਡਸਾ, ਕਿਰਨਦੀਪ ਰਿਆੜ, ਲਾਡੀ ਭੁਟੀ, ਲੱਕੀ ਬਾਜਵਾ, ਮਨਵੀਰ ਸਿੰਘ ਮਾਨ, ਡਾ. ਜਤਿੰਦਰ ਸਿੰਘ ਚਾਹਲ, ਸਨੀ ਗਿੱਲ, ਸੰਦੀਪ ਸਿੱਧੂ, ਰਜੇਸ਼, ਤਰਲੋਚਨ ਸਿੰਘ ਮਛਿਆਣਾ, ਸਵਨਦੀਪ ਸਿੰਘ ਮਛਿਆਣਾ, ਸਾਹਿਲ ਬਾਂਸਲ, ਸੌਰਵ, ਇਕਬਾਲ ਸਿੰਘ, ਸਤਵੀਰ ਸਿੰਘ ਸਨੀ, ਸੁਖਪਾਲ ਹੁੰਦਲ, ਮਨਦੀਪ ਸਿੰਘ ਸੰਧੂ, ਅਮਰਜੀਤ ਸਿੰਘ, ਰਾਹੁਲ, ਕਮਲਜੀਤ ਸਿੰਘ ਲੌਂਗੀਆ, ਜਰਨੈਲ ਸਿੰਘ ਢਿੱਲੋਂ, ਪਰਦੀਪ ਸਿੰਘ ਬਰਾੜ, ਹਰਜੀਤ ਸਿੰਘ ਰੰਧਾਵਾ, ਤੇਜਪਾਲ ਸਿੰਘ, ਡਾ. ਜੋਤਪ੍ਰੀਤ ਸਿੰਘ, ਗੁਰਨੇਕ ਸਿੰਘ, ਅਮਨਦੀਪ ਸਿੰਘ

ਪਹਿਲਾ ਇਨਾਮ ਸਪਾਂਸਰ :- ਸੰਧੂ ਪਰਿਵਾਰ 2500 ਡਾਲਰ (+ ਟਰਾਫੀ)

ਮੀਡੀਆ ਸਪਾਂਸਰ :- ਰੇਡੀਓ ਮਿਰਚੀ 1310 'ਕਾਫ਼ਲਾ' ਵੀਕਲੀ

ਰੈਫਰੀ ਸਪਾਂਸਰ :- ਦਵਿੰਦਰ ਸਿੰਘ 1500 ਡਾਲਰ

ਸੌਕਰ ਗਰਾਊਂਡ ਸਪਾਂਸਰ :- ਕਰੀ ਪੀਜ਼ਾ 3500 ਡਾਲਰ

ਦੂਜਾ ਇਨਾਮ ਸਪਾਂਸਰ :- ਔਲਖ ਪਰਿਵਾਰ 1000 ਡਾਲਰ (+ ਟਰਾਫੀ)

*ਗੁਰੂ ਕਾ ਲੰਗਰ ਅਟੁੱਟ ਵਰਤੇਗਾ*

ਜਿਸ ਦੀ ਸੇਵਾ ਗੁਰਦੁਆਰਾ ਸਾਹਿਬ ਕਮੇਟੀ ਫਰੀਮੌਂਟ ਵਲੋਂ ਕੀਤੀ ਜਾਵੇਗੀ।




# 22




## GET FLAT 22 CENTS DISCOUNT AT

TA TravelCenters of America

PETRO Stopping Centers®

## We also offer Line of Credit for Fuel Card

*Additional Services with our Fuel Card*

- ✓ National Tire Program
- ✓ PM & Light Mechanical
- ✓ 24 Hour Dedicated Repair Service

TRANS-ALLIANCE TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


FREE ENTRY
PARKING FEES $6.00
ਤੀਆਂ 2019
Stockton
Teeyan
2019
WORLD'S WOMEN FESTIVAL
SUNDAY, 28 JULY 2019
12:00pm- 6:00pm
"Hosted by Asha Sharma"
VENUE : Delta Shelter
@Mickie Grover Park 11793
N.Mickie Grove Road Lodi CA 95240
For More Information Contact :
Ashvinder Kaur (Ashu) 209-298-6454 & Simran K Atwal 209-993-7978
Apna Bazaar Indian Sweet and Spices (209: 594-0043)
E-mail: stocktonteeyan@gmail.com • www.facebook.com/Stocktonteeyan


AJ GRAPHIC
GRAPHIC
DESIGN
SERVICES
Logo Design
Flyer design
Stationary Design
Business Card Design
Brochure Design
Press Advt
Marketing Material
Poster
ਹਰ ਤਰ੍ਹਾਂ ਦੀ ਪੋਸਟਰ, ਕੈਲੰਡਰ, ਲੋਗੋ ਅਤੇ ਹੋਰ
ਗਰਾਫਿਕਸ ਡਿਜ਼ਾਇਨਿੰਗ ਦਾ ਕੰਮ ਬਹੁਤ ਹੀ ਵਧੀਆ
ਅਤੇ ਸਸਤੇ ਰੇਟ 'ਤੇ ਕਰਵਾਉਣ ਲਈ ਸੰਪਰਕ ਕਰੋ
Amarjeet Lamber
Please Contoct Whatapp Number
94653-45635


Raja SWEETS & CATERING
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ
ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com
Items Serving:
All kinds of Sweets
Snacks & Food
Chaat & Tikki Stall
Pani Poori Stall
Bhel Poori / Pav Bhaji
Falooda Kulfi
Catering Services:
Wedding Ceremonies
Receptions
Birthday Parties
Religious Gatherings
Corporate Events
Picnics / Bar-b-que
Additional Services:
Warmers
Chaffing Dishes
China & Silverware
Linen Rental
Waiters & Bartenders


Raja SWEETS & CATERING
Presents
PARADISE BALLROOMS
banquet hall & event center
ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।
PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com
SERVICES INCLUDE
• CATERING
• SILVERWARE
• CHINAWARE
• DECORATED HALL
• LINEN
• SEVERAL BAR OPTIONS
• SECURITY
• WAIT STAFF
• FULL SETUP INCLUDING
TABLE CLOTH, NAPKINS, CHAIRS ETC.

# ਭਗਵੇਂ ਗੁੰਡਿਆਂ ਦੀ ਭੀੜ ਮੁਸਲਮਾਨਾਂ ’ਤੇ ਹਮਲੇ ਕਰਨ ਲੱਗੀ

- ਝਾਰਖੰਡ ’ਚ ਮੋਟਰਸਾਈਕਲ ਚੋਰੀ ਦੇ ਦੋਸ਼ ’ਚ ਮੁਸਲਮਾਨ ਨੂੰ ਬਿਜਲੀ ਦੇ ਖੰਬੇ ਨਾਲ ਬੰਨ੍ਹ ਕੇ ਪੂਰੀ ਰਾਤ ਕੁੱਟਮਾਰ ਕੀਤੀ
- ‘ਜੈ ਸ਼੍ਰੀਰਾਮ’ ਦਾ ਨਾਅਰਾ ਨਾ ਲਾਉਣਾ ਮੁਸਲਿਮ ਟੈਕਸੀ ਡਰਾਈਵਰ ਨੂੰ ਪਿਆ ਮਹਿੰਗਾ
- ਯੂਪੀ ’ਚ ਭੱਖਿਆ ਭਗਵੀਆਂ ਭੀੜਾਂ ਵਿਰੁੱਧ ਮੁਸਲਮਾਨਾਂ ਦਾ ਮੋਰਚਾ ਤੇ ਪੁਲੀਸ ਵੱਲੋਂ ਲਾਠੀਚਾਰਜ



## ਮੌਬ ਲਿੰਚਿੰਗ ਦਾ ਵਿਰੋਧ ਕਰਨ ਵਾਲਿਆਂ ’ਤੇ ਲਾਠੀਚਾਰਜ

ਆਗਰਾ ਵਿਚ ਬੀਤੇ ਦਿਨੀਂ ਝਾਰਖੰਡ ਦੇ ਸਰਾਯਕੇਲਾ ਵਿਚ ਭੀੜ ਦੁਆਰਾ ਨੌਜਵਾਨ ਤਬਰੇਜ਼ ਅੰਸਾਰੀ ਦੀ ਹੱਤਿਆ ਕੀਤੇ ਜਾਣ ਦੇ ਵਿਰੋਧ ਵਿਚ ਵਿਸ਼ੇਸ਼ ਭਾਈਚਾਰੇ ਦੇ ਲੋਕਾਂ ਨੇ ਜਾਮਾ ਮਸਜਿਦ ਤੋਂ ਕੁਲੈਕਟਰ ਦਫ਼ਤਰ ਤੱਕ ਜਲੂਸ ਕੱਢਿਆ। ਇਸ ਦੌਰਾਨ ਜਲੂਸ ਵਿਚ ਸ਼ਾਮਲ ਨੌਜਵਾਨਾਂ ਨੇ ਮੰਟੋਲਾ ਦੇ ਸਦਰ ਭੱਟੀ ਵਿਚ ਹਿੰਦੂ ਭਾਈਚਾਰੇ ਦੇ ਲੋਕਾਂ ਦੀਆਂ ਦੁਕਾਨਾਂ ਬੰਦ ਕਰਾਉਣ ਦੀ ਕੋਸ਼ਿਸ਼ ਕੀਤੀ। ਇਸ ਦਾ ਵਿਰੋਧ ਹੋਣ ’ਤੇ ਭਗਵਿਆਂ ਨੇ ਪਥਰਾਅ ਕਰ ਦਿੱਤਾ। ਇਸ ਨਾਲ ਹਾਲਾਤ ਵਿਗੜ ਗਏ। ਪੁਲਸ ਨੇ ਮੁਸਲਮਾਨਾਂ ’ਤੇ ਲਾਠੀਆਂ ਚਲਾ ਉਨ੍ਹਾਂ ਨੂੰ ਤਿੱਤਰ-ਬਿਤਰ ਕਰ ਦਿੱਤਾ। ਐੱਸ ਏ ਐੱਸ ਪੀ ਮੁਤਾਬਕ ਦੰਗਾਕਾਰੀਆਂ ਦੀ ਪਛਾਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜਾਂਚ ਤੋਂ ਬਾਅਦ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮੌਕੇ ’ਤੇ ਪੁਲਸ ਤਾਇਨਾਤ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ 17 ਜੂਨ ਦੀ ਰਾਤ ਚੋਰੀ ਦੇ ਦੋਸ਼ ਵਿਚ ਕਦਮਡੀਹਾ ਪਿੰਡ ਵਿਚ ਤਬਰੇਜ਼ ਦੀ ਭੀੜ ਨੇ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਸੀ।

**ਝਾਰਖੰਡ/ਏਟੀ ਨਿਊਜ਼ :**
ਬਾਈ ਜੂਨ ਨੂੰ 24 ਵਰ੍ਹਿਆਂ ਦੇ ਤਰਬੇਜ਼ ਅਨਸਾਰੀ ਜਿਸ ਨੂੰ ਝਾਰਖੰਡ ਦੇ ਪਿੰਡ ਘਾਤਕੀਡੀਹ (ਜ਼ਿਲ੍ਹਾ ਸਰਾਏਕੇਲਾ) ਵਿਚ ਭਗਵੇਂ ਹਜ਼ੂਮ ਨੇ ਕੁੱਟਿਆ ਸੀ, ਦੀ ਮੌਤ ਹੋ ਗਈ। ਖ਼ਬਰਾਂ ਅਨੁਸਾਰ ਭਗਵੇਂ ਗੁੰਡਿਆਂ ਨੇ 19 ਜੂਨ ਦੀ ਸਵੇਰ ਉਸ ਨੂੰ ਇਸ ਲਈ ਮਾਰਨਾ ਸ਼ੁਰੂ ਕੀਤਾ, ਕਿਉਂਕਿ ਉਨ੍ਹਾਂ ਨੂੰ ਸ਼ੱਕ ਸੀ ਕਿ ਉਹ ਮੋਟਰਸਾਈਕਲ ਦੀ ਚੋਰੀ ਕਰਨ ਉੱਥੇ ਆਇਆ ਸੀ। ਉਸ ਨੂੰ ਕੁੱਟਣ ਦੀ ਵਾਇਰਲ ਹੋਈ ਵੀਡੀਓ ਅਨੁਸਾਰ ਉਸ ਨੂੰ ਬਿਜਲੀ ਦੇ ਖੰਭੇ ਨਾਲ ਬੰਨ੍ਹ ਕੇ ਕੁੱਟਮਾਰ ਕੀਤੀ ਗਈ ਅਤੇ ‘ਜੈ ਸ੍ਰੀਰਾਮ ਅਤੇ ‘ਜੈ ਹਨੂੰਮਾਨ’ ਦੇ ਨਾਹਰੇ ਲਵਾਏ ਗਏ। ਵੀਡੀਓ ਵਿਚ ਦਿਖਾਇਆ ਗਿਆ ਕਿ ਹਜ਼ੂਮ ਦਾ ਗੁੱਸਾ ਤਦ ਵਧਦਾ ਹੈ, ਜਦੋਂ ਪਤਾ ਲੱਗਦਾ ਹੈ ਕਿ ਜਿਸ ਨੂੰ ਉਹ ਕੁੱਟ ਰਹੇ ਹਨ, ਮੁਸਲਮਾਨ ਤਬਕੇ ਨਾਲ ਸਬੰਧ ਰੱਖਦਾ ਹੈ।

ਤਰਬੇਜ਼ ਅਨਸਾਰੀ ਦੇ ਪਰਿਵਾਰ ਨੇ ਦੋਸ਼ ਲਾਇਆ ਕਿ ਤਰਬੇਜ਼ ਨੂੰ ਪੁਲੀਸ ਹਿਰਾਸਤ ਵਿਚ ਲੈਣ ਤੋਂ ਬਾਅਦ ਉਸ ਦਾ ਤੁਰੰਤ ਇਲਾਜ ਨਹੀਂ ਕਰਾਇਆ ਗਿਆ; ਉਹ (ਪਰਿਵਾਰ ਵਾਲੇ) ਪੁਲੀਸ ਦੀਆਂ ਮਿੰਨਤਾਂ ਕਰਦੇ ਰਹੇ ਕਿ ਤਰਬੇਜ਼ ਨੂੰ ਹਸਪਤਾਲ ਲਿਜਾਇਆ ਜਾਵੇ ਪਰ ਕਿਸੇ ਨੇ ਉਨ੍ਹਾਂ ਦੀ ਨਹੀਂ ਸੁਣੀ; ਉਨ੍ਹਾਂ ਨੇ ਪੁਲੀਸ ਵਿਰੁੱਧ ਇਹ ਦੋਸ਼ ਲਾਏ ਹਨ ਕਿ ਪੁਲੀਸ ਹਿਰਾਸਤ ਵਿਚ ਉਸ ਨੂੰ ਪੀਣ ਲਈ ਪਾਣੀ ਦੀ ਬਜਾਏ ਧਤੂਰਾ (ਇਕ ਤਰ੍ਹਾਂ ਦੀ ਜ਼ਹਿਰੀਲੀ ਬੂਟੀ) ਦਾ ਰਸ ਦਿੱਤਾ ਗਿਆ। ਪੁਲੀਸ ਨੇ ਘਾਤਕੀਡੀਹ ਪਿੰਡ ਦੇ ਗਿਆਰਾਂ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਦੋ ਪੁਲੀਸ ਕਰਮਚਾਰੀਆਂ ਨੂੰ ਵੀ ਮੁਅੱਤਲ ਕੀਤਾ ਗਿਆ ਹੈ। ਪਰ ਚਿੰਤਾ ਦਾ ਵਿਸ਼ਾ ਇਹ ਹੈ ਕਿ ਦੇਸ਼ ਦੇ ਹੋਰ ਸੂਬਿਆਂ ਤੋਂ ਵੀ ਹਜ਼ੂਮੀ ਹਿੰਸਾ ਦੀਆਂ ਖ਼ਬਰਾਂ ਲਗਾਤਾਰ ਆ ਰਹੀਆਂ ਹਨ। ‘ਭਾਰਤ ਮਾਤਾ ਦੀ ਜੈਂ’ ਤੋਂ ਬਾਅਦ ‘ਜੈ ਸ੍ਰੀ ਰਾਮ’ ਦਾ ਨਾਹਰਾ ਨਵੀਂ ਤਰ੍ਹਾਂ ਦੀ ‘ਦੇਸ਼ ਭਗਤੀ’ ਦਾ ‘ਪ੍ਰਤੀਕ’ ਬਣ ਕੇ ਉਭਰਿਆ ਹੈ।

ਨਵੀਂ ਤਰ੍ਹਾਂ ਦੇ ਇਹ ‘ਦੇਸ਼ ਭਗਤ’ ਦੇਸ਼ ਦੀ ਕੋਈ ਸੇਵਾ ਨਹੀਂ ਕਰ ਰਹੇ। ਉਹ ਜੋ ਕਰ ਰਹੇ ਹਨ, ਉਹ ਮਨੁੱਖਤਾ ਦੇ ਵਿਰੁੱਧ ਘੋਰ ਅਪਰਾਧ ਹੈ। ਇਸ ਨਾਲ ਨਾ ਤਾਂ ਦੇਸ਼ ਦੀ ਸ਼ਾਨ ਉੱਚੀ ਹੋ ਰਹੀ ਹੈ ਅਤੇ ਨਾ ਹੀ ਸਮਾਜਿਕ ਏਕਤਾ ਤੇ ਸਮਤਾ, ਜਿਨ੍ਹਾਂ ਦੀ ਦੇਸ਼ ਨੂੰ ਜ਼ਰੂਰਤ ਹੈ, ਵਿਚ ਵਾਧਾ ਹੋ ਰਿਹਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਹਜ਼ੂਮੀ ਹਿੰਸਾ ਕਰਨ ਵਾਲਿਆਂ ਨੂੰ ਅਸਿੱਧੇ ਤੌਰ ’ਤੇ ਉਤਸ਼ਾਹਿਤ ਕੀਤਾ ਜਾਂਦਾ ਹੈ। ਤਰਬੇਜ਼ ਦੀ ਮੌਤ ਤੋਂ ਬਾਅਦ ਕੁਝ ਵਿਦਿਆਰਥੀਆਂ ਤੇ ਨੌਜਵਾਨਾਂ ਨੇ ਦਿੱਲੀ ਵਿਚ ਜੰਤਰ ਮੰਤਰ ਵਿਖੇ ਮੁਜ਼ਾਹਰਾ ਕੀਤਾ।

ਮੁਸਲਮਾਨ ਭਾਈਚਾਰੇ ਦਾ ਦੋਸ਼ ਹੈ ਕਿ ਇਹ ਭਗਵੀਂ ਹਿੰਸਾ ਭਾਜਪਾ ਵਲੋਂ ਸਿਆਸੀ ਸਾਜ਼ਿਸ਼ ਅਧੀਨ ਮੁਸਲਮਾਨਾਂ ਵਿਰੁੱਧ ਫੈਲਾਈ ਗਈ ਹੈ। ਕਈ ਸਾਲਾਂ ਤੋਂ ਇਸ ਨੂੰ ਖ਼ਾਸ ਤਰ੍ਹਾਂ ਦੀ ਸਿਆਸਤ ਦਾ ਹਥਿਆਰ ਬਣਾ ਕੇ ਵਰਤਿਆ ਜਾ ਰਿਹਾ ਹੈ। ਮੋਦੀ ਸਰਕਾਰ ਕਦੇ ਕਦਾਈਂ ਇਨ੍ਹਾਂ ਘਟਨਾਵਾਂ ਦੀ ਨਿੰਦਾ ਤਾਂ ਕਰਦੀ ਹੈ ਪਰ ਇਸ ਨੂੰ ਰੋਕਣ ਲਈ ਹਾਲੇ ਤੱਕ ਉਚਿਤ ਕਾਰਵਾਈ ਨਹੀਂ ਕੀਤੀ। ਸਗੋਂ ਸੱਤਾ ਵਿਚ ਬੈਠੇ ਕਈ ਮੰਤਰੀ ਕਾਨੂੰਨ ਤੋੜਨ ਵਾਲਿਆਂ ਦੀ ਹੌਸਲਾ ਅਫਜ਼ਾਈ ਕਰਦੇ ਭਗਵੀਂ ਗੁੰਡਾਗਰਦੀ ਨੂੰ ਉਤਸ਼ਾਹਿਤ ਕਰ ਰਹੇ ਹਨ। ਇਸ ਨਾਲ ਘੱਟਗਿਣਤੀ ਫ਼ਿਰਕੇ ਦੇ ਲੋਕਾਂ ਤੇ ਦਲਿਤਾਂ ਵਿਚ ਡਰ, ਸਹਿਮ ਤੇ ਬੇਗ਼ਾਨਗੀ ਦੀਆਂ ਭਾਵਨਾਵਾਂ ਵਧੀਆਂ ਹਨ।

## ਮੁਸਲਮਾਨ ਟੈਕਸੀ ਡਰਾਈਵਰ ਦੀ ਕੁੱਟਮਾਰ

ਮਹਾਰਾਸ਼ਟਰ ਦੇ ਠਾਣੇ ਵਿਚ ‘ਜੈ ਸ਼੍ਰੀਰਾਮ’ ਨਾ ਬੋਲਣ ’ਤੇ ਮੁਸਲਿਮ ਟੈਕਸੀ ਡਰਾਈਵਰ ਨਾਲ ਕੁੱਟਮਾਰ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਵਿਚ ਪੁਲਿਸ ਨੇ ਤਿੰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਅਧਿਕਾਰੀ ਐਸਐਸ ਬੁਰਸੇ ਦਾ ਕਹਿਣਾ ਹੈ ਕਿ ਪੁਲਿਸ ਨੇ ਆਈਪੀਸੀ ਦੀ ਧਾਰਾ 295 (ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣਾ) ਤੇ 392 (ਲੁੱਟ-ਖੋਹ) ਦਾ ਮਾਮਲਾ ਦਰਜ ਕੀਤਾ ਹੈ। ਇੱਕ ਆਨਲਾਈਨ ਕੰਪਨੀ ਦੀ ਕੈਬ ਚਲਾਉਣ ਵਾਲੇ



ਸ਼ਿਕਾਇਤਕਰਤਾ ਫੈਜ਼ਲ ਮੁਤਾਬਕ, ਉਹ ਸ਼ਨੀਵਾਰ ਦੀ ਰਾਤ ਕੁਝ ਸਵਾਰੀਆਂ ਨੂੰ ਲੈ ਕੇ ਜ਼ਿਲ੍ਹਾ ਦੇ ਦੀਵਾ ਕਸਬੇ ਵਿਚ ਗਿਆ। ਜਿੱਥੋਂ ਵਾਪਸੀ ਸਮੇਂ ਉਸ ਦਾ ਕੁਝ ਲੋਕਾਂ ਨਾਲ ਝਗੜਾ ਹੋ ਗਿਆ ਜੋ ਨਸ਼ੇ ਦੀ ਹਾਲਤ ਵਿਚ ਸੀ। ਇਸ ਤੋਂ ਬਾਅਦ ਲੋਕਾਂ ਨੇ ਕੈਬ ਚਾਲਕ ਨਾਲ ਕੁੱਟਮਾਰ ਕੀਤੀ।

ਇੰਨਾ ਹੀ ਨਹੀਂ ਜਦੋਂ ਮੁਲਜ਼ਮਾਂ ਨੂੰ ਪਤਾ ਲੱਗਿਆ ਕਿ ਉਹ ਮੁਸਲਿਮ ਹੈ ਤਾਂ ਉਨ੍ਹਾਂ ਨੇ ਉਸ ਨੂੰ ਕਿਹਾ ‘ਜੈ ਸ਼੍ਰੀਰਾਮ’ ਬੋਲਣ ਨੂੰ ਕਿਹਾ। ਇਸ ਮਾਮਲੇ ਵਿਚ ਪੁਲਿਸ ਦਾ ਕਹਿਣਾ ਹੈ ਕਿ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਜਦਕਿ ਹੋਰਾਂ ਦੀ ਭਾਲ ਜਾਰੀ ਹੈ।

ਠਾਣੇ ਜਿਹਾ ਮਾਮਲਾ ਝਾਰਖੰਡ ਤੇ ਪੱਛਮੀ ਬੰਗਾਲ ਵਿਚ ਵੀ ਦੇਖਣ ਨੂੰ ਮਿਲਿਆ। ਝਾਰਖੰਡ ਵਿਚ ਜੈ ਸ਼੍ਰੀਰਾਮ ਨਾ ਬੋਲਣ ਕਾਰਨ ਨੌਜਵਾਨ ਨੂੰ ਇੰਨਾ ਕੁੱਟਿਆ ਗਿਆ ਕਿ ਉਸ ਦੀ ਮੌਤ ਹੀ ਹੋ ਗਈ। ਜਦਕਿ ਬੰਗਾਲ ਵਿਚ ਨੌਜਵਾਨ ਨੂੰ ਰੇਲ ਅੱਗੇ ਧੱਕਾ ਦੇ ਦਿੱਤਾ ਗਿਆ।

## “ਮੁਸਲਮਾਨ ਔਰਤਾਂ ਨਾਲ ਹਿੰਦੂ ਗਰੁੱਪ ਬਣਾ ਕੇ ਬਲਾਤਕਾਰ ਕਰਨ”

### *ਭਾਜਪਾ ਮਹਿਲਾ ਮੋਰਚਾ ਆਗੂ ਦਾ ਵਿਵਾਦਤ ਬਿਆਨ*

**ਚੰਡੀਗੜ੍ਹ/ਏਟੀ ਨਿਊਜ਼ :**
ਉੱਤਰ ਪ੍ਰਦੇਸ਼ ਦੇ ਰਾਮਕੋਲਾ ਵਿਚ ਭਾਜਪਾ ਮਹਿਲਾ ਮੋਰਚਾ ਦੀ ਪ੍ਰਧਾਨ ਸੁਨੀਤਾ ਸਿੰਘ ਗੌੜ ਨੂੰ ਜਥੇਬੰਦੀ ਵਿਚੋਂ ਕੱਢ ਦਿੱਤਾ ਗਿਆ ਹੈ। ਉਸ ਨੇ ਆਪਣੇ ਫੇਸਬੁਕ ਪੇਜ ’ਤੇ ਲਿਖਿਆ ਸੀ ਕਿ ਹਿੰਦੂਆਂ ਨੂੰ ਮੁਸਲਿਮ ਔਰਤਾਂ ਨਾਲ ਗੈਂਗਰੇਪ ਕਰਨੇ ਚਾਹੀਦੇ ਹਨ। ਉਸ ਦੇ ਸੰਦੇਸ਼ ਦਾ ਸਕਰੀਨ ਸ਼ਾਟ ਇਕ ਟਵਿਟਰ ਯੂਜ਼ਰ ਨੇ ਸਾਂਝਾ ਕੀਤਾ ਹੈ ਜਿਸ ਵਿਚ ਲਿਖਿਆ ਗਿਆ “ ਉਨ੍ਹਾਂ (ਮੁਸਲਮਾਨਾਂ) ਦਾ ਇਕੋ ਇਲਾਜ ਹੈ। ਹਿੰਦੂ ਭਰਾਵਾਂ ਨੂੰ ਦਸ ਦਸ ਜਣਿਆਂ ਦਾ ਗਰੁਪ ਬਣਾਉਣਾ ਚਾਹੀਦਾ ਤੇ ਉਨ੍ਹਾਂ (ਮੁਸਲਮਾਨਾਂ) ਦੀਆਂ ਮਾਵਾਂ-ਭੈਣਾਂ ਨਾਲ ਸ਼ਰੇਆਮ ਸਮੂਹਕ ਬਲਾਤਕਾਰ ਕਰਨੇ ਚਾਹੀਦੇ ਹਨ ਤੇ ਫਿਰ ਉਨ੍ਹਾਂ ਨੂੰ ਬਾਜ਼ਾਰ ਵਿਚ ਲਟਕਾ ਦੇਣਾ ਚਾਹੀਦਾ ਹੈ ਤਾਂ ਕਿ ਹੋਰ ਵੀ ਦੇਖ ਸਕਣ।” ਬਾਅਦ ਵਿਚ ਗੌੜ ਨੇ ਇਹ ਸੰਦੇਸ਼ ਮਿਟਾ ਦਿੱਤਾ ਸੀ। ਭਾਜਪਾ ਮਹਿਲਾ ਮੋਰਚਾ ਨੇ ਇਸ ਔਰਤ ਆਗੂ ਨੂੰ ਬਰਖਾਸਤ ਕਰ ਦਿੱਤਾ ਹੈ।

# ‘ਦੰਗਲ’ ਫਿਲਮ ਦੀ ਮਸ਼ਹੂਰ ਬਾਲ ਕਲਾਕਾਰ ‘ਜ਼ਾਇਰਾ ਵਸੀਮ’ ਦੇ ਬਾਲੀਵੁੱਡ ਛੱਡਣ ਦੇ ਐਲਾਨ ‘ਤੇ ਹਿੰਦੂਤਵੀ ਲਾਣਾ ਭੁੜਕਿਆ

**ਨਵੀਂ ਦਿੱਲੀ/ਏਟੀ ਨਿਊਜ਼ :** ਆਮਿਰ ਖ਼ਾਨ ਦੀ ਫ਼ਿਲਮ ‘ਦੰਗਲ’ ਨਾਲ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕਰਨ ਵਾਲੀ ਹੋਣਹਾਰ ਬਾਲ ਅਦਾਕਾਰਾ ਜ਼ਾਇਰਾ ਵਸੀਮ ਹੁਣ ਕਿਸੇ ਵੀ ਫ਼ਿਲਮ ਵਿਚ ਨਹੀਂ ਨਜ਼ਰ ਆਵੇਗੀ। ਕੌਮੀ ਸਨਮਾਨ ਜੇਤੂ ਜ਼ਾਇਰਾ ਨੇ ਇਹ ਐਲਾਨ ਆਪਣੇ ਫੇਸਬੁੱਕ ਪੇਜ ‘ਤੇ ਕੀਤਾ ਹੈ।



ਉਸ ਨੇ ਆਪਣੀ ਪੋਸਟ ਵਿੱਚ ਲਿਖਿਆ ਹੈ ਕਿ ਪੰਜ ਸਾਲ ਪਹਿਲਾਂ ਜਦ ਉਹ ਬਾਲੀਵੁੱਡ ਵਿੱਚ ਆਈ ਸੀ ਤਾਂ ਉਸ ਦੀ ਜ਼ਿੰਦਗੀ ਬਿਲਕੁਲ ਹੀ ਬਦਲ ਗਈ। 18 ਸਾਲਾ ਅਦਾਕਾਰਾ ਨੇ ਹੁਣ ਲਿਖਿਆ ਕਿ ਉਹ ਦੱਸਣਾ ਚਾਹੁੰਦੀ ਹੈ ਕਿ ਉਹ ਆਪਣੇ ਅਕਸ ਯਾਨੀ ਆਪਣੇ ਕੰਮ ਦੇ ਖੇਤਰ ਤੋਂ ਪੂਰੀ ਖ਼ੁਸ਼ ਨਹੀਂ ਸੀ। ਉਸ ਨੂੰ ਜਾਪ ਰਿਹਾ ਹੈ ਕਿ ਉਹ ਇਸ ਕੰਮ ਦੇ ਯੋਗ ਨਹੀਂ ਹੈ। ਜ਼ਾਇਰਾ ਦਾ ਮੰਨਣਾ ਹੈ ਕਿ ਜੇਕਰ ਉਹ ਅੱਗੇ ਵੀ ਫ਼ਿਲਮਾਂ ਵਿੱਚ ਕੰਮ ਕਰਦੀ ਹੈ ਤਾਂ ਉਸ ਦੀ ਧਾਰਮਿਕ ਆਸਥਾ ਖ਼ਤਰੇ ਵਿੱਚ ਪੈ ਸਕਦੀ ਹੈ।

ਕਸ਼ਮੀਰ ਦੀ ਜੰਮ-ਪਲ ਜ਼ਾਇਰਾ ਵਸੀਮ ਨੇ ਆਮਿਰ ਖ਼ਾਨ ਦੀ ਫ਼ਿਲਮ ਦੰਗਲ ਵਿੱਚ ਹਰਿਆਣਾ ਦੀ ਉੱਘੀ ਮਹਿਲਾ ਭਲਵਾਨ ਗੀਤਾ ਫੋਗਾਟ ਦਾ ਕਿਰਦਾਰ ਨਿਭਾਇਆ ਸੀ। ਹਾਲਾਂਕਿ, ਉਸ ਨੇ ਆਮਿਰ ਖ਼ਾਨ ਨਾਲ ਫ਼ਿਲਮ ਸੀਕ੍ਰੇਟ ਸੁਪਰਸਟਾਰ ਵਿੱਚ ਕੰਮ ਕਰ ਲਿਆ ਸੀ, ਪਰ ਉਹ ਦੰਗਲ ਤੋਂ ਬਾਅਦ ਰਿਲੀਜ਼ ਹੋਈ ਸੀ। ਜ਼ਾਇਰਾ ਵਸੀਮ ਨੇ ਬਾਲੀਵੁੱਡ ਛੱਡਣ ਦੀ ਗੱਲ ਕੀ ਆਖੀ ਕਿ ਸਾਰਾ ਹਿੰਦੂਤਵੀ ਲਾਣਾ ਉਸ ਦੇ ਪਿੱਛੇ ਪੈ ਗਿਆ। ਭਗਵਿਆਂ ਦੀ ਨਜ਼ਰ ਵਿਚ ਹੁਣ ਕਿਸੇ ਦਾ ਆਪਣੇ ਧਾਰਮਿਕ ਅਕੀਦਿਆਂ ਨੂੰ ਮੰਨਣਾ ਵੀ ‘ਦੇਸ਼-ਧਰੋਹ’ ਵਰਗਾ ਹੋ ਗਿਆ ਹੈ। ਹਾਲ ਹੀ ‘ਚ ਜ਼ਾਇਰਾ ਵਸੀਮ ਨੇ ਕਿਹਾ ਸੀ ਕਿ “ਮੇਰੇ ਧਾਰਮਿਕ ਹੋਣ ਦੇ ਫਰਜ਼ ‘ਚ ਮੇਰੀ ਐਕਟਿੰਗ ਮੂਹਰੇ ਆ ਰਹੀ ਹੈ। ਇਹ ਮੇਰੇ ਇਮਾਨ ਨੂੰ ਪ੍ਰਭਾਵਿਤ ਕਰ ਰਿਹਾ ਹੈ। ਇਸ ਕਰ ਕੇ ਉਸ ਨੇ ਫਿਲਮਾਂ ਵਿਚ ਕੰਮ ਕਰਨ ਦਾ ਇਰਾਦਾ ਛੱਡ ਦਿੱਤਾ ਹੈ।”

ਇਸ ਉਤੇ ਹਿੰਦੂਤਵੀ ਮੀਡੀਆ ਤੇ ਪੂਰਾ ਭਗਵਾਂ ਲਾਣਾ ਅੱਗ ਬਬੂਲਾ ਹੋ ਗਿਆ ਹੈ। ਸੋਸ਼ਲ ਮੀਡੀਆ ਉਤੇ ਜ਼ਾਇਰਾ ਨੂੰ ਬੁਰਾ ਭਲਾ ਤੇ ਇਥੋਂ ਤਕ ਕਿ ਪਾਕਿਸਤਾਨ ਚਲੇ ਜਾਣ ਲਈ ਕਿਹਾ ਜਾ ਰਿਹਾ ਹੈ। ਬਾਲੀਵੁੱਡ ਅਦਾਕਾਰਾ ਰਵੀਨਾ ਟੰਡਨ ਨੇ ਟਵੀਟ ਕਰਕੇ ਆਪਣਾ ਗੁੱਸਾ ਜ਼ਾਹਿਰ ਕੀਤਾ ਹੈ। ਰਵੀਨਾ ਨੇ ਲਿਖਿਆ, “ਕੋਈ ਫਰਕ ਨਹੀਂ ਪੈਂਦਾ ਜੇਕਰ ਉਹ ਲੋਕ ਜਿਨ੍ਹਾਂ ਨੇ ਸਿਰਫ 2 ਫ਼ਿਲਮਾਂ ‘ਚ ਕੰਮ ਕੀਤਾ ਹੈ, ਇਸ ਇੰਡਸਟਰੀ ਦੇ ਪ੍ਰਤੀ ਸ਼ੁਕਰਗੁਜ਼ਾਰੀ ਮਹਿਸੂਸ ਨਹੀਂ ਕਰਦੇ ਹਨ ਕਿ ਉਨ੍ਹਾਂ ਨੂੰ ਇਥੇ ਕੀ-ਕੀ ਮਿਲਿਆ ਹੈ। ਉਮੀਦ ਕਰੋ ਕਿ ਸ਼ਾਂਤੀ ਨਾਲ ਇਥੋਂ ਨਿਕਲ ਜਾਓ ਅਤੇ ਆਪਣੇ ਉਲਟੇ ਰਸਤਿਆਂ ‘ਤੇ ਚੱਲਣ ਵਾਲੀ ਸੋਚ ਨੂੰ ਖ਼ੁਦ ਤਕ ਹੀ ਸੀਮਿਤ ਰੱਖੋ। ” ਰਵੀਨਾ ਦੀ ਪਿੱਠ ਪੂਰਨ ਵਾਲੇ ਵੀ ਹਨ ਪਰ ਕਈਆਂ ਨੇ ਜ਼ਾਇਰਾ ਦੇ ਫੈਸਲੇ ਨੂੰ ਉਸ

**ਬਾਕੀ ਸਫ਼ਾ 28 ’ਤੇ**

# ਸੱਤੀ ਪਾਬਲਾ ਦਾ ‘ਗੱਭਰੂ ਦੇਸ਼ ਪੰਜਾਬ ਦੇ’ ਸਿੰਗਲ ਟਰੈਕ ਰਿਲੀਜ਼

**ਫਰੀਮੌਂਟ/ਏਟੀ ਨਿਊਜ਼ :** ਇੱਥੇ ਰਾਜਾ ਸਵੀਟਸ ਵਿਖੇ ਅਯੋਜਿਤ ‘ਫਾਦਰ ਡੇਅ’ ਸਮਾਗਮ ਦੌਰਾਨ, ਬੁਲੰਦ ਆਵਾਜ਼ ਦੇ ਮਾਲਕ ਅਤੇ ਕਲੀਆਂ ਦੇ ਬਾਦਸ਼ਾਹ ਕੁਲਦੀਪ ਮਾਣਕ ਦੀ ਪੈੜ ’ਚ ਪੈਰ ਰੱਖਣ ਵਾਲੇ ਗਾਇਕ ਸੱਤੀ ਪਾਬਲਾ ਵਲੋਂ ਗਾਏ ਗੀਤ ‘ਗੱਭਰੂ ਦੇਸ਼ ਪੰਜਾਬ ਦੇ’ ਦਾ ਸਿੰਗਲ ਟਰੈਕ ਸ. ਮੱਖਣ ਸਿੰਘ ਬੈਂਸ, ਐੱਸ.ਅਸ਼ੋਕ. ਭੌਰਾ, ਸੁੱਚਾ ਰਾਮ ਭਾਰਟਾ, ਝਿੱਕਾ ਆਰਟ ਪ੍ਰਮੋਸ਼ਨ ਦੇ ਮਨਜੀਤ ਝਿੱਕਾ ਅਤੇ ਪਰਮਿੰਦਰ ਸਿੰਘ ਝਿੱਕਾ, ਸ਼ਕਤੀ ਮਾਣਕ, ਗੁਰਬਖਸ਼ ਸਿੰਘ ਵਲੋਂ ਰਿਲੀਜ਼ ਕੀਤਾ ਗਿਆ। ਐਲੀਵੇਟ ਮਿਊਜ਼ਿਕ ਕੰਪਨੀ ਵਲੋਂ ਰਿਲੀਜ਼ ਇਸ ਸਿੰਗਲ ਟਰੈਕ ਦਾ ਸੰਗੀਤ ਰਾਵ-ਈ ਸੰਧੂ ਵਲੋਂ ਤਿਆਰ ਕੀਤਾ ਗਿਆ ਹੈ।



ਅੱਜਕੱਲ ਇਹ ਗੀਤ ਯੂਟਿਊਬ ਅਤੇ ਵੱਖ-ਵੱਖ ਚੈਨਲਾਂ ’ਤੇ ਚੰਗੀ ਵਾਹ-ਵਾਹ ਖੱਟ ਰਿਹਾ ਹੈ। ਸੱਤੀ ਪਾਬਲਾ ਨੇ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਉਹ ਕੈਲੀਫੋਰਨੀਆ ਦੇ ਪ੍ਰੋਗਰਾਮਾਂ ਤੇ ਮੇਲਿਆਂ ਦਾ ਹੀ ਸ਼ਿੰਗਾਰ ਨਹੀਂ, ਸਗੋਂ ਉਨ੍ਹਾਂ ਨੂੰ ਪੂਰੇ ਅਮਰੀਕਾ ਤੇ ਪੰਜਾਬ ਵਿਚੋਂ ਰੱਜ ਕੇ ਮਿਲਣ ਵਾਲਾ ਪਿਆਰ ਵੀ ਉਨ੍ਹਾਂ ਦੀ ਪ੍ਰਾਪਤੀ ’ਚ ਸ਼ਾਮਿਲ ਹੈ।

# ਅਮਰੀਕਾ ਅਤੇ ਇਰਾਨ ਵਿਚ ਵਧ ਰਹੀ ਜੰਗ ਦੀ ਸੰਭਾਵਨਾ



**ਬਲਰਾਜ ਸਿੰਘ ਸਿੱਧੂ**



ਅਮਰੀਕਾ ਅਤੇ ਇਰਾਨ ਦੇ ਰਾਜਨੀਤਕ ਸਬੰਧਾਂ ਵਿਚ ਦਿਨੋ-ਦਿਨ ਤਲਖੀ ਵਧਦੀ ਜਾ ਰਹੀ ਹੈ। ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਜ਼ਿਆਦਤੀ ਵਾਲੀਆਂ ਨੀਤੀਆਂ ਕਾਰਨ ਦੋਵੇਂ ਦੇਸ਼ ਜੰਗ ਦੀ ਕਗਾਰ ‘ਤੇ ਪਹੁੰਚ ਗਏ ਹਨ। ਅਮਰੀਕਾ ਦੁਆਰਾ ਇਰਾਨ ‘ਤੇ ਲਗਾਈਆਂ ਗਈਆਂ ਅਨੇਕਾਂ ਆਰਥਿਕ ਪਾਬੰਦੀਆਂ ਦੇ ਬਾਵਜੂਦ ਇਰਾਨ ਝੁਕਣ ਲਈ ਤਿਆਰ ਨਹੀਂ। ਅਮਰੀਕਾ ਅਤੇ ਇਰਾਨ ਦੇ ਰਿਸ਼ਤੇ ਮੁੱਢ ਤੋਂ ਅਜਿਹੇ ਨਹੀਂ ਸਨ। ਇਰਾਨ ਦੇ ਸ਼ਾਹ, ਰਜ਼ਾ ਸ਼ਾਹ ਪਹਿਲਵੀ ਨਾਲ ਅਮਰੀਕਾ ਦੇ ਸਬੰਧ ਬਹੁਤ ਨਿੱਘੇ ਸਨ। ਸ਼ੀਤ ਯੁੱਧ ਦੌਰਾਨ ਇਰਾਨ ਅਮਰੀਕਾ ਦਾ ਬੇਹੱਦ ਵਿਸ਼ਵਾਸਯੋਗ ਸਾਥੀ ਸੀ।ਸੋਵੀਅਤ ਸੰਘ ਨਾਲ ਸੈਂਕੜੇ ਕਿਲੋਮੀਟਰ ਲੰਬੀ ਸਰਹੱਦ ਲੱਗਦੀ ਹੋਣ ਕਾਰਨ ਅਮਰੀਕਾ ਇਰਾਨ ਦੀ ਧਰਤੀ ਨੂੰ ਸੋਵੀਅਤ ਸੰਘ ਦੇ ਖਿਲਾਫ ਜਸੂਸੀ ਅਭਿਆਨ ਚਲਾਉਣ ਲਈ ਵਰਤਦਾ ਸੀ।

ਸੰਨ 1979 ਦੀ ਇਸਲਾਮਿਕ ਕ੍ਰਾਂਤੀ ਕਾਰਨ ਸਭ ਕੁਝ ਬਦਲ ਗਿਆ। ਸ਼ਾਹ ਦਾ ਤਖਤਾ ਪਲਟ ਕੇ ਆਇਤੁੱਲਾ ਖੋਮੈਨੀ ਇਰਾਨ ਦਾ ਮਾਲਕ ਬਣ ਗਿਆ।ਖੋਮੈਨੀ ਸ਼ਾਹ ਅਤੇ ਅਮਰੀਕਾ ਨੂੰ ਬੇਹੱਦ ਨਫਰਤ ਕਰਦਾ ਸੀ। ਡਰਦਾ ਮਾਰਾ ਸ਼ਾਹ ਪਰਿਵਾਰ ਸਮੇਤ ਅਮਰੀਕਾ ਭੱਜ ਗਿਆ। ਇਰਾਨ ਨੇ ਅਮਰੀਕਾ ਤੋਂ ਮੰਗ ਕੀਤੀ ਕਿ ਸ਼ਾਹ ਅਤੇ ਇਸਦੇ ਸਾਥੀਆਂ ਦਾ ਜੋ ਅਰਬਾਂ ਡਾਲਰ ਅਮਰੀਕਾ ਦੀਆਂ ਬੈਂਕਾਂ ਵਿੱਚ ਪਿਆ ਹੈ, ਉਹ ਵਾਪਸ ਕੀਤਾ ਜਾਵੇ ਤੇ ਸ਼ਾਹ ਨੂੰ ਇਰਾਨ ਦੇ ਹਵਾਲੇ ਕੀਤਾ ਜਾਵੇ। ਅਮਰੀਕਾ ਨੇ ਇਸ ਗੱਲ ‘ਤੇ ਕੋਈ ਗੌਰ ਨਾ ਕੀਤਾ। ਇਸ ਕਾਰਨ ਖਿਝੇ ਹੋਏ ਖੋਮੈਨੀ ਦੀ ਸ਼ਹਿ ‘ਤੇ ਸਾਰੇ ਅੰਤਰਰਾਸ਼ਟਰੀ ਅਸੂਲਾਂ ਨੂੰ ਛਿੱਕੇ ਟੰਗ ਕੇ, 4 ਨਵੰਬਰ 1979 ਨੂੰ ਇਰਾਨੀ ਵਿਦਿਆਰਥੀਆਂ ਨੇ ਅਮਰੀਕੀ ਦੂਤਘਰ ‘ਤੇ ਹਮਲਾ ਕਰ ਦਿੱਤਾ ਤੇ 52 ਅਮਰੀਕੀ ਡਿਪਲੋਮੈਟਾਂ ਨੂੰ ਬੰਦੀ ਬਣਾ ਲਿਆ। ਦੁਨੀਆ ਵਿੱਚ ਹਜ਼ਾਰਾਂ ਸਾਲਾਂ ਤੋਂ ਇਹ ਅਲਿਖਤ ਪਰੰਪਰਾ ਚੱਲਦੀ ਆ ਰਹੀ ਹੈ ਕਿ ਜੰਗਾਂ ਯੁੱਧਾਂ ਦੌਰਾਨ ਵੀ ਰਾਜਦੂਤਾਂ ਨੂੰ ਕੁਝ ਨਹੀਂ ਕਿਹਾ ਜਾਂਦਾ। ਇਹ ਗਲਤ ਕੰਮ ਕਰ ਕੇ ਇਰਾਨ ਨੇ ਸਾਰੇ ਸੰਸਾਰ ਨੂੰ ਆਪਣਾ ਦੁਸ਼ਮਣ ਬਣਾ ਲਿਆ। ਡਿਪਲੋਮੈਟਾਂ ਨੂੰ 444 ਦਿਨ ਬੰਦੀ ਬਣਾ ਕੇ ਰੱਖਿਆ ਗਿਆ। ਇਸ ਦੌਰਾਨ 24 ਅਪਰੈਲ 1980 ਨੂੰ ਅਮਰੀਕਾ ਵੱਲੋਂ ਬੰਦੀਆਂ ਨੂੰ ਛੁਡਾਉਣ ਲਈ ਕੀਤਾ ਗਿਆ ਇੱਕ ਫੌਜੀ ਉਪਰੇਸ਼ਨ ਰੇਗਿਸਤਾਨ ਵਿੱਚ ਹੈਲੀਕਾਪਟਰਾਂ ਦੇ ਆਪਸ ਵਿੱਚ ਟਕਰਾ ਜਾਣ ਕਾਰਨ ਅਸਫਲ ਹੋ ਗਿਆ। ਇਸ ਵਿੱਚ 8 ਅਮਰੀਕੀ ਕਮਾਂਡੋ ਮਾਰੇ ਗਏ। ਮਜਬੂਰ ਹੋ ਕੇ ਅਮਰੀਕਾ ਨੂੰ ਇਰਾਨ ਦੀਆਂ ਜ਼ਿਆਦਾਤਰ ਮੰਗਾਂ ਮੰਨਣੀਆਂ ਪਈਆਂ।

20 ਜਨਵਰੀ 1981 ਨੂੰ ਅਲਜੀਰੀਆ ਵਿੱਚ ਹੋਏ ਸਮਝੌਤੇ ਅਧੀਨ ਇਰਾਨ ਨੇ ਅਮਰੀਕਾ ਦੇ ਸਾਰੇ ਡਿਪਲੋਮੈਟ ਰਿਹਾ ਕਰ ਦਿੱਤੇ। ਪਰ ਇਰਾਨ ਦੀ ਇਸ ਕਰਤੂਤ ਕਾਰਨ ਉਸ ਦੀ ਅਮਰੀਕਾ ਨਾਲ ਸਦਾ ਲਈ ਦੁਸ਼ਮਣੀ ਪੈਦਾ ਹੋ ਗਈ।

ਇਸ ਤੋਂ ਇਲਾਵਾ ਅਮਰੀਕਾ ਅਤੇ ਇਰਾਨ ਦੀ ਦੁਸ਼ਮਣੀ ਦੇ ਹੋਰ ਵੀ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਹੈ ਇਰਾਨ ਅਤੇ ਅਮਰੀਕਾ ਦੇ ਦੁੰਮਛੱਲੇ ਸਾਊਦੀ ਅਰਬ ਦੀ ਸਖਤ ਦੁਸ਼ਮਣੀ। ਸਾਊਦੀ ਅਰਬ ਕੱਟੜ ਸੁੰਨੀ ਦੇਸ਼ ਹੈ ਤੇ ਇਰਾਨ ਸ਼ੀਆ। ਮੱਧ ਪੂਰਬ ਵਿੱਚ ਸਿਰਫ ਇਰਾਨ, ਇਰਾਕ ਅਤੇ ਬਹਿਰੀਨ ਹੀ ਸ਼ੀਆ ਬਹੁ ਗਿਣਤੀ ਵਾਲੇ ਦੇਸ਼ ਹਨ। ਸਾਊਦੀ ਅਰਬ ਅਤੇ ਇਰਾਨ ਦੋਵੇਂ ਇਸਲਾਮੀ ਦੇਸ਼ਾਂ ਦੀ ਅਗਵਾਈ ਕਰਨਾ ਚਾਹੁੰਦੇ ਹਨ। ਸਾਊਦੀ ਅਰਬ ਨੂੰ ਇਹ ਬਿਲਕੁਲ ਵੀ ਪਸੰਦ ਨਹੀਂ ਕਿ ਇਰਾਨ ਅਰਬ ਦੇਸ਼ਾਂ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਕਰੇ।

ਇਸ ਤੋਂ ਇਲਾਵਾ ਇਰਾਨ ਮੱਕੇ ਉੱਤੇ ਸਾਊਦੀ ਅਰਬ ਦੇ ਕੰਟਰੋਲ ਦੇ ਵੀ ਸਖਤ ਖਿਲਾਫ ਹੈ। ਉਹ ਚਾਹੁੰਦਾ ਹੈ ਕਿ ਕਾਅਬਾ (ਮੱਕਾ) ਇੱਕ ਅੰਤਰਰਾਸ਼ਟਰੀ ਇਸਲਾਮੀ ਹੱਜ਼ ਕਮੇਟੀ ਦੇ ਅਧੀਨ ਹੋਵੇ। 1987 ਵਿੱਚ ਇਰਾਨੀ ਹੱਜ ਯਾਤਰੀਆਂ ਨੇ ਕਾਅਬਾ ਉੱਤੇ ਕਬਜ਼ਾ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਇਸ ਕਾਰਨ ਹੋਈ ਪੁਲਿਸ ਫਾਇਰਿੰਗ ਨਾਲ 400 ਇਰਾਨੀ ਮਾਰੇ ਗਏ ਸਨ। ਜ਼ਿਆਦਾਤਰ ਅਰਬ ਦੇਸ਼ ਅਮਰੀਕਾ ਦੇ ਪਿਛਲੱਗ ਹਨ।ਵਿਕੀਲੀਕਸ ਵਿੱਚ ਵੀ ਇਹ ਗੱਲ ਸਾਹਮਣੇ ਆਈ ਸੀ ਕਿ ਉਹ ਚਾਹੁੰਦੇ ਹਨ ਅਮਰੀਕਾ ਇਰਾਨ ਨੂੰ ਤਬਾਹ ਕਰ ਦੇਵੇ। ਇਰਾਨ ਸ਼ੀਆ ਦੇਸ਼ਾਂ ਦੀ ਮਦਦ ਕਰਦਾ ਹੈ ਤੇ ਸਾਊਦੀ ਅਰਬ ਸੁੰਨੀਆਂ ਦੀ। ਇਸੇ ਕਾਰਨ ਯਮਨ ਵਿੱਚ ਇਰਾਨ ਸ਼ੀਆ ਹਾਊਥੀ ਬਾਗੀਆਂ ਦੀ ਮਦਦ ਕਰ ਰਿਹਾ ਹੈ ਤੇ ਸਾਊਦੀ ਅਰਬ ਸੁੰਨੀ ਯਮਨ ਸਰਕਾਰ ਦੀ। ਇਸ ਤੋਂ ਇਲਾਵਾ ਇਰਾਨ ਬਹਿਰੀਨ ਵਿੱਚ ਸੁੰਨੀ ਬਾਦਸ਼ਾਹ ਹੱਮਾਦ ਦੇ ਖਿਲਾਫ ਬਹੁਗਿਣਤੀ ਸ਼ੀਆ ਪਰਜਾ ਦੀ ਮਦਦ ਕਰ ਰਿਹਾ ਹੈ। ਭਾਵੇਂ 2011-2012 ਵਿੱਚ ਸਾਊਦੀ ਅਰਬ ਦੀ ਮਦਦ ਨਾਲ ਇਹ ਬਗਾਵਤ ਦਬਾ ਦਿੱਤੀ ਗਈ, ਪਰ ਅੱਗ ਅਜੇ ਵੀ ਸੁਲਗ ਰਹੀ ਹੈ, ਜੋ ਕਿਸੇ ਵੇਲੇ ਵੀ ਭਾਂਬੜ ਬਣ ਸਕਦੀ ਹੈ।

15 ਮਾਰਚ 2011 ਨੂੰ ਸੀਰੀਆ ਵਿੱਚ ਅਮਰੀਕਾ ਦੀ ਸ਼ਹਿ ‘ਤੇ ਬਗਾਵਤ ਹੋ ਗਈ। ਉੱਥੇ ਸਿਰਫ ਇਰਾਨ ਅਤੇ




ਰੂਸ ਦੀ ਮਦਦ ਕਾਰਨ ਹੀ ਰਾਸ਼ਟਰਪਤੀ ਬਸ਼ਰ ਅਲ ਅਸਦ ਦੀ ਸਰਕਾਰ ਬਚ ਸਕੀ। ਅਮਰੀਕਾ ਨੇ ਇਰਾਨ ਨੂੰ ਪਿੱਛੇ ਹਟ ਜਾਣ ਲਈ ਲੱਖ ਧਮਕੀਆਂ ਦਿੱਤੀਆਂ, ਪਰ ਉਹ ਡਟਿਆ ਰਿਹਾ।ਇਸ ਤੋਂ ਇਲਾਵਾ ਇਰਾਨ ਅਮਰੀਕਾ ਦੇ ਸਭ ਤੋਂ ਨਜ਼ਦੀਕੀ ਸਾਥੀ ਇਜ਼ਰਾਈਲ ਦਾ ਵੀ ਕੱਟੜ ਦੁਸ਼ਮਣ ਹੈ। ਉਹ ਇਜ਼ਰਾਈਲ ਦੇ ਖਿਲਾਫ ਲੈਬਨਾਨ ਵਿੱਚ ਸ਼ੀਆ ਅੱਤਵਾਦੀ ਜਥੇਬੰਦੀ ਹਿਜ਼ਬੁਲਾ ਅਤੇ ਗਾਜ਼ਾ ਪੱਟੀ ਵਿੱਚ ਹੱਮਾਸ ਦੀ ਖੁੱਲ੍ਹ ਕੇ ਹਥਿਆਰਾਂ ਅਤੇ ਪੈਸੇ ਨਾਲ ਮਦਦ ਕਰ ਰਿਹਾ ਹੈ। ਇਸੇ ਕਾਰਨ ਇਜ਼ਰਾਈਲ ਨੂੰ ਸੰਨ 2000 ਵਿੱਚ ਲੈਬਨਾਨ ਤੋਂ ਭੱਜਣਾ ਪਿਆ। ਗਾਜ਼ਾ ਪੱਟੀ ਤੋਂ ਹੱਮਾਸ ਵੱਲੋਂ ਦਾਗੇ ਜਾ ਰਹੇ ਇਰਾਨ ਦੇ ਬਣੇ ਰਾਕਟ ਇਜ਼ਰਾਈਲ ਦੀ ਰਾਜਧਾਨੀ ਯੋਰੂਸ਼ਲਮ ਤੱਕ ਪਹੁੰਚ ਰਹੇ ਹਨ। ਦੁਖੀ ਹੋਏ ਇਜ਼ਰਾਈਲ ਨੇ 2010 ਤੋਂ 2012 ਦੇ ਦਰਮਿਆਨ ਇਰਾਨ ਦੇ ਚਾਰ ਚੋਟੀ ਦੇ ਐਟਮੀ ਵਿਗਿਆਨੀਆਂ ਦੇ ਕਤਲ ਕਰਵਾ ਦਿੱਤੇ।

ਸੰਨ 1979 ਤੋਂ ਲੈ ਕੇ ਹੁਣ ਤੱਕ ਸਾਰੇ ਅਮਰੀਕੀ ਰਾਸ਼ਟਰਪਤੀਆਂ ਨੇ ਇਰਾਨ ਉੱਤੇ ਵੱਧ ਤੋਂ ਵੱਧ ਆਰਥਿਕ ਅਤੇ ਸੈਨਿਕ ਪਾਬੰਦੀਆਂ ਲਗਾਈਆਂ ਹਨ।ਇਰਾਨ ਦੀ ਸਾਰੀ ਆਰਥਿਕਤਾ ਤੇਲ ਦੀ ਬਰਾਮਦ ਉੱਤੇ ਨਿਰਭਰ ਕਰਦੀ ਹੈ, ਅਮਰੀਕਾ ਉਸ ਦੀ ਇਸੇ ਸ਼ਾਹ ਰਗ ਨੂੰ ਵੱਢਣਾ ਚਾਹੁੰਦਾ ਹੈ।ਰਾਸ਼ਟਰਪਤੀ ਬਰਾਕ ਉਬਾਮਾ ਦੇ ਵੇਲੇ ਇਰਾਨ ਨੂੰ ਕੁਝ ਸੌਖਾ ਸਾਹ ਆਇਆ। ਉਹ ਇਰਾਨ ਨਾਲ ਸਬੰਧ ਸੁਧਾਰਨ ਦਾ ਇੱਛੁਕ ਸੀ, ਇਸ ਲਈ ਉਸ ਨੇ ਇਰਾਨ ਨੂੰ ਕਈ ਛੋਟਾਂ ਦਿੱਤੀਆਂ। ਇਰਾਨ ਨੇ ਵੀ ਉਸ ਦੀ ਗੱਲ ਮੰਨ ਲਈ ਤੇ 14 ਜੁਲਾਈ 2015 ਨੂੰ ਡੈਨਮਾਰਕ ਦੀ ਰਾਜਧਾਨੀ ਕੌਪਨਹੈਗਨ ਵਿੱਚ ਅਮਰੀਕਾ, ਇੰਗਲੈਂਡ, ਰੂਸ, ਫਰਾਂਸ, ਚੀਨ ਅਤੇ ਜਰਮਨੀ ਦੇ ਨੁਮਾਇੰਦਿਆਂ ਦੀ ਹਾਜ਼ਰੀ ਵਿੱਚ ਐਟਮੀ ਸੰਧੀ ਉੱਤੇ ਦਸਤਖਤ ਕਰ ਦਿੱਤੇ। ਇਸ ਸੰਧੀ ਕਾਰਨ ਉਬਾਮਾ ਪ੍ਰਸ਼ਾਸਨ ਨੇ ਇਰਾਨ ਦੇ ਖਿਲਾਫ ਜ਼ਿਆਦਾਤਰ ਪਾਬੰਦੀਆਂ ਚੁੱਕ ਲਈਆਂ। ਇਰਾਨ ਨੇ ਵੀ ਮੰਨ ਲਿਆ ਕਿ ਉਹ ਐਟਮੀ ਪ੍ਰੋਗਰਾਮ ਨੂੰ ਸਿਰਫ ਉਦਯੋਗਿਕ ਕੰਮਾਂ ਲਈ ਵਰਤੇਗਾ ਅਤੇ ਅੰਤਰਰਾਸ਼ਟਰੀ ਨਿਰੀਖਕਾਂ ਨੂੰ ਉਸ ਦੇ ਪਲਾਂਟਾਂ ਦਾ ਕਿਸੇ ਵੇਲੇ ਵੀ ਨਿਰੀਖਣ ਕਰਨ ਦਾ ਅਧਿਕਾਰ ਹੋਵੇਗਾ।

ਇਸ ਸੰਧੀ ਕਾਰਨ ਇੱਕ ਵਾਰ ਤਾਂ ਇਹ ਲੱਗਣ ਲੱਗਾ ਕਿ ਹੁਣ ਅਮਰੀਕਾ-ਇਰਾਨ ਸਬੰਧਾਂ ਵਿੱਚ ਸਥਿਰਤਾ ਆ ਜਾਵੇਗੀ। ਪਰ ਡੌਨਲਡ ਟਰੰਪ ਦੇ ਰਾਸ਼ਟਰਪਤੀ ਬਣਦੇ ਸਾਰ ਹੀ ਸਥਿੱਤੀਆਂ ਬਦਲ ਗਈਆਂ। ਉਹ ਇਜ਼ਰਾਈਲ ਅਤੇ ਸਾਊਦੀ ਅਰਬ ਦੇ ਬੇਹੱਦ ਪ੍ਰਭਾਵ ਹੇਠ ਹੈ ਤੇ ਇਰਾਨ ਨੂੰ ਧਮਕਾਉਣ ਦਾ ਕੋਈ ਮੌਕਾ ਨਹੀਂ ਛੱਡਦਾ। ਉਸ ਦੀਆਂ ਨੀਤੀਆਂ ਨੇ ਇਰਾਨ ਅਤੇ ਅਮਰੀਕਾ ਨੂੰ ਯੁੱਧ ਦੇ ਕਗਾਰ ‘ਤੇ ਪਹੁੰਚਾ ਦਿੱਤਾ ਹੈ। ਮਈ 2018 ਨੂੰ ਟਰੰਪ ਨੇ ਇਰਾਨ ਨਾਲ ਐਟਮੀ ਸੰਧੀ ਨੂੰ ਭੰਗ ਕਰ ਦਿੱਤਾ। ਬਦਲੇ ਵਿੱਚ ਇਰਾਨ ਨੇ ਵੀ ਐਲਾਨ ਕਰ ਦਿੱਤਾ ਕਿ ਉਹ ਹੁਣ ਪ੍ਰਮਾਣੂ ਹਥਿਆਰਾਂ ਦੇ ਪੱਧਰ ਦਾ ਯੂਰੇਨੀਅਮ ਤਿਆਰ ਕਰਨ ਲਈ ਅਜ਼ਾਦ ਹੈ। ਟਰੰਪ ਨੇ 4 ਨਵੰਬਰ 2018 ਨੂੰ ਇਰਾਨ ਦੇ ਖਿਲਾਫ ਆਰਥਿਕ ਪਾਬੰਦੀਆਂ ਦੁਬਾਰਾ ਲਗਾ ਦਿੱਤੀਆਂ ਤੇ ਹੋਰ ਸਖਤ ਕਰ ਦਿੱਤੀਆਂ। ਰੂਸ, ਚੀਨ ਅਤੇ ਯੂਰਪੀਅਨ ਯੂਨੀਅਨ ਦੇ ਸਖਤ ਵਿਰੋਧ ਦੇ ਬਾਵਜੂਦ ਟਰੰਪ ਨੇ ਐਲਾਨ ਕੀਤਾ ਕਿ ਇਰਾਨ ਨਾਲ ਵਪਾਰ ਕਰਨ ਵਾਲੇ ਕਿਸੇ ਵੀ ਦੇਸ਼ ਨਾਲ ਸਖਤੀ ਨਾਲ ਨਿਪਟਿਆ ਜਾਵੇਗਾ। ਭਾਰਤ, ਚੀਨ, ਜਪਾਨ, ਦੱਖਣੀ ਕੋਰੀਆ ਅਤੇ ਤੁਰਕੀ ਨੂੰ ਇਰਾਨ ਤੋਂ ਇੱਕ ਸਾਲ ਦੀ ਤੇਲ ਖਰੀਦਣ ਦੀ ਛੋਟ ਮਿਲੀ ਸੀ ਜੋ 1 ਮਈ 2019 ਨੂੰ ਖਤਮ ਹੋ ਗਈ ਹੈ। ਟਰੰਪ ਨੇ ਇਹ ਛੋਟ ਵਧਾਉਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ ਹੈ। ਇਹਨਾਂ ਪਾਬੰਦੀਆਂ ਕਾਰਨ ਇਰਾਨ ਦੀ ਆਰਥਿਕਤਾ ਉੱਤੇ ਮਾਰੂ ਪ੍ਰਭਾਵ ਪਿਆ ਹੈ। ਦੇਸ਼ ਵਿੱਚ ਜ਼ਰੂਰੀ ਸਮਾਨ ਅਤੇ ਦਵਾਈਆਂ ਦੀ ਕਿੱਲਤ ਪੈਦਾ ਹੋ ਗਈ ਹੈ। ਇਰਾਨੀ ਕਰੰਸੀ ਰਿਆਲ ਦੀ ਅੰਤਰਰਾਸ਼ਟਰੀ ਬਜ਼ਾਰ ਵਿੱਚ ਕੋਈ ਕੀਮਤ ਨਹੀਂ ਰਹੀ।

ਕੁਝ ਦਿਨਾਂ ਤੋਂ ਕਈ ਅਜਿਹੀਆਂ ਘਟਨਾਵਾਂ ਹੋ ਰਹੀਆਂ ਹਨ ਜਿਹਨਾਂ ਨੇ ਬਲਦੀ ਉੱਤੇ ਤੇਲ ਪਾਉਣ ਦਾ ਕੰਮ ਕੀਤਾ ਹੈ। 12 ਮਈ ਨੂੰ ਤੋੜ ਭੰਨ ਦੀ ਕਾਰਵਾਈ ਕਾਰਨ ਸਾਊਦੀ ਅਰਬ ਦੇ ਦੋ ਜਹਾਜ਼ਾਂ ਸਮੇਤ ਚਾਰ ਤੇਲ ਟੈਂਕਰ ਉਮਾਨ ਦੀ ਖਾੜੀ ਵਿੱਚ ਨੁਕਸਾਨੇ ਗਏ। 15 ਜੂਨ ਨੂੰ ਦੁਬਾਰਾ ਉਮਾਨ ਦੀ ਖਾੜੀ ਵਿੱਚ ਦੋ ਤੇਲ ਟੈਂਕਰ ਨੁਕਸਾਨੇ ਗਏ। ਅਮਰੀਕਾ ਅਤੇ ਸਾਊਦੀ ਅਰਬ ਨੇ ਇਸਦਾ ਇਲਜ਼ਾਮ ਇਰਾਨ ‘ਤੇ ਲਗਾਇਆ ਹੈ। 20 ਜੂਨ ਨੂੰ ਇਰਾਨ ਦੀ ਫੌਜ ਨੇ ਆਪਣੇ ਖੇਤਰ ਵਿੱਚ ਉੱਡ ਰਹੇ ਇੱਕ ਅਮਰੀਕੀ ਡਰੋਨ ਨੂੰ ਡੇਗ ਗਿਰਾਇਆ। ਅਮਰੀਕਾ ਨੇ ਇਹ ਕਹਿ ਕੇ ਕਿ ਇਹ ਡਰੋਨ ਅੰਤਰਰਾਸ਼ਟਰੀ ਖੇਤਰ ਵਿੱਚ ਉੱਡ ਰਿਹਾ ਸੀ, ਇਰਾਨ ਉੱਤੇ ਹਮਲਾ ਕਰਨ ਦੀ ਧਮਕੀ ਦਿੱਤੀ। ਇਰਾਨ ਨੇ ਵੀ ਅਰਬ ਦੇਸ਼ਾਂ ਦਾ ਗਲਾ ਘੁੱਟਣ ਲਈ ਹੋਰਮਜ਼ ਦੀ ਖਾੜੀ ਨੂੰ ਬੰਦ ਕਰਨ ਦੀ ਧਮਕੀ ਦਿੱਤੀ ਹੈ। ਹਾਲਾਤ ਬੇਹੱਦ ਧਮਾਕਾਖੇਜ਼ ਬਣੇ ਹੋਏ ਹਨ। ਅਮਰੀਕਾ ਦੇ ਅਨੇਕਾਂ ਜੰਗੀ ਜਹਾਜ਼ ਅਤੇ ਦੋ ਲੱਖ ਦੇ ਲਗਭਗ ਸੈਨਿਕ ਇਰਾਨ ਦੀ ਖਾੜੀ ਅਤੇ ਨਜ਼ਦੀਕੀ ਅਰਬ ਦੇਸ਼ਾਂ ਵਿਚ ਤਾਇਨਾਤ ਹਨ। ਅਜੇ ਤਕ ਕਿਸੇ ਵੀ ਦੇਸ਼ ਨੇ ਇਰਾਨ ਨੂੰ ਸਿੱਧੀ ਹਮਾਇਤ ਨਹੀਂ ਦਿੱਤੀ, ਇਸ ਦੇ ਬਾਵਜੂਦ ਇਰਾਨ ਝੁਕਣ ਲਈ ਤਿਆਰ ਨਹੀਂ ਹੈ। ਇਸੇ ਦੌਰਾਨ ਟਰੰਪ ਦਾ ਬਿਆਨ ਆਇਆ ਹੈ ਕਿ ਮੈਂ ਮਨੁੱਖੀ ਜਾਨਾਂ ਦੇ ਨੁਕਸਾਨ ਹੋਣ ਦੇ ਡਰੋਂ ਫਿਲਹਾਲ ਇਰਾਨ ਉੱਤੇ ਹਮਲੇ ਦੀ ਆਗਿਆ ਨਹੀਂ ਦੇ ਰਿਹਾ।

ਦੋਵਾਂ ਦੇਸ਼ਾਂ ਦਰਮਿਆਨ ਧਮਕੀਆਂ ਦਾ ਦੌਰ ਜਾਰੀ ਹੈ। ਸ਼ਾਇਦ ਹੌਲੀ ਹੌਲੀ ਯੂ.ਐਨ.ਓ., ਯੂਰਪੀਅਨ ਯੂਨੀਅਨ, ਚੀਨ ਜਾਂ ਰੂਸ ਵਰਗਾ ਕੋਈ ਦੇਸ਼ ਇਸ ਮਾਮਲੇ ਵਿੱਚ ਦਖਲ ਅੰਦਾਜ਼ੀ ਕਰੇ ਤੇ ਸੰਸਾਰ ਇੱਕ ਹੋਰ ਖਾੜੀ ਜੰਗ ਤੋਂ ਬਚ ਜਾਵੇ।

# ਇਤਿਹਾਸਿਕ ਤਾਰੀਖ਼ਾਂ ਬਨਾਮ ਸੁਹਿਰਦਤਾ

**ਸਰਵਜੀਤ ਸਿੰਘ ਸੈਕਰਾਮੈਂਟੋ**

ਬੀਤੇ ਦੀ ਕਹਾਣੀ, ਵੇਰਵਾ, ਬਿਰਤਾਂਤ, ਬੀਤ ਚੁੱਕੀ ਘਟਨਾ ਦੇ ਕ੍ਰਮ ਅਨੁਸਾਰ ਜ਼ਿਕਰ ਕਰਨ ਨੂੰ ਇਤਿਹਾਸ ਕਹਿੰਦੇ ਹਨ। ਇਸ ਵਿਚ ਸਹੀ ਅਸਥਾਨ, ਸਮਾਂ ਅਤੇ ਤਾਰੀਖ਼ਾਂ ਦਾ ਬਹੁਤ ਮਹੱਤਵ ਹੁੰਦਾ ਹੈ। ਪਰ ਸਿੱਖ ਇਤਿਹਾਸ ਵਿੱਚ ਤਾਰੀਖ਼ਾਂ ਦਾ ਬਹੁਤ ਹੀ ਗੰਧਲਾਪਣ ਹੈ। ਕਿਸੇ ਵੀ ਇਤਿਹਾਸਿਕ ਘਟਨਾ ਬਾਰੇ ਦੋ ਲੇਖਕਾਂ ਦੀਆਂ ਲਿਖਤਾਂ ਵਿਚ ਇਕੋ ਘਟਨਾ ਦੀਆਂ ਵੱਖ-ਵੱਖ ਤਾਰੀਖ਼ਾਂ ਤਾਂ ਅਕਸਰ ਮਿਲਦੀਆਂ ਹੀ ਹਨ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਇਕੋ ਲੇਖਕ ਦੀਆਂ, ਇਕੋ ਘਟਨਾ ਬਾਰੇ ਵੀ ਵੱਖ-ਵੱਖ ਤਾਰੀਖ਼ਾਂ ਪੜ੍ਹਨ ਨੂੰ ਮਿਲਦੀਆਂ ਹਨ। ਅਜੇਹੀ ਹਾਲਤ ਵਿਚ ਆਮ ਪਾਠਕ ਤਾਂ ਕੀ, ਇਤਿਹਾਸ ਦੇ ਵਿਦਿਆਰਥੀ ਵੀ ਮੁਸ਼ਕਲ ਵਿਚ ਫਸ ਜਾਂਦੇ ਹਨ, ਕਿ ਉਹ ਕਿਹੜੀ ਤਾਰੀਖ ਨੂੰ ਸਹੀ ਮੰਨਣ? ਜਿਹੜੀ ਕਿਤਾਬ ਉਨ੍ਹਾਂ ਨੂੰ ਪੜ੍ਹਾਈ ਜਾਂਦੀ ਹੈ, ਉਸ ਵਿਚ ਦਰਜ ਤਾਰੀਖ ਨੂੰ ਹੀ ਸਹੀ ਮੰਨਣਾ, ਉਨ੍ਹਾਂ ਦੀ ਮਜਬੂਰੀ ਹੁੰਦੀ ਹੈ। ਉਹ ਤਾਰੀਖ ਸਹੀ ਹੈ ਜਾਂ ਨਹੀਂ? ਇਹ ਫੈਸਲਾ ਵਿਦਿਆਰਥੀ ਨਹੀਂ ਕਰ ਸਕਦੇ।

ਪਿਛਲੇ ਦਿਨੀਂ ਬਾਬਾ ਬੰਦਾ ਸਿੰਘ ਬਹਾਦਰ ਦਾ ਸ਼ਹੀਦੀ ਦਿਹਾੜਾ ਸੀ। ਡਾ ਹਰਜਿੰਦਰ ਸਿੰਘ ਦਿਲਗੀਰ ਵੱਲੋਂ ਲਿਖੇ 'ਅੱਜ ਦਾ ਇਤਿਹਾਸ' ਅਨੁਸਾਰ ਇਹ ਦਿਹਾੜਾ 9 ਜੂਨ (26 ਜੇਠ) ਦਿਨ ਐਤਵਾਰ ਨੂੰ ਸੀ। ਨਾਨਕਸ਼ਾਹੀ ਕੈਲੰਡਰ ਦੇ ਨਾਮ ਹੇਠ ਸ਼੍ਰੋਮਣੀ ਕਮੇਟੀ ਵੱਲੋਂ ਛਾਪੇ ਜਾਂਦੇ ਬਿਕ੍ਰਮੀ ਕੈਲੰਡਰ ਵਿੱਚ ਇਹ ਦਿਹਾੜਾ 11 ਹਾੜ/25 ਜੂਨ (2019 ਈ:) ਦਾ ਦਰਜ ਹੈ। ਸੰਨ 2012, 2013 ਈ: ਵਿਚ ਕਮੇਟੀ ਦੇ ਕੈਲੰਡਰ ਵਿਚ ਇਹ ਦਿਹਾੜਾ 25 ਜੂਨ/12 ਹਾੜ ਦਾ ਦਰਜ ਸੀ। 2016 ਈ: ਵਿਚ 11 ਹਾੜ/24 ਜੂਨ ਦਾ ਦਰਜ ਸੀ। ਅਖ਼ਬਾਰਾਂ ਵਿਚ ਲੇਖ ਲਿਖਣ ਵਾਲੇ ਲੇਖਕਾਂ ਦੀ ਗੱਲ ਤਾਂ ਛੱਡੋ, ਇਥੇ ਤਾਂ ਡਾ. ਸੁਖਦਿਆਲ ਸਿੰਘ ਵੀ ਇਹ ਫੈਸਲਾ ਨਹੀਂ ਕਰ ਸਕਿਆ ਕਿ ਸਹੀ ਤਾਰੀਖ਼ ਕਿਹੜੀ ਹੈ? ਇਸੇ ਤਰ੍ਹਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਹਿਜਰੀ ਸੰਮਤ ਅਨੁਸਾਰ 29 ਜਮਾਦੀ-ਉ-ਸਾਨੀ, 1128 ਨੂੰ ਵਿਲਿਅਨ ਇਰਵਿਨ ਨੇ 19 ਜੂਨ, 1716 ਲਿਖਿਆ ਹੈ ਅਤੇ ਗੰਡਾ ਸਿੰਘ ਨੇ 9 ਜੂਨ, 1716 ਲਿਖਿਆ ਹੈ। ਇਉਂ ਦੋਹਾਂ ਵੱਲੋਂ ਦਿੱਤੀਆਂ ਗਈਆਂ ਮਿਤੀਆਂ ਵਿੱਚ 10 ਦਿਨ ਦਾ ਫਰਕ ਚਲਦਾ ਹੈ, ਹੁਣ ਦੋਹਾਂ ਵਿੱਚੋਂ ਅਪਣਾਇਆ ਕਿਸ ਨੂੰ ਜਾਵੇ। (ਬੰਦਾ ਬਹਾਦਰ ਇਤਿਹਾਸਿਕ ਅਧਿਐਨ, ਪੰਨਾ 216)

ਗੁਰਮਤਿ ਗਿਆਨ ਮਿਸ਼ਨਰੀ ਕਾਲਜ ਦੇ ਇਕ ਵਿਦਿਆਰਥੀ ਵੱਲੋਂ, ਡਾ ਹਰਜਿੰਦਰ ਸਿੰਘ ਦਿਲਗੀਰ ਦੀ ਇਕ ਪੋਸਟ ਭੇਜ ਕੇ, ਬਾਬਾ ਬੰਦਾ ਬਹਾਦਰ ਦੇ ਸ਼ਹੀਦੀ ਦਿਹਾੜੇ ਦੀ ਸਹੀ ਤਾਰੀਖ ਸਬੰਧੀ ਜਾਣਕਾਰੀ ਮੰਗੀ ਗਈ ਹੈ।

ਇਸ ਸਬੰਧੀ ਬੇਨਤੀ ਇਹ ਹੈ ਕਿ ਗੁਰੂ ਕਾਲ ਵੇਲੇ ਆਪਣੇ ਦੇਸ਼ ਵਿੱਚ ਮੁਗਲ ਰਾਜ ਸੀ। ਸਰਕਾਰੀ ਦਸਤਾਵੇਜ਼ਾਂ ਵਿਚ ਹਿਜਰੀ ਕੈਲੰਡਰ ਮੁਤਾਬਕ ਤਾਰੀਖ ਦਰਜ ਕੀਤੀ ਜਾਂਦੀ ਸੀ। ਆਪਣੇ ਦੇਸ਼ ਵਿੱਚ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਪ੍ਰਚੱਲਤ ਸੀ। ਇਸ ਮੁਤਾਬਕ ਕੁਝ ਇਤਿਹਾਸਿਕ ਘਟਨਾਵਾਂ ਚੰਦ ਦੇ ਕੈਲੰਡਰ ਮੁਤਾਬਕ ਭਾਵ ਵਦੀ-ਸੁਦੀ ਵਿੱਚ ਅਤੇ ਕੁਝ ਸੂਰਜੀ ਬਿਕ੍ਰਮੀ ਕੈਲੰਡਰ ਭਾਵ ਪ੍ਰਵਿਸ਼ਟਿਆਂ ਵਿੱਚ ਦਰਜ ਮਿਲਦੀਆਂ ਹਨ। ਅੰਗਰੇਜ਼ਾਂ ਦੇ ਆਉਣ ਤੋਂ ਪਿਛੋਂ, ਉਨ੍ਹਾਂ ਨੇ ਹਿਜਰੀ ਕੈਲੰਡਰ ਅਤੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀਆਂ ਤਾਰੀਖ਼ਾਂ ਨੂੰ ਆਪਣੀ ਸਹੂਲਤ ਲਈ ਅੰਗਰੇਜ਼ੀ ਕੈਲੰਡਰ ਵਿਚ ਬਦਲੀ ਕਰ ਜਾ ਕਰਵਾ ਲਿਆ। ਭਾਵੇਂ ਪੋਪ ਗਰੇਗਰੀ ਨੇ ਅਕਤੂਬਰ-1582 ਈ: ਵਿਚ ਜੂਲੀਅਨ ਕੈਲੰਡਰ ਵਿਚ ਸੋਧ ਕਰਕੇ ਗਰੈਗੋਰੀਅਨ ਕੈਲੰਡਰ ਨੂੰ ਅਪਣਾ ਲਿਆ ਸੀ। ਪਰ ਇੰਗਲੈਂਡ ਨੇ ਇਸ ਨੂੰ ਸਤੰਬਰ-1752 ਈ: ਵਿਚ ਮਾਨਤਾ ਦਿੱਤੀ ਸੀ। ਭਾਵ ਹਿੰਦੋਸਤਾਨ ਵਿੱਚ ਪੈਰ ਪਸਾਰਨ ਤੋਂ ਪਹਿਲਾ ਹੀ ਗੋਰਿਆਂ ਨੇ ਗਰੈਗੋਰੀਅਨ ਕੈਲੰਡਰ ਨੂੰ ਅਪਣਾ ਲਿਆ ਸੀ। ਅੰਗਰੇਜ਼ਾਂ ਨੇ ਆਪਣੀ ਸਹੂਲਤ ਲਈ 2 ਸਤੰਬਰ 1752 ਈ: ਤੋਂ ਪਹਿਲੀਆਂ ਹਿਜਰੀ ਅਤੇ ਬਿਕ੍ਰਮੀ ਕੈਲੰਡਰ ਦੀਆ ਤਾਰੀਖ਼ਾਂ ਨੂੰ ਜੂਲੀਅਨ ਵਿਚ ਅਤੇ ਇਸ ਤੋਂ ਪਿਛੋਂ ਦੀਆ ਤਾਰੀਖ਼ਾਂ ਨੂੰ ਗਰੈਗੋਰੀਅਨ ਕੈਲੰਡਰ ਵਿਚ ਬਦਲੀ ਕਰਵਾ ਲਿਆ।

ਸਰਕਾਰੀ ਦਸਤਾਵੇਜ਼ ਮੁਤਾਬਕ ਬਾਬਾ ਬੰਦਾ ਸਿੰਘ ਦੀ ਸ਼ਹੀਦੀ 29 ਜਮਾਦੀ-ਉਲ-ਸਾਨੀ, 1128 ਹਿਜਰੀ ਦਿਨ ਸ਼ਨਿਚਰਵਾਰ ਨੂੰ ਹੋਈ ਸੀ। ਇਸ ਤਾਰੀਖ ਬਾਰੇ ਕੋਈ ਮੱਤਭੇਦ ਨਹੀਂ ਹੈ। ਇਸੇ ਇਤਿਹਾਸਿਕ ਘਟਨਾ ਨੂੰ ਜੇ ਕਿਸੇ ਨੇ ਬਿਕ੍ਰਮੀ ਕੈਲੰਡਰ ਵਿੱਚ ਦਰਜ ਕੀਤਾ ਹੋਵੇ ਤਾਂ, ਜਾਂ ਅੱਜ ਅਸੀਂ ਇਸ ਨੂੰ ਬਿਕ੍ਰਮੀ ਕੈਲੰਡਰ ਵਿੱਚ ਬਦਲੀ ਕਰੀਏ ਤਾਂ ਇਹ ਪ੍ਰਵਿਸ਼ਟਿਆ ਮੁਤਾਬਕ 11 ਹਾੜ ਅਤੇ ਵਦੀ-ਸੁਦੀ ਮੁਤਾਬਕ ਹਾੜ ਸੁਦੀ ਏਕਮ, ਸੰਮਤ 1773 ਬਿਕ੍ਰਮੀ ਬਣਦੀ ਹੈ। ਅੰਗਰੇਜ਼ਾਂ ਨੇ ਜਦੋਂ ਇਸ ਨੂੰ ਅੰਗਰੇਜ਼ੀ ਕੈਲੰਡਰ ਵਿੱਚ ਬਦਲੀ ਕੀਤਾ ਤਾਂ ਇਹ 9 ਜੂਨ 1716 ਈ: ਲਿਖੀ ਗਈ। ਕਿਉਂਕਿ ਇਹ ਤਾਰੀਖ ਸਤੰਬਰ 1752 ਈ: ਤੋਂ ਪਹਿਲਾ ਦੀ ਹੈ ਇਸ ਲਈ ਇਹ ਜੂਲੀਅਲ ਕੈਲੰਡਰ ਦੀ ਤਾਰੀਖ ਬਣਦੀ ਹੈ। ਜੇ ਇਗਲੈਂਡ ਵਾਲੇ ਵੀ ਗਰੈਗੋਰੀਅਨ ਕੈਲੰਡਰ ਨੂੰ ਸੰਨ 1582 ਈ: ਵਿਚ ਹੀ ਪ੍ਰਵਾਨ ਕਰ ਲੈਂਦੇ ਤਾਂ ਇਹ ਤਾਰੀਖ 20 ਜੂਨ 1716 ਈ: ਗਰੈਗੋਰੀਅਨ ਲਿਖੀ ਜਾਣੀ ਸੀ। The Later Mughals" ਦਾ ਕਰਤਾ ਵਿਲੀਅਮ ਇਰਵਾਇਨ, ਪਹਿਲੇ ਅਧਿਆਇ ਦੀ ਪਹਿਲੀ ਪੰਗਤੀ ਵਿੱਚ ਹੀ ਲਿਖਦਾ ਹੈ, "After an illness of a few days Alamgir died in his camp at Ahmadnager on the 25th Zul Qada 1118 A.H., corresponding to the 3rd march, 1707, New Style ਇੱਥੇ "New Style" ਤੋਂ ਸਪੱਸ਼ਟ ਹੋ ਜਾਂਦਾ ਹੈ ਕਿ William Irvine ਦੀਆਂ ਸਾਰੀਆਂ ਤਾਰੀਖ਼ਾਂ ਗਰੈਗੋਰੀਅਨ ਕੈਲੰਡਰ ਮੁਤਾਬਕ ਹਨ। ਉਸ ਵੱਲੋਂ ਲਿਖੀ ਗਈ 19 ਜੂਨ, ਗਰੈਗੋਰੀਅਨ ਕੈਲੰਡਰ ਦੀ ਤਾਰੀਖ ਹੈ ਪਰ ਇਹ ਇਕ ਦਿਨ ਦੇ ਫਰਕ ਨਾਲ ਗਲਤ ਹੈ ਇਹ ਅਸਲ ਵਿੱਚ 20 ਜੂਨ ਬਣਦੀ ਹੈ।

ਆਓ ਹੁਣ ਦਿਲਗੀਰ ਦੇ ਦਾਵੇ ਦੀ ਪੜਤਾਲ ਕਰੀਏ;

ਡਾ ਦਿਲਗੀਰ ਦਾ ਇਹ ਲਿਖਤੀ ਦਾਵਾ, "In 100% books (all the books on Banda Singh Bahadur or Sikh history of the 18th century) the date of martyrdom of Banda Singh Bahadur is 9 June 1716", 100% ਝੂਠ ਹੈ। ਕੀ ਡਾ ਦਿਲਗੀਰ ਇਹ ਜਾਣਕਾਰੀ ਸਾਂਝੀ ਕਰਨ ਦੀ ਖੇਚਲ ਕਰਨਗੇ ਕੇ ਅਠਾਰਵੀਂ ਸਦੀ ਦੀਆਂ ਲਿਖਤ ਜਿਵੇ ਕਿ ਗੁਰ ਸੋਭਾ, ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਗੁਰ ਬਿਲਾਸ ਪਾਤਸ਼ਾਹੀ ਦਸਵੀਂ, ਬੰਸਾਵਲੀਨਾਮਾ ਪਾਤਸ਼ਾਹੀਆਂ ਦਸਾਂ ਕਾ, ਸਿੱਖਾਂ ਦੀ ਭਗਤ ਮਾਲ, ਮਹਿਮਾ ਪ੍ਰਕਾਸ਼ ਆਦਿ ਦੇ ਲਿਖਾਰੀਆਂ 'ਚ ਕਿਸ ਨੇ ਜੂਲੀਅਨ ਕੈਲੰਡਰ ਦੀਆਂ ਤਾਰੀਖ਼ਾਂ ਲਿਖੀਆਂ ਹਨ? ਇਥੇ ਸਵਾਲ ਪੈਦਾ ਹੁੰਦਾ ਹੈ ਕਿ ਜਿਹੜਾ ਕੈਲੰਡਰ (ਜੂਲੀਅਨ ਕੈਲੰਡਰ) ਆਪਣੇ ਦੇਸ਼ ਵਿੱਚ ਕਦੇ ਲਾਗੂ ਹੀ ਨਹੀਂ ਹੋਇਆ, ਉਸ ਕੈਲੰਡਰ ਵਿੱਚ ਸਿੱਖ ਇਤਿਹਾਸ ਕਿਵੇਂ ਲਿਖਿਆ ਜਾ ਸਕਦਾ ਸੀ? ਜੂਲੀਅਨ ਕੈਲੰਡਰ ਨੂੰ ਇੰਗਲੈਂਡ ਨੇ 1752 ਈ: ਵਿੱਚ ਤਿਆਗ ਦਿੱਤਾ ਸੀ ਅਤੇ ਗਰੈਗੋਰੀਅਨ ਕੈਲੰਡਰ ਲਾਗੂ ਕਰ ਦਿੱਤਾ ਸੀ। ਇਸ ਤੋਂ ਪਿਛੋਂ ਗਰੈਗੋਰੀਅਨ ਕੈਲੰਡਰ ਹਿੰਦੋਸਤਾਨ ਵਿੱਚ ਆਇਆ ਸੀ। ਜਦੋਂ ਅੰਗਰੇਜ਼ਾਂ ਨੇ ਸਿੱਖ ਇਤਿਹਾਸ ਨੂੰ ਸਮਝਣ ਲਈ ਹਿਜਰੀ ਅਤੇ ਬਿਕ੍ਰਮੀ ਕੈਲੰਡਰ ਦੀਆਂ ਤਾਰੀਖ਼ਾਂ ਨੂੰ ਅੰਗਰੇਜ਼ੀ ਕੈਲੰਡਰ ਵਿੱਚ ਬਦਲੀ ਕਰ ਕੇ ਲਿਖਿਆ ਤਾਂ ਉਸ ਤੋਂ ਪਿਛੋਂ ਅੰਗਰੇਜ਼ ਭਗਤ ਲਿਖਾਰੀਆਂ ਨੇ, ਆਪਣੀਆਂ ਤਾਰੀਖ਼ਾਂ ਛੱਡ, ਅੰਗਰੇਜ਼ੀ ਤਾਰੀਖ਼ਾਂ ਲਿਖਣੀਆਂ ਆਰੰਭ ਕੀਤੀਆਂ ਸਨ।

ਡਾ ਦਿਲਗੀਰ ਦੀਆਂ ਅਗਲੀਆਂ ਪੰਗਤੀਆਂ, "Purewal has done great disservice by changing even the dates of Sikh history. Shame Purewal. His will be regarded as Ògreat distorterÓ of Sikh history". ਸਬੰਧੀ ਬੇਨਤੀ ਹੈ ਕਿ ਬਾਬਾ ਬੰਦਾ ਸਿੰਘ ਦੀ ਸ਼ਹੀਦੀ ਦੀ ਅਸਲ ਤਾਰੀਖ਼, 29 ਜਮਾਦੀ-ਉਲ-ਸਾਨੀ, 1128 ਹਿਜਰੀ ਦਿਨ ਸ਼ਨਿਚਰਵਾਰ ਮੁਤਾਬਕ ਬਿਕ੍ਰਮੀ ਕੈਲੰਡਰ ਦੀ 11 ਹਾੜ ਸੰਮਤ 1773 ਬਿਕ੍ਰਮੀ ਸੀ। ਕੀ ਡਾ. ਦਿਲਗੀਰ ਇਸ ਨੂੰ ਗਲਤ ਸਾਬਿਤ ਕਰਨ ਦੀ ਸਮਰੱਥਾ ਰੱਖਦਾ ਹੈ? ਇਹ 11 ਹਾੜ ਹੀ ਨਾਨਕਸ਼ਾਹੀ ਕੈਲੰਡਰ ਵਿਚ ਦਰਜ ਹੈ। 11 ਹਾੜ ਜਦੋਂ ਜੂਲੀਅਨ ਵਿੱਚ ਲਿਖੀ ਗਈ ਤਾਂ ਇਹ 9 ਜੂਨ ਲਿਖੀ ਗਈ। 1753 ਈ: ਵਿੱਚ ਗਰੈਗੋਰੀਅਨ ਕੈਲੰਡਰ ਮੁਤਾਬਕ ਇਹ 20 ਜੂਨ ਸੀ, 1850 ਈ: ਵਿੱਚ ਇਹ 23 ਜੂਨ ਸੀ, 1950 ਵਿੱਚ ਇਹ 24 ਜੂਨ ਸੀ, ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ ਅੰਗਰੇਜ਼ੀ ਤਾਰੀਕਾਂ ਦਾ ਇਹ ਫ਼ਰਕ ਵਧਦਾ ਹੀ ਜਾਵੇਗਾ। ਪਰ ਨਾਨਕਸ਼ਾਹੀ ਕੈਲੰਡਰ ਵਿਚ ਇਹ 11 ਹਾੜ ਹੀ ਰਹੇਗੀ ਅਤੇ ਇਸ ਦਿਨ ਅੰਗਰੇਜ਼ੀ ਕੈਲੰਡਰ ਦੀ 25 ਜੂਨ ਹੀ ਹੋਇਆ ਕਰੇਗੀ।

ਚਲੋ! ਪਿਛੇ ਜੋ ਹੋਇਆ ਸੋ ਹੋਇਆ, ਉਸ ਨੂੰ ਤਾਂ ਹੁਣ ਬਦਲਿਆ ਨਹੀਂ ਜਾ ਸਕਦਾ। ਹੋ ਚੁੱਕੇ ਵਿਦਵਾਨਾਂ ਵੱਲੋਂ ਤਾਰੀਖ਼ਾਂ ਦੀ ਅਦਲਾ ਬਦਲੀ ਵਿੱਚ ਹੋਈਆਂ ਜਾਣੇ-ਅਣਜਾਣੇ ਗਲਤੀਆਂ ਨੂੰ ਅੱਗੇ ਤੋਂ ਠੀਕ ਤਾਂ ਕੀਤਾ ਜਾ ਸਕਦਾ ਹੈ। ਪੁਰਾਣੀਆਂ ਤਾਰੀਕਾਂ ਨਾਲ ਉਸ ਕੈਲੰਡਰ ਦਾ ਨਾਮ ਤਾਂ ਲਿਖਿਆ ਜਾਣਾ ਚਾਹੀਦਾ ਹੈ। ਜਿਵੇਂ ਵਿਲੀਅਮ ਇਰਵਾਈਨ ਨੇ "New Style" ਲਿਖਿਆ ਹੈ। ਡਾ. ਦਿਲਗੀਰ ਸਮੇਤ ਹੋਰ ਵੀ ਲੇਖਕ, ਜੋ ਤਾਰੀਖ਼ਾਂ ਦੀ ਅਦਲਾ-ਬਦਲੀ ਦੇ ਮੁੱਢਲੇ ਨਿਯਮਾਂ ਅਤੇ ਜੂਲੀਅਨ-ਗਰੈਗੋਰੀਅਨ ਦੇ ਫਰਕ ਨੂੰ ਨਾ ਸਮਝਣ ਕਰਕੇ, ਵੱਖ-ਵੱਖ ਤਾਰੀਖ਼ਾਂ ਲਿਖ ਬੈਠੇ ਹਨ, ਨੂੰ ਬੇਨਤੀ ਹੈ ਕਿ ਤਾਰੀਖ ਨਾਲ "Old Style" ਜਾਂ "New Style" ਲਿਖ ਕੇ, ਅੱਜ ਵੀ ਆਪਣੀਆਂ ਭੁੱਲਾਂ ਨੂੰ ਸੁਧਾਰ ਸਕਦੇ ਹਨ। ਨਵੇਂ ਲੇਖਕਾਂ ਨੂੰ ਵੀ ਬੇਨਤੀ ਹੈ, ਪੁਰਾਣੀਆਂ ਲਿਖਤਾਂ ਤੋਂ ਨਕਲ ਕਰਕੇ ਗਲਤ ਤਾਰੀਖ਼ਾਂ ਲਿਖਣ ਤੋਂ ਸੰਕੋਚ ਕੀਤਾ ਜਾਵੇ। ਅੱਜ ਸਾਡੇ ਪਾਸ ਬਹੁਤ ਸਾਧਨ ਹਨ, ਇਨ੍ਹਾਂ ਦੀ ਵਰਤੋਂ ਕਰਕੇ ਅਸੀਂ ਸਹੀ ਤਾਰੀਖ ਅਤੇ ਦਿਨ ਦਾ ਪਤਾ ਕਰ ਸਕਦੇ ਹਾਂ। ਹਰ ਤਾਰੀਖ ਨਾਲ ਜਿਵੇ ਅੱਜ ਅਸੀਂ ਈ: ਲਿਖਦੇ ਹਾਂ, ਇਸੇ ਤਰ੍ਹਾਂ ਹੀ ਪੁਰਾਣੀਆਂ ਅਸਲ ਤਾਰੀਖ਼ਾਂ ਦੇ ਨਾਲ ਅੰਗਰੇਜ਼ੀ ਤਾਰੀਖ਼ਾਂ ਲਿਖਣ ਵੇਲੇ, OS ਜਾਂ NS ਲਿਖਿਆ ਜਾਣਾ ਚਾਹੀਦਾ ਹੈ। ਵਿਦਵਾਨਾਂ ਨੂੰ ਇਸ ਨੂੰ ਹਉਮੈ ਦਾ ਵਿਸ਼ਾ ਨਾ ਬਣਾਓ। ਇਹ ਕੌਮੀ ਮਸਲਾ ਹੈ। ਇਸ ਲਈ ਸਾਰਿਆਂ ਨੂੰ ਸੁਹਿਰਦਤਾ ਨਾਲ ਵਿਚਾਰ ਕਰਨੀ ਚਾਹੀਦੀ ਹੈ, ਤਾਂ ਜੋ ਆਉਣ ਵਾਲੇ ਖੋਜਾਰਥੀਆਂ ਨੂੰ ਸਹੀ ਸੇਧ ਦਿੱਤੀ ਜਾ ਸਕੇ।




# ਆਜ਼ਾਦੀ ਸੰਗਰਾਮ ਦੇ ਪਹਿਲੇ ਸ਼ਹੀਦ ਬਾਬਾ ਮਹਾਰਾਜ ਸਿੰਘ

**ਪ੍ਰਗਟ ਸਿੰਘ ਜੰਡਿਆਲਾ ਗੁਰੂ**

ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਕਰਦਿਆਂ ਸਮੁੱਚੇ ਦੇਸ਼ ਵਿੱਚੋਂ ਸਭ ਤੋਂ ਪਹਿਲੀ ਸ਼ਹਾਦਤ ਪੰਜਾਬ ਦੇ ਮਹਾਨ ਸਪੂਤ ਬਾਬਾ ਮਹਾਰਾਜ ਸਿੰਘ ਨੇ ਦਿੱਤੀ। ਇਸ ਮਹਾਨ ਯੋਧੇ ਦਾ ਜਨਮ 13 ਜਨਵਰੀ 1780 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰੱਬੋਂ-ਉੱਚੀ ਵਿਖੇ ਹੋਇਆ। ਬਚਪਨ ਤੋਂ ਹੀ ਉਹ ਪਰਮਾਤਮਾ ਦੀ ਬੰਦਗੀ ਨਾਲ ਜੁੜੇ ਰਹੇ। ਮੁੱਢਲੀ ਵਿੱਦਿਆ ਹਾਸਲ ਕਰਨ ਉਪਰੰਤ ਖੇਤੀ ਦੇ ਕੰਮਾਂ ਵਿੱਚ ਬਹੁਤ ਮਿਹਨਤ ਕੀਤੀ। ਜਵਾਨੀ ਵਿੱਚ ਪੈਰ ਧਰਦਿਆਂ ਬਾਬਾ ਜੀ ਨੌਰੰਗਾਬਾਦ ਚਲੇ ਗਏ, ਜਿੱਥੇ ਉਨ੍ਹਾਂ ਦਾ ਸੰਪਰਕ ਬਾਬਾ ਬੀਰ ਸਿੰਘ ਨੌਰੰਗਾਬਾਦ ਨਾਲ ਹੋਇਆ, ਉਨ੍ਹਾਂ ਦੇ ਡੇਰੇ ਵਿੱਚ ਰਹਿ ਕੇ ਉਨ੍ਹਾਂ ਨੇ ਗੁਰਮਤਿ ਦੀ ਵਿੱਦਿਆ ਹਾਸਲ ਕੀਤੀ ਅਤੇ ਲੰਮਾ ਸਮਾਂ ਡੇਰੇ ਦੀ ਪ੍ਰਬੰਧਕੀ ਸੇਵਾ ਨਿਭਾਈ, ਜਿਸ ਸਦਕਾ ਬਾਬਾ ਬੀਰ ਸਿੰਘ ਨੇ



ਸੁਰਗਵਾਸ ਹੋਣ ਪਿੱਛੋਂ ਉਨ੍ਹਾਂ ਨੂੰ ਡੇਰੇ ਦਾ ਮੁਖੀ ਥਾਪਿਆ ਗਿਆ। ਇਸੇ ਥਾਂ 'ਤੇ ਹੀ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਅਰੰਭਿਆ। ਉਨ੍ਹੀਂ ਦਿਨੀਂ ਉਹ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਆਏ ਅਤੇ ਅਰਦਾਸ ਕਰ ਕੇ ਪ੍ਰਣ ਕੀਤਾ ਕਿ 'ਮੈਂ ਭਾਰਤ ਦੀ ਆਜ਼ਾਦੀ ਲਈ ਲੜਾਂਗਾਂ ਅਤੇ ਜੇ ਕਾਮਯਾਬ ਨਾ ਹੋ ਸਕਿਆ ਤਾਂ ਸ਼ਹੀਦੀ ਪ੍ਰਾਪਤ ਕਰਾਂਗਾਂ।' ਇਸ ਸਬੰਧੀ ਜਦੋਂ ਅੰਗਰੇਜ਼ ਸਰਕਾਰ ਨੂੰ ਪਤਾ ਲੱਗਿਆ ਤਾਂ ਉਸ ਨੇ ਬਾਬਾ ਜੀ ਦੇ ਗ੍ਰਿਫ਼ਤਾਰੀ ਵਰੰਟ ਜਾਰੀ ਕਰ ਦਿੱਤੇ ਅਤੇ ਭਾਰੀ ਇਨਾਮਾਂ ਦੀ ਵੰਡ ਐਲਾਨ ਦਿੱਤੀ। ਬਾਬਾ ਜੀ ਰੂਪੋਸ਼ ਹੋ ਗਏ ਅਤੇ ਦੇਸ਼ ਦੀਆਂ ਅਨੇਕਾਂ ਥਾਵਾਂ 'ਤੇ ਜਾ-ਜਾ ਕੇ ਦੇਸ਼ ਪ੍ਰੇਮੀਆਂ ਨੂੰ ਭਾਸ਼ਣ ਦਿੱਤੇ ਤੇ ਆਜ਼ਾਦੀ ਦੇ ਸੰਘਰਸ਼ ਲਈ ਪ੍ਰੇਰਿਆ। ਫਰਵਰੀ 1849 ਵਿੱਚ ਜਦੋਂ ਗੁਜਰਾਤ ਵਿਖੇ ਸਿੱਖ ਫ਼ੌਜਾਂ ਆਪਣੇ ਵਿਰੋਧੀਆਂ ਅੱਗੇ ਆਤਮ ਸਮਰਪਣ ਕਰਨ ਲੱਗੀਆਂ ਤਾਂ ਉਹ ਅਚਾਨਕ ਉੱਥੇ ਪੁੱਜ ਗਏ, 80 ਸਾਲਾ ਬਜ਼ੁਰਗ ਨੇ ਉੱਥੇ ਅਜਿਹਾ ਜੋਸ਼ੀਲਾ ਭਾਸ਼ਣ ਦਿੱਤਾ ਕਿ ਸਿੱਖ ਫ਼ੌਜਾਂ ਮੁੜ ਮੈਦਾਨ ਵਿਚ ਡਟ ਗਈਆਂ। ਇਸ ਮੌਕੇ ਇੱਕ ਅੰਗਰੇਜ਼ ਅਫ਼ਸਰ ਨੇ ਉਨ੍ਹਾਂ ਨੂੰ ਫੜਣ ਦੀ ਕੋਸ਼ਿਸ਼ ਕੀਤੀ ਪਰ ਬਾਬਾ ਜੀ ਹੱਥ ਨਹੀਂ ਆਏ। ਬਾਬਾ ਜੀ ਨੇ ਅੰਗਰੇਜ਼ ਸਰਕਾਰ ਵਿਰੁੱਧ ਬਗ਼ਾਵਤ ਕਰਨ ਅਤੇ ਜ਼ੋਰਦਾਰ ਗ਼ਦਰ ਮਚਾਉਣ ਲਈ ਆਪਣੇ ਸਾਥੀਆਂ ਸਮੇਤ 3 ਜਨਵਰੀ 1850 ਦਾ ਦਿਨ ਨੀਯਤ ਕੀਤਾ, ਜਿਸ ਅਨੁਸਾਰ ਜਲੰਧਰ, ਹੁਸ਼ਿਆਰਪੁਰ ਆਦਿ ਦੀਆਂ ਫ਼ੌਜੀ ਛਾਉਣੀਆਂ ਵਿਚ ਅਚਾਨਕ ਵਿਦਰੋਹ ਕੀਤਾ ਜਾਣਾ ਸੀ। ਇਸ ਸਬੰਧੀ ਗੁਪਤ ਰੂਪ ਵਿੱਚ ਸਾਰੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਸਨ ਕਿ ਛੇ ਦਿਨ ਪਹਿਲਾਂ 28 ਦਸੰਬਰ ਨੂੰ ਅਚਾਨਕ ਇੱਕ ਸਰਕਾਰੀ ਜਾਸੂਸ ਨੇ ਜਲੰਧਰ ਦੇ ਡਿਪਟੀ ਕਮਿਸ਼ਨਰ ਨੂੰ ਸਾਰੇ ਮਾਮਲੇ ਦੀ ਸੂਚਨਾ ਦੇ ਦਿੱਤੀ ਅਤੇ ਆਦਮਪੁਰ ਦੁਆਬੇ ਦੀ ਝਿੜੀ ਵਿੱਚੋਂ ਬਾਬਾ ਜੀ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਅੰਗਰੇਜ਼ ਸਰਕਾਰ ਨੇ ਪਹਿਲਾਂ ਬਾਬਾ ਜੀ ਨੂੰ ਜਲੰਧਰ ਛਾਉਣੀ ਦੀ ਜੇਲ੍ਹ ਵਿੱਚ ਕੈਦ ਰੱਖ ਕੇ ਕਈ ਦਿਨ ਭੁੱਖਾ ਪਿਆਸਾ ਰੱਖਿਆ। ਇਸ ਤੋਂ ਬਾਅਦ ਕਲਕੱਤੇ ਦੇ ਵਿਲੀਅਮ ਫੋਰਮ ਕਿਲ੍ਹੇ ਵਿੱਚ ਕਾਫ਼ੀ ਸਮਾਂ ਕੈਦ ਕਰੀ ਰੱਖਿਆ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਸਿੰਗਾਪੁਰ ਦੀ ਜੇਲ੍ਹ ਵਿੱਚ ਲਿਜਾ ਕੇ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ, ਜਿੱਥੇ ਹਵਾ ਅਤੇ ਰੋਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ। ਇਸ ਜੇਲ੍ਹ ਵਿੱਚ ਬਾਬਾ ਜੀ ਛੇ ਵਰ੍ਹੇ ਕੈਦ ਰਹੇ ਤੇ ਫਿਰ ਕੈਂਸਰ ਦੀ ਨਾਮੁਰਾਦ ਬੀਮਾਰੀ ਨੇ ਘੇਰ ਲਿਆ, ਜਿਸ ਦੇ ਸਿੱਟੇ ਵਜੋਂ ਉਹ ਪੰਜ ਜੁਲਾਈ 1866 ਨੂੰ 86 ਸਾਲ ਦੀ ਉਮਰ ਵਿੱਚ ਜੇਲ੍ਹ 'ਚ ਹੀ ਸ਼ਹੀਦੀ ਪਾ ਗਏ। ਇੱਕ ਨਿਰਪੱਖ ਇਤਿਹਾਸਕਾਰ ਆਰਨੋਲਡ ਨੇ ਲਿਖਿਆ ਹੈ ਕਿ ਜੇ 28 ਦਸੰਬਰ ਨੂੰ ਬਾਬਾ ਜੀ ਨਾ ਫੜੇ ਜਾਂਦੇ ਤਾਂ ਪੰਜਾਬ ਅੰਗਰੇਜ਼ਾਂ ਹੱਥੋਂ ਨਿਕਲ ਜਾਣਾ ਸੀ ਅਤੇ ਇਸ ਦਾ ਅਸਰ ਸਮੁੱਚੇ ਦੇਸ਼ ਅੰਦਰ ਹੋਣਾ ਸੀ।

*ਮਿੰਨੀ ਕਹਾਣੀ*

# ਤਾਇਆ ਰਿਟਰਨ

**ਜਨਮੇਜਾ ਸਿੰਘ ਜੌਹਲ**

ਤਾਇਆ ਪੀਐਚਡੀ ਦੇ ਸੁਪਨੇ ਲੈਂਦਾ ਦੇਸ਼ ਪਹੁੰਚ ਗਿਆ। ਥਕਾਵਟਾਂ ਲਾਹ ਦੂਜੇ ਦਿਨ ਹੀ 'ਅਮਰੀਕਾ ਰਿਟਰਨ' ਡਾਕਟਰ ਦੇ ਦਫਤਰ ਜਾ ਪੁੱਜਾ। ' ਆ ਬਈ ਆ' ਗਰਮਜੋਸ਼ੀ ਨਾਲ ਹੱਥ ਮਿਲਾ ਸਾਹਮਣੇ ਆਲੀ ਕੁਰਸੀ ਤੇ ਬਹਿ ਗਿਆ। ਚਾਹ ਪੀ ਕੇ ਡਾਕਟਰ ਕਹਿੰਦਾ, "ਹੁਣ ਸਾਡੀ ਮੀਟਿੰਗ ਹੈ , ਸ਼ਾਮ ਨੂੰ ਮਿਲਦੇ ਹਾਂ, ਫਲਾਣੇ ਥਾਂ, ਉੱਥੇ ਖੁੱਲ੍ਹ ਕੇ ਗੱਲ ਕਰਦੇ ਹਾਂ ਨਾਲੇ ਸ਼ਾਮ ਗੁਜ਼ਰ ਜੂ। "

ਤਾਇਆ ਸਾਰਾ ਦਿਨ ਐਧਰ ਉਧਰ ਘੁੰਮਦਾ ਰਿਹਾ, ਇਕ ਦੋ ਵਾਰੀ ਕੰਟੀਨ ਤੋਂ ਚਾਹ ਪੀਤੀ। ਇੱਥੇ ਹੀ ਤਾਈ ਖਾਤਰ ਗੁਜ਼ਾਰੇ ਦਿਨਾਂ ਨੂੰ ਵੀ ਯਾਦ ਕਰਦਾ ਰਿਹਾ। ਮਸੀਂ ਸ਼ਾਮ ਪਈ। ਕੱਛ ਵਿਚ ਦੇ ਕੇ ਡਿਊਟੀ ਫਰੀ ਤੋਂ ਲਿਆਂਦੀ ਕਾਲ੍ਹੀ ਪਰੀ, ਪੈਦਲ ਹੀ ਪਹੁੰਚ ਗਿਆ, ਡਾਕਟਰ ਦੇ ਦੱਸੇ ਹੋਏ ਸਿਰਨਾਵੇਂ 'ਤੇ। ਮੂਹਰੇ ਡਾਕਟਰ ਤੇ ਦੋ ਹੋਰ ਬੈਠੇ ਸਨ। ਥੋੜਾ ਕਾਇਮ ਜਿਹਾ ਹੋਕੇ ਡਾਕਟਰ ਕਹਿੰਦਾ, 'ਆਹ ਪ੍ਰੋਫੈਸਰ ਬਣੂ ਤੇਰਾ ਗਾਇਡ ਤੇ ਆ ਦਫਤਰ ਦਾ ਕਲਰਕ ਕਰੂ ਤੇਰੀ ਮਦਦ ਕਾਗਜ਼ ਪੱਤਰ ਤਿਆਰ ਕਰਨ ਵਿਚ।' ਤਾਇਆ ਖੁਸ਼ ਬਈ ਆ ਤਾਂ ਰੱਬ ਹੀ ਟੱਕਰਗੇ। ਹੁਣ ਤਾਇਆ ਰੋਜ਼ ਕਦੇ ਕਲਰਕ ਦੇ ਕਹੇ ਅਨੁਸਾਰ ਕਾਗਜ਼ ਕੱਠੇ ਕਰਦਾ ਰਿਹਾ ਕਦੇ ਜਾਂ ਫੇਰ ਪ੍ਰੋਫੈਸਰ ਦੇ ਹੁਕਮ ਅਨੁਸਾਰ ਲਾਇਬਰੇਰੀ ਵਿਚ ਕਿਤਾਬਾਂ ਲੱਭਦਾ ਰਿਹਾ ਕਰੇ। ਸ਼ਾਮ ਨੂੰ ਪਰੀ ਵਾਲੀਆਂ ਮੀਟਿੰਗਾਂ ਵੀ ਵਧ ਗਈਆਂ। ਤਿੰਨ ਕੁ ਮਹੀਨੇ ਵਿਚ ਨਗਦ ਲਿਆਂਦੇ ਸੱਠ ਸੱਠ ਰੁਪਿਆਂ ਆਲੇ ਨੋਟ ਵੀ ਮੁੱਕ ਗਏ ਤੇ ਫੇਰ 'ਕਾਰਡ' ਨੂੰ ਵਾਢਾ ਧਰ ਲਿਆ। ਤਾਏ ਨੂੰ ਟਰੱਕ ਦੀ ਯਾਦ ਵੀ ਸਤਾਉਣ ਲੱਗ ਪਈ । ਕਾਗਜ਼ੀ ਕਾਰਵਾਈ ਪੂਰੀ ਹੋਣ ਦਾ ਨਾਮ ਹੀ ਨਹੀਂ ਸੀ ਲੈ ਰਹੀ। ਤਾਏ ਨੇ ਡਾਕਟਰ ਕੋਲ ਗਿਲਾ ਕੀਤਾ। 'ਦੇਖ ਬਾਈ, ਅਸੀਂ ਤਾਂ ਹਾਂ ਪੜ੍ਹਾਉਣ ਵਾਲੇ ਪਰ ਕੇਸ ਪਾਸ ਹੋਏ ਬਗੈਰ ਸ਼ੁਰੂ ਨਹੀਂ ਕਰ ਸਕਦੇ।' ਤਾਇਆ ਸਾਰੀ ਗੱਲ ਸਮਝ ਗਿਆ ।ਤਾਇਆ ਏਅਰਪੋਰਟ ਨੂੰ ਜਾਂਦੀ ਬੱਸ ਵਿਚ ਬੈਠਾ ਇਵੇਂ ਮਹਿਸੂਸ ਕਰ ਰਿਹਾ ਸੀ, ਜਿਵੇਂ ਉਹ ਸ਼ੇਰਾਂ ਦੇ ਪੰਜੇ ਚੋਂ ਬਚ ਕੇ ਅਮਰੀਕਣ ਹਾਈਵੇਅ 'ਤੇ ਟਰੱਕ ਲਈ ਜਾਂਦਾ ਹੋਵੇ।



# ਖਾੜੀ ਮੁਲਕਾਂ ਵਿਚ ਠੱਗੀਆਂ ਗਈਆਂ ਪੰਜਾਬੀ ਮੁਟਿਆਰਾਂ

- ਸਰੀਰਕ ਸ਼ੋਸ਼ਣ ਦਾ ਹੋਈਆਂ ਸ਼ਿਕਾਰ
- ਨਿਕਾਹ ਦੇ ਨਾਮ 'ਤੇ ਏਜੰਟ ਖਾੜੀ ਮੁਲਕਾਂ 'ਚ ਲੈ ਕੇ ਜਾਂਦੇ ਹਨ, ਜਿਸ ਬਦਲੇ ਨਿਕਾਹ ਮਨੀ ਡਕਾਰ ਜਾਂਦੇ ਨੇ ਏਜੰਟ
- ਨਿਕਾਹ ਦੇ ਨਾਮ 'ਤੇ ਪੰਜਾਬੀ ਮੁਟਿਆਰਾਂ ਦਾ ਹੁੰਦਾ ਏ ਸੈਕਸ ਸ਼ੋਸ਼ਣ
- ਏਜੰਟ ਵੀ ਬਣਾਉਂਦੇ ਨੇ ਲੜਕੀਆਂ ਨੂੰ ਆਪਣੀ ਹਵਸ ਦਾ ਸ਼ਿਕਾਰ
- ਮਸਕਟ ਦੇ ਪ੍ਰੇਮ ਪਾਲ ਸਿੰਘ ਖ਼ਾਲਸਾ ਨੇ ਕੀਤੀ ਸਹਾਇਤਾ

**ਜਲੰਧਰ/ਈਟੀ ਨਿਊਜ਼ :**
ਰੁਜ਼ਗਾਰ ਦੀ ਭਾਲ ਵਿਚ ਖਾੜੀ ਮੁਲਕਾਂ ਵਿਚ ਗਈਆਂ ਪੰਜਾਬੀ ਲੜਕੀਆਂ ਦੀ ਦਾਸਤਾਨ ਲੂ-ਕੰਢੇ ਖੜ੍ਹੇ ਕਰ ਦੇਣ ਵਾਲੀ ਹੈ। ਕਈ-ਕਈ ਦਿਨ ਭੁੱਖੇ-ਪਿਆਸੇ ਰੱਖ ਕੇ ਉਨ੍ਹਾਂ ਨਾਲ ਮਾਰਕੁੱਟ ਹੀ ਨਹੀਂ ਕੀਤੀ ਜਾਂਦੀ, ਬਲਕਿ ਇਨ੍ਹਾਂ ਲੜਕੀਆਂ ਦਾ ਸਰੀਰਕ ਸ਼ੋਸ਼ਣ ਤੱਕ ਵੀ ਕੀਤਾ ਜਾਂਦਾ ਹੈ। ਭਾਰਤੀ ਏਜੰਟ ਪੰਜਾਬ ਦੀਆਂ ਲੜਕੀਆਂ ਠੱਗੀ ਕਰਦੇ ਹਨ ਤੇ ਉਹਨਾਂ ਦੇ ਪਰਿਵਾਰਾਂ ਨੂੰ ਥੋੜੇ ਜਿਹੇ ਪੈਸੇ ਦੇ ਕੇ ਕਿਸੇ ਸ਼ੇਖ ਦੇ ਨਾਲ ਝੂਠਾ ਨਿਕਾਹ ਕਰਵਾ ਦਿੰਦੇ ਹਨ, ਜਿੱਥੇ ਉਹਨਾਂ ਲੜਕੀਆਂ ਦਾ ਸੈਕਸ ਸ਼ੋਸ਼ਣ ਹੁੰਦਾ ਹੈ ਤੇ ਘਰਾਂ ਵਿਚ ਨੌਕਰ ਬਣਾ ਕੇ ਕੰਮ ਲਿਆ ਜਾਂਦਾ ਹੈ। ਇੱਥੇ ਉਹਨਾਂ ਦੀ ਨਰਕ ਤੋਂ ਮਾੜੀ ਹਾਲਤ ਹੁੰਦੀ ਹੈ। ਅਜਿਹੀਆਂ ਇਕ ਨਹੀਂ ਦੋ ਨਹੀਂ ਸਗੋਂ ਅਨੇਕਾਂ ਲੜਕੀਆਂ ਹਨ, ਜੋ ਠੱਗ ਏਜੰਟਾਂ ਦੇ ਧੱਕੇ ਚੜ੍ਹ ਕੇ ਖਾੜੀ ਮੁਲਕਾਂ ਵਿਚ ਨਰਕ ਵਾਲਾ ਜੀਵਨ ਜਿਊਣ ਲਈ ਮਜਬੂਰ ਹੋ ਰਹੀਆਂ ਹਨ।

**ਨਿਕਾਹ ਦੇ ਨਾਮ 'ਤੇ ਠੱਗੀ-**
ਖਾੜੀ ਮੁਲਕਾਂ ਵਿਚ ਖੁਸ਼ਹਾਲ ਜ਼ਿੰਦਗੀ ਦੇ ਸੁਪਨੇ ਸਜਾ ਕੇ ਪੁੱਜੀਆਂ ਲੜਕੀਆਂ ਦੇ ਪੈਰਾਂ ਹੇਠੋਂ ਉਸ ਸਮੇਂ ਜ਼ਮੀਨ ਨਿਕਲ ਜਾਂਦੀ ਹੈ ਜਦੋਂ ਏਜੰਟਾਂ ਵਲੋਂ ਲੜਕੀਆਂ ਦਾ ਸੌਦਾ ਉੱਥੋਂ ਦੇ ਬਾਸ਼ਿੰਦਿਆਂ ਨਾਲ ਨਿਕਾਹ ਕਰ ਲਿਆ ਜਾਂਦਾ ਹੈ ਤੇ ਨਾਂਹ ਨੁੱਕਰ ਕਰਨ ਵਾਲੀ ਲੜਕੀ ਨੂੰ ਤਸੀਹੇ ਦਿੱਤੇ ਜਾਂਦੇ ਹਨ ਤੇ ਤਸੀਹੇ ਸਹਿ ਕੇ ਥੱਕ-ਹਾਰ ਚੁੱਕੀ ਲੜਕੀ ਕੋਲ ਏਜੰਟਾਂ ਅੱਗੇ ਆਤਮ-ਸਮਰਪਣ ਕਰਨ ਤੋਂ ਸਿਵਾਏ ਕੋਈ ਹੱਲ ਨਹੀਂ ਬਚਦਾ, ਹਾਲਾਂਕਿ ਕਈ ਲੜਕੀਆਂ ਦੀ ਕਿਸਮਤ ਚੰਗੀ ਹੁੰਦੀ ਹੈ ਤੇ ਉਹ ਕਿਸੇ ਤਰ੍ਹਾਂ ਇਨ੍ਹਾਂ ਏਜੰਟਾਂ ਦੇ ਚੁੰਗਲ ਵਿਚੋਂ ਬਚ ਨਿਕਲਣ ਵਿਚ ਕਾਮਯਾਬ ਹੋ ਜਾਂਦੀਆਂ ਹਨ।

ਪਿਛਲੇ ਦਿਨੀਂ ਮਸਕਟ ਤੋਂ ਕਿਸੇ ਤਰ੍ਹਾਂ ਏਜੰਟਾਂ ਦੇ ਕਬਜ਼ੇ ਵਿਚੋਂ ਬਚ ਕੇ ਨਿਕਲੀਆਂ ਦੋ ਲੜਕੀਆਂ ਨੇ ਵੀ ਅਜਿਹੇ ਖੁਲਾਸੇ ਕਰਦੇ ਹੋਏ ਸੂਬੇ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀਆਂ ਲੜਕੀਆਂ ਨੂੰ ਖਾੜੀ ਮੁਲਕਾਂ ਵਿਚ ਬਿਨਾਂ ਕਿਸੇ ਭਰੋਸੇਮੰਦ ਏਜੰਟ ਤੇ ਸਹੀ ਦਸਤਾਵੇਜ਼ਾਂ ਤੋਂ ਕਦੇ ਨਾ ਭੇਜਣ। ਜ਼ਿਲ੍ਹਾ ਹੁਸ਼ਿਆਰਪੁਰ ਦੀ ਰਹਿਣ ਵਾਲੀ ਇਕ ਲੜਕੀ ਨੇ ਦੱਸਿਆ ਕਿ ਉਹ ਆਪਣੇ ਕਿਸੇ ਜਾਣਕਾਰ ਰਾਹੀਂ ਮਸਕਟ ਵਿਚ ਰਹਿੰਦੀ ਇਕ ਔਰਤ ਏਜੰਟ ਦੇ ਸੰਪਰਕ ਵਿਚ ਆਈ, ਜਿਸ ਨੇ ਉਸ ਨੂੰ ਮਸਕਟ ਵਿਚ ਕਿਸੇ ਦਫ਼ਤਰ ਵਿਚ ਕੰਮ ਦਿਵਾਉਣ ਦਾ ਭਰੋਸਾ ਦਿੱਤਾ ਤੇ ਉਸ ਨੂੰ ਟੂਰਿਸਟ ਵੀਜ਼ੇ 'ਤੇ ਮਸਕਟ ਬੁਲਾ ਲਿਆ। ਉਸ ਨੇ ਮਸਕਟ ਜਾਣ ਲਈ ਉਕਤ ਏਜੰਟ ਨੂੰ ਇਕ ਲੱਖ ਰੁਪਏ ਵੀ ਦਿੱਤੇ ਪਰ ਜਦੋਂ ਉਹ ਮਸਕਟ ਪੁੱਜੀ ਤਾਂ ਉੱਥੇ ਪਹਿਲਾਂ ਉਸ ਨੂੰ 3-4 ਦਿਨ ਦਫ਼ਤਰ ਵਿਚ ਭੁੱਖੇ ਪਿਆਸੇ ਰੱਖਿਆ ਗਿਆ ਤੇ ਬਾਅਦ ਵਿਚ ਇਕ ਸ਼ੇਖ ਦੇ ਘਰ ਵਿਚ ਕੰਮ ਕਰਨ ਲਈ ਮਜਬੂਰ ਕੀਤਾ ਜਾਣ ਲੱਗਾ, ਜਦੋਂ ਉਹ ਉੱਥੇ ਕੰਮ ਕਰਨ ਲਈ ਗਈ ਤਾਂ ਉੱਥੇ ਵੀ ਉਸ ਨਾਲ ਬਹੁਤ ਹੀ ਭੈੜਾ ਸਲੂਕ ਕੀਤਾ ਜਾਂਦਾ ਰਿਹਾ। ਉਸ ਕੋਲੋਂ ਰਾਤ-ਦਿਨ ਕੰਮ ਲਿਆ ਜਾਂਦਾ ਸੀ ਤੇ ਉਸ ਨੂੰ ਕਈ-ਕਈ ਦਿਨ ਦੇ ਬੇਹੇ ਚੌਲ ਹੀ ਖਾਣ ਨੂੰ ਮਿਲਦੇ ਸਨ ਤੇ ਉਹ ਵੀ ਕਦੇ-ਕਦਾਈਂ ਜਦੋਂ ਉਸ ਨੇ ਵਾਪਸ ਭੇਜੇ ਜਾਣ ਦੀ ਗੱਲ ਕੀਤੀ ਤਾਂ ਉਸ ਨੂੰ ਡਰਾਇਆ-ਧਮਕਾਇਆ ਗਿਆ ਤੇ ਹੋਰ ਪੈਸਿਆਂ ਦੀ ਮੰਗ ਕੀਤੀ ਜਾਣ ਲੱਗੀ। ਇਸ ਬਾਰੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਤਾਂ ਉਨ੍ਹਾਂ ਨੇ ਉਸ ਨੂੰ ਭਾਰਤੀ ਦੂਤਘਰ ਨਾਲ ਸੰਪਰਕ ਕਰਨ ਲਈ ਕਿਹਾ ਤੇ ਕਿਸੇ ਤਰ੍ਹਾਂ ਉਹ ਦੂਤ ਘਰ ਪੁੱਜੀ, ਜਿੱਥੇ ਉਹ ਕਰੀਬ ਦੋ ਮਹੀਨੇ ਰਹੀ ਪਰ ਇਸ ਦੌਰਾਨ ਏਜੰਟ ਤੇ ਉਸ ਦੇ ਸਾਥੀ ਉਸ ਨੂੰ ਧਮਕੀਆਂ ਦਿੰਦੇ ਰਹੇ।

ਇਸ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਾਲ੍ਹਾ ਮਸਕਟ ਦੇ ਪ੍ਰਧਾਨ ਪ੍ਰੇਮ ਪਾਲ ਸਿੰਘ ਖ਼ਾਲਸਾ ਨਾਲ ਉਨ੍ਹਾਂ ਨੇ ਸੰਪਰਕ ਕੀਤਾ, ਜਿਨ੍ਹਾਂ ਨੇ ਪ੍ਰਦੇਸ ਵਿਚ ਉਨ੍ਹਾਂ ਦੀ ਮਦਦ ਹੀ ਨਹੀਂ ਕੀਤੀ, ਸਗੋਂ ਸਾਰਾ ਖਰਚਾ ਕਰਕੇ ਉਸ ਨੂੰ ਵਾਪਸ ਆਪਣੇ ਵਤਨ ਵੀ ਭੇਜਿਆ। ਇਸੇ ਤਰ੍ਹਾਂ ਫ਼ਰੀਦਕੋਟ ਜ਼ਿਲ੍ਹੇ ਨਾਲ ਇਕ ਹੋਰ ਲੜਕੀ ਨੇ ਵੀ ਦੱਸਿਆ ਕਿ ਉਹ ਵੀ ਅਪ੍ਰੈਲ ਮਹੀਨੇ ਵਿਚ ਹੀ ਕਿਸੇ ਏਜੰਟ ਰਾਹੀਂ ਮਸਕਟ ਪੁੱਜੀ, ਜਿੱਥੇ ਉਸ ਨੂੰ ਇਕ ਸ਼ੇਖ ਦੇ ਘਰ ਵਿਚ ਕੰਮ 'ਤੇ ਲਗਾ ਦਿੱਤਾ ਗਿਆ। ਸ਼ੇਖ ਦੇ ਪਰਿਵਾਰਕ ਮੈਂਬਰਾਂ ਵਲੋਂ ਉਸ ਨਾਲ ਬਹੁਤ ਹੀ ਮਾੜਾ ਸਲੂਕ ਕੀਤਾ ਜਾਂਦਾ ਸੀ ਤੇ ਉਸ ਨੂੰ ਖਾਣ-ਪੀਣ ਲਈ ਵੀ ਕੁਝ ਨਹੀਂ ਸੀ ਦਿੱਤਾ ਜਾਂਦਾ। ਉਹ ਬੇਹੇ ਚੌਲ ਖਾ ਕੇ ਦਿਨ ਕੱਟਦੀ ਰਹੀ ਪਰ ਹਾਲਾਤ ਜ਼ਿਆਦਾ ਵਿਗੜਦੇ ਗਏ ਤੇ ਜਦੋਂ ਉਸ ਨੇ ਇਸ ਬਾਰੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਦੱਸਿਆ ਤਾਂ ਉਕਤ ਔਰਤ ਏਜੰਟ ਨੇ ਉਸ ਨੂੰ ਆਪਣੇ ਕੋਲ ਮੈਡੀਕਲ ਦੇ ਬਹਾਨੇ ਬੁਲਾ ਲਿਆ ਤੇ ਉਸ ਦੀ ਮਾਰਕੁੱਟ ਕੀਤੀ। ਉਸ ਨੇ ਦੱਸਿਆ ਕਿ ਉਹ ਕਿਸੇ ਤਰ੍ਹਾਂ ਬਚ ਕੇ ਭਾਰਤੀ ਦੂਤਘਰ ਪੁੱਜੀ, ਜਿੱਥੋਂ ਉਹ ਪ੍ਰੇਮਪਾਲ ਸਿੰਘ ਖ਼ਾਲਸਾ ਉਸ ਲਈ ਫ਼ਰਿਸ਼ਤਾ ਬਣ ਕੇ ਬਹੁੜੇ ਤੇ ਉਨ੍ਹਾਂ ਨੇ ਉਸ ਨੂੰ ਵਾਪਸ ਪੰਜਾਬ ਭੇਜਣ ਵਿਚ ਮਦਦ ਹੀ ਨਹੀਂ ਕੀਤੀ ਸਗੋਂ ਸਾਰਾ ਖਰਚਾ ਵੀ ਕੋਲੋਂ ਕੀਤਾ। ਇਸ ਸਬੰਧੀ ਗੱਲ ਕਰਦਿਆਂ ਪ੍ਰੇਮਪਾਲ ਸਿੰਘ ਖ਼ਾਲਸਾ ਨੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਪੰਜਾਬ ਵਿਚ ਸਰਗਰਮ ਅਜਿਹੇ ਏਜੰਟਾਂ ਨੂੰ ਤੁਰੰਤ ਨੱਥ ਪਾਈ ਜਾਵੇ। ਪੰਜਾਬ ਐਸ. ਸੀ. ਕਮਿਸ਼ਨ ਦੇ ਮੈਂਬਰ ਗਿਆਨ ਚੰਦ ਦਿਵਾਲੀ ਨੇ ਕਿਹਾ ਕਿ ਉਹ ਅਜਿਹੇ ਏਜੰਟਾਂ ਖ਼ਿਲਾਫ਼ ਲੜਕੀਆਂ ਕੋਲੋਂ ਸ਼ਿਕਾਇਤ ਦਿਵਾ ਕੇ ਕਾਨੂੰਨੀ ਕਾਰਵਾਈ ਕਰਨਗੇ ਅਤੇ ਲੜਕੀਆਂ ਦੀ ਹਰ ਸੰਭਵ ਮਦਦ ਕੀਤੀ ਜਾਵੇਗੀ।

# ਪੰਜਾਬ ਵਿਚ ਹਰ ਰੋਜ਼ ਦੋ ਤੋਂ ਵੱਧ ਔਰਤਾਂ ਨਾਲ ਹੁੰਦਾ ਹੈ ਬਲਾਤਕਾਰ

## *ਜਬਰ-ਜਨਾਹ ਦੀਆਂ ਘਟਨਾਵਾਂ ਮਾਲਵੇ ਦੇ ਜ਼ਿਲ੍ਹਿਆਂ 'ਚ ਸਭ ਤੋਂ ਜ਼ਿਆਦਾ ਵਾਪਰੀਆਂ*

**ਜਲੰਧਰ /ਵਿਸ਼ੇਸ਼ ਰਿਪੋਰਟ :** ਹਾਲੀਵੁੱਡ ਦੇ ਵੱਡੇ ਫ਼ਿਲਮ ਨਿਰਮਾਤਾ ਅਤੇ ਨਿਰਦੇਸ਼ਕ ਉੱਤੇ ਵੱਡੀਆਂ ਫ਼ਿਲਮੀ ਹਸਤੀਆਂ ਵੱਲੋਂ ਛੇੜ-ਛਾੜ ਦੇ ਲਗਾਏ ਦੋਸ਼ਾਂ ਤੋਂ ਬਾਅਦ ਮੀ-ਟੂ ਮੂਵਮੈਂਟ ਦਾ ਆਗਾਜ਼ ਹੋਇਆ। ਦੁਨੀਆਂ ਵਿਚ ਵੱਡੇ ਪੈਮਾਨੇ ਉੱਤੇ ਔਰਤਾਂ ਨੇ ਆਪਣੇ ਨਾਲ ਹੋਏ ਧੱਕੇ ਦੀ ਦਾਸਤਾਨ ਬਿਆਨ ਕਰਕੇ ਕਈ ਭੱਦਰਪੁਰਸ਼ਾਂ ਦੇ ਚਿਹਰਿਆਂ ਦੇ ਨਕਾਬ ਉਤਾਰ ਦਿੱਤੇ। ਇਸ ਦੇ ਬਾਵਜੂਦ ਔਰਤਾਂ ਨਾਲ ਜਬਰ ਜਨਾਹ ਅਤੇ ਛੇੜ-ਛਾੜ ਦੀਆਂ ਘਟਨਾਵਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਹੁਣੇ ਸਾਹਮਣੇ ਆਏ ਤੱਥਾਂ ਮੁਤਾਬਿਕ ਭਾਰਤ ਔਰਤਾਂ ਲਈ ਸਭ ਤੋਂ ਵੱਧ ਅਸੁਰੱਖਿਅਤ ਜਗ੍ਹਾ ਹੈ। ਪੰਜਾਬ ਦੀ ਹਾਲਤ ਵੀ ਕਾਫ਼ੀ ਖ਼ਰਾਬ ਦਿਖਾਈ ਦਿੰਦੀ ਹੈ। ਵੱਡੀ ਗੱਲ ਇਹ ਹੈ ਕਿ ਭਾਰਤ ਦਾ ਸਿਆਸੀ ਵਰਤਾਰਾ ਵੀ ਅਪਰਾਧ ਤੇ ਅਪਰਾਧੀਆਂ ਨੂੰ ਸਵੀਕਾਰ ਕਰ ਰਿਹਾ ਹੈ; ਅਦਾਲਤਾਂ ਵਿਚ ਕਈ ਵੱਡੇ ਅਪਰਾਧਾਂ ਦੇ ਮੁਕੱਦਮੇ ਭੁਗਤ ਰਹੇ ਸਿਆਸਤਦਾਨ ਲੋਕ ਸਭਾ ਤੇ ਵਿਧਾਨ ਸਭਾਵਾਂ ਵਿਚ ਚੁਣੇ ਜਾਂਦੇ ਹਨ। ਫਿਰ ਭਾਰਤ ਵਿਚ ਅਪਰਾਧ ਕਿਵੇਂ ਰੁੱਕ ਸਕਦੇ ਹਨ?



ਪੰਜਾਬ ਵਿਚ ਰੋਜ਼ਾਨਾ 2 ਤੋਂ ਵੱਧ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ ਤੇ ਸੱਤ ਔਰਤਾਂ ਛੇੜਛਾੜ, ਦਹੇਜ ਹਿੰਸਾ, ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ। ਉਂਞ ਇਹ ਅੰਕੜਾ ਪੁਲਿਸ ਦਾ ਹੈ ਤੇ ਅਨੇਕਾਂ ਕੇਸ ਅਜਿਹੇ ਹਨ ਜਿਹੜੇ ਰਿਕਾਡਰ ਵਿੱਚ ਆਉਂਦੇ ਹੀ ਨਹੀਂ। ਪੁਲਿਸ ਦੇ ਅੰਕੜਿਆਂ ਮੁਤਾਬਕ ਸੂਬੇ ਵਿੱਚ ਸਾਲ 2012 ਤੋਂ 15 ਜੂਨ 2019 ਤੱਕ ਬਲਾਤਕਾਰ ਦੇ 6,060 ਤੋਂ ਵੱਧ ਮਾਮਲੇ ਸਾਹਮਣੇ ਆਏ ਹਨ ਜਦਕਿ ਇਸੇ ਸਮੇਂ ਦੌਰਾਨ ਦਹੇਜ ਲਈ ਤਸ਼ੱਦਦ ਢਾਹੁਣ, ਘਰੇਲੂ ਹਿੰਸਾ ਤੇ ਜਿਸਮਾਨੀ ਛੇੜਛਾੜ ਦੀਆਂ 19 ਹਜ਼ਾਰ ਦੇ ਕਰੀਬ ਘਟਨਾਵਾਂ ਵਾਪਰ ਚੁੱਕੀਆਂ ਹਨ। ਦਹੇਜ ਤੇ ਜਿਸਮਾਨੀ ਛੇੜਛਾੜ ਦੀਆਂ ਘਟਨਾਵਾਂ ਲੁਧਿਆਣਾ, ਪਟਿਆਲਾ, ਅੰਮ੍ਰਿਤਸਰ, ਜਲੰਧਰ ਤੇ ਬਠਿੰਡਾ ਵਿੱਚ ਜ਼ਿਆਦਾ ਵਾਪਰੀਆਂ ਹਨ।

ਜਬਰ-ਜਨਾਹ ਦੀਆਂ ਘਟਨਾਵਾਂ ਮਾਲਵੇ ਦੇ ਜ਼ਿਲ੍ਹਿਆਂ ਲੁਧਿਆਣਾ ਸ਼ਹਿਰ, ਪਟਿਆਲਾ, ਸੰਗਰੂਰ ਤੇ ਬਠਿੰਡਾ ਵਿੱਚ ਸਭ ਤੋਂ ਜ਼ਿਆਦਾ ਵਾਪਰੀਆਂ ਹਨ। ਲੁਧਿਆਣਾ (ਦਿਹਾਤੀ) ਤੇ ਪਠਾਨਕੋਟ ਦੋ ਅਜਿਹੇ ਜ਼ਿਲ੍ਹੇ ਹਨ ਜਿੱਥੇ ਜਬਰ ਜਨਾਹ ਦੀਆਂ ਘਟਨਾਵਾਂ ਹੋਰਨਾਂ ਜ਼ਿਲ੍ਹਿਆਂ ਦੇ ਮੁਕਾਬਲੇ ਬਹੁਤ ਘੱਟ ਵਾਪਰੀਆਂ ਹਨ।

ਪੰਜਾਬ ਵਿੱਚ 2012 ਦੌਰਾਨ ਬਲਾਤਕਾਰ ਦੀਆਂ 680, ਸਾਲ 2013 ਦੌਰਾਨ 888, ਸਾਲ 2014 ਦੌਰਾਨ 981 ਅਤੇ ਸਾਲ 2015 ਦੌਰਾਨ 800 ਦੇ ਕਰੀਬ, 2016 ਦੌਰਾਨ 783, 2017 ਦੌਰਾਨ 682, ਸਾਲ 2018 ਦੌਰਾਨ 839 ਤੇ ਸਾਲ 2019 ਦੌਰਾਨ 15 ਜੂਨ ਤੱਕ 407 ਘਟਨਾਵਾਂ ਵਾਪਰ ਚੁੱਕੀਆਂ ਹਨ।

**ਸਾਢੇ 4 ਸਾਲਾ ਬੱਚੀ ਨਾਲ ਬਲਾਤਕਾਰ-**
ਬਠਿੰਡੇ ਦੇ ਪਿੰਡ ਪਥਰਾਲਾ ਵਿਚ ਸਾਢੇ 4 ਸਾਲ ਦੀ ਮਾਸੂਮ ਬੱਚੀ ਨਾਲ ਜਬਰ ਜਨਾਹ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਥਾਣਾ ਸੰਗਤ ਪੁਲਿਸ ਨੇ ਨਾਬਾਲਗ ਦੋਸ਼ੀ ਵਿਰੁੱਧ ਜਬਰ ਜਨਾਹ ਕਰਨ ਤੇ ਪੋਕਸੋ ਐਕਟ ਦੀਆਂ ਵੱਖ-ਵੱਖ ਧਰਾਵਾਂ ਤਹਿਤ ਪਰਚਾ ਦਰਜ ਕਰ ਲਿਆ ਹੈ। ਜਾਣਕਾਰੀ ਅਨੁਸਾਰ ਮਾਸੂਮ ਬੱਚੀ ਆਪਣੇ ਨੇੜੇ ਦੇ ਇਕ ਘਰ ਵਿਚ ਅਕਸਰ ਖੇਡਣ ਜਾਇਆ ਕਰਦੀ ਸੀ ਤੇ ਅੱਜ ਵੀ ਉਹ ਖੇਡਣ ਲਈ ਗਈ ਸੀ, ਜਿੱਥੇ ਘਰ ਵਿਚ ਮੌਜੂਦ 13 ਸਾਲਾ ਨਾਬਾਲਗ ਲੜਕੇ ਨੇ ਉਸ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਇਆ।

ਰੌਲਾ ਪੈਣ 'ਤੇ ਲੜਕੇ ਨੇ ਕੋਈ ਜ਼ਹਿਰੀਲੀ ਚੀਜ਼ ਨਿਗਲ ਲਈ, ਜਿਸ ਨੂੰ ਇਲਾਜ ਲਈ ਡੱਬਵਾਲੀ ਦੇ ਹਸਪਤਾਲ ਵਿਚ ਲਿਜਾਇਆ ਗਿਆ। ਪੀੜਤ ਬੱਚੀ ਸਿਵਲ ਹਸਪਤਾਲ ਬਠਿੰਡਾ ਜ਼ੇਰੇ ਇਲਾਜ ਹੈ। ਥਾਣਾ ਸੰਗਤ ਦੇ ਐਸ.ਐਚ.ਓ. ਦੇ ਦੱਸਣ ਮੁਤਾਬਿਕ ਲੜਕੇ ਵਿਰੁੱਧ ਪਰਚਾ ਦਰਜ ਕਰ ਲਿਆ ਗਿਆ ਹੈ।

# ਡਰੱਗ ਨਾਲ ਹੋ ਰਹੀ ਹੈ ਪੰਜਾਬੀਆਂ ਦੀ ਨਸਲਕੁਸ਼ੀ, ਮੌਤਾਂ ਕਰ ਰਹੀਆਂ ਨੇ ਕੈਪਟਨ ਦੇ ਦਾਅਵਿਆਂ ਦਾ ਪਰਦਾਫਾਸ਼

**ਵਿਸ਼ੇਸ਼ ਰਿਪੋਰਟ**
ਪੰਜਾਬ ਵਿਚ ਡਰੱਗ ਕਾਰਨ ਪੰਜਾਬੀਆਂ ਦੀ ਨਸਲਕੁਸ਼ੀ ਹੋ ਰਹੀ ਹੈ ਤੇ ਪੰਜਾਬੀਆਂ ਦੀਆਂ ਹੋ ਰਹੀਆਂ ਮੌਤਾਂ ਕੈਪਟਨ ਸਰਕਾਰ ਦੇ ਦਾਅਵਿਆਂ ਦਾ ਪਰਦਾਫਾਸ਼ ਕਰ ਰਹੀਆਂ ਹਨ। ਡਰੱਗ ਕਾਰਨ ਇਕੋ ਦਿਨ ਛੇ ਘਰਾਂ ਦੇ ਬੰਦੇ ਫ਼ਿਰੋਜ਼ਪੁਰ ਦੇ ਮਲਕੀਤ ਸਿੰਘ, ਕਾਬਲ ਸਿੰਘ ਅਤੇ ਰਮਨਦੀਪ ਸਿੰਘ, ਹੁਸ਼ਿਆਰਪੁਰ ਦੇ ਦਸੂਹਾ ਲਾਗੇ ਜਰਨੈਲ ਸਿੰਘ, ਮੋਗਾ ਦੇ ਪਿੰਡ ਡਾਲਾ ਦੇ ਕਬੱਡੀ ਖਿਡਾਰੀ ਅਮਰਜੀਤ ਅਤੇ ਬਠਿੰਡਾ ਦੇ ਪਿੰਡ ਸਲਾਬਤਪੁਰਾ ਵਿਚ ਜਗਦੀਪ ਸਿੰਘ ਆਦਿ ਮਰ ਗਏ। ਇਥੋਂ ਤੱਕ ਲੜਕੀਆਂ ਵੀ ਨਸ਼ਿਆਂ ਦੀ ਲੱਤ ਵਿਚ ਫਸ ਚੁੱਕੀਆਂ ਹਨ। ਪੰਜਾਬ ਦੇ ਨਸ਼ਾ ਛੁਡਾਉਣ ਦੇ ਨਾਮ ਉੱਤੇ ਖੁੱਲ੍ਹੇ ਸੈਂਟਰ ਭ੍ਰਿਸ਼ਟਾਚਾਰ ਦਾ ਕੇਂਦਰ ਹਨ, ਜਿੱਥੇ ਡਰੱਗ ਦੇ ਸ਼ਿਕਾਰ ਮਰੀਜ਼ਾਂ ਨਾਲ ਪਸ਼ੂਆਂ ਵਰਗਾ ਵਿਹਾਰ ਹੁੰਦਾ ਹੈ ਤੇ ਮਾਰਕੁੱਟ ਕੀਤੀ ਜਾਂਦੀ ਹੈ। ਨਿੱਜੀ ਕੰਮ ਵੀ ਕਰਵਾਏ




ਜਾਂਦੇ ਹਨ। ਇਥੋਂ ਤੱਕ ਕਿ ਡਰੱਗ ਪੀੜਤ ਪਰਿਵਾਰਾਂ ਨਾਲ ਠੱਗੀ ਵੀ ਮਾਰੀ ਜਾਂਦੀ ਹੈ। ਪੰਜਾਬ ਪੁਲੀਸ ਵੱਲੋਂ ਵੱਡੀ ਮਾਤਰਾ ਵਿਚ ਫੜੇ ਜਾਣ ਵਾਲੇ ਨਸ਼ੀਲੇ ਪਦਾਰਥਾਂ ਨੂੰ ਸਰਕਾਰ ਦੀ ਸਫ਼ਲਤਾ ਵਜੋਂ ਪੇਸ਼ ਕੀਤਾ ਜਾਂਦਾ ਹੈ, ਪਰ ਅੱਜ ਤੱਕ ਵੱਡਾ ਮੁਜ਼ਰਮ, ਭ੍ਰਿਸ਼ਟ ਪੁਲੀਸ ਅਫ਼ਸਰ, ਸਿਆਸਤਦਾਨ ਨਹੀਂ ਫੜਿਆ ਗਿਆ, ਜੋ ਡਰੱਗ ਦੇ ਜਨਮਦਾਤਾ ਹਨ। ਕੈਪਟਨ ਸਰਕਾਰ ਹੁਣ ਤੱਕ ਬਾਦਲ ਦਲ ਨੂੰ ਬਦਨਾਮ ਕਰਦੀ ਰਹੀ ਹੈ ਕਿ ਉਹ ਨਸ਼ਿਆਂ ਦੇ ਜਨਮਦਾਤਾ ਸਨ। ਪਰ ਉਸ ਦੇ ਰਾਜ ਵਿਚ ਕੀ ਵਾਪਰ ਰਿਹਾ ਹੈ, ਇਹ ਨਸ਼ਿਆਂ ਦਾ ਵੱਡਾ ਵਰਤਾਰਾ ਕੈਪਟਨ ਸਰਕਾਰ ਦੀ ਲਿਆਕਤ 'ਤੇ ਵੱਡਾ ਪ੍ਰਸ਼ਨ ਚਿੰਨ੍ਹ ਹੈ?

ਹਾਲਾਂ ਕਿ 2017 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਕੈਪਟਨ ਨੇ ਗੁਟਕਾ ਸਾਹਿਬ ਹੱਥ ਵਿਚ ਫੜ ਕੇ ਸਰਕਾਰ ਬਣਨ ਉੱਤੇ ਨਸ਼ਿਆਂ ਨੂੰ ਚਾਰ ਹਫ਼ਤਿਆਂ ਵਿਚ ਰੋਕਣ ਲਈ ਵਾਅਦਾ ਕੀਤਾ ਸੀ। ਪਰ ਇਹ ਵਾਅਦਾ ਅਜੇ ਤੱਕ ਪੂਰਾ ਨਹੀਂ ਹੋਇਆ। ਜਾਪਦਾ ਹੈ ਕਿ ਕੈਪਟਨ ਸਰਕਾਰ ਉੱਪਰ ਡਰੱਗ ਮਾਫੀਆ ਭਾਰੂ ਪੈਂਦਾ ਜਾ ਰਿਹਾ ਹੈ। ਜੇਕਰ ਸਰਕਾਰ ਇਮਾਨਦਾਰ ਹੈ ਤਾਂ ਡਰੱਗ ਮਾਫੀਏ ਨੂੰ ਨੱਥ ਪਾਉਣੀ ਚਾਹੀਦੀ ਹੈ। ਪੰਜਾਬ ਵਿਚ ਨਸ਼ਿਆਂ ਨੂੰ ਰੋਕਣ ਤਹਿਤ ਬਣਾਏ ਗਏ ਨਵੇਂ 'ਐਕਸ਼ਨ ਪਲਾਨ' 'ਤੇ ਵਿਚਾਰ-ਚਰਚਾ ਕਰਨ ਲਈ ਬੀਤੇ ਦਿਨੀਂ ਪੰਜਾਬ ਪੁਲਿਸ ਹੈੱਡਕੁਆਟਰ ਵਿਖੇ ਪੰਜਾਬ ਪੁਲਿਸ ਮੁਖੀ ਦਿਨਕਰ ਗੁਪਤਾ ਦੀ ਪ੍ਰਧਾਨਗੀ ਵਿਚ ਪੁਲੀਸ ਅਫ਼ਸਰਾਂ ਦੀ ਮੀਟਿੰਗ ਹੋਈ ਸੀ। ਮੀਟਿੰਗ ਅਨੁਸਾਰ ਪੰਜਾਬ ਨਸ਼ਿਆਂ ਦੇ ਖ਼ਾਤਮੇ ਲਈ ਐਸ.ਟੀ.ਐਫ., ਸਥਾਨਕ ਪੁਲਿਸ, ਇੰਟੈਲੀਜੈਂਸ ਅਤੇ ਹੋਰ ਖ਼ੁਫ਼ੀਆ ਤੰਤਰ ਹੁਣ ਮਿਲ ਜੁਲ ਕੇ ਕੰਮ ਕਰਨਗੇ। ਪੰਜਾਬ ਦੇ ਜਿਨ੍ਹਾਂ 124 ਥਾਣਿਆਂ ਨੂੰ ਨਸ਼ਿਆਂ ਦੇ ਮਾਮਲੇ ਵਿੱਚ ਸੰਵੇਦਨਸ਼ੀਲ ਕਰਾਰ ਦਿੱਤਾ ਗਿਆ ਹੈ ਉਨ੍ਹਾਂ ਵਿੱਚ ਬਾਡਰ ਰੇਂਜ ਦੇ 27 ਥਾਣੇ ਸ਼ਾਮਲ ਹਨ। ਜਿਨ੍ਹਾਂ ਵਿੱਚ ਅੰਮ੍ਰਿਤਸਰ ਸ਼ਹਿਰੀ ਅਤੇ ਅੰਮ੍ਰਿਤਸਰ ਦਿਹਾਤੀ ਦੇ 9 ਥਾਣੇ ਆਉਂਦੇ ਹਨ। ਇਸੇ ਤਰ੍ਹਾਂ ਤਰਨਤਾਰਨ ਜ਼ਿਲ੍ਹੇ ਦੇ 8, ਬਟਾਲਾ ਦੇ 4, ਗੁਰਦਾਸਪੁਰ ਦੇ 5, ਬਠਿੰਡਾ ਦੇ 4, ਮਾਨਸਾ ਦੇ 7, ਫ਼ਿਰੋਜ਼ਪੁਰ ਰੇਂਜ ਦੇ 22 ਥਾਣੇ ਸ਼ਾਮਲ ਹਨ। ਜਿਨ੍ਹਾਂ ਵਿੱਚ ਫਾਜ਼ਿਲਕਾ ਜ਼ਿਲ੍ਹੇ ਦੇ 5, ਫ਼ਰੀਦਕੋਟ ਦੇ 3, ਮੋਗਾ ਦੇ 5, ਲੁਧਿਆਣਾ ਦੇ 9, ਖੰਨਾ ਦੇ 2, ਸ਼ਹੀਦ ਭਗਤ ਸਿੰਘ ਨਗਰ ਦੇ 4, ਜਲੰਧਰ ਅਤੇ ਜਲੰਧਰ ਦਿਹਾਤੀ ਦੇ 16, ਹੁਸ਼ਿਆਰਪੁਰ ਦੇ 4, ਕਪੂਰਥਲਾ ਦੇ 6, ਪਟਿਆਲਾ ਦੇ 3, ਸੰਗਰੂਰ ਦੇ 5, ਬਰਨਾਲਾ ਦਾ

ਬਾਕੀ ਸਫ਼ਾ 28 'ਤੇ

# ਗ਼ਦਰੀ ਬਾਬਾ ਹਰਨਾਮ ਸਿੰਘ

**- ਜਗਦੇਵ ਸਿੰਘ ਗੁੱਜਰਵਾਲ**

ਗ਼ਦਰੀ ਬਾਬਾ ਹਰਨਾਮ ਸਿੰਘ ਦਾ ਜਨਮ ਲੁਧਿਆਣੇ ਜ਼ਿਲ੍ਹੇ ਦੇ ਮਸ਼ਹੂਰ ਤੇ ਗ਼ਦਰੀ ਬਾਬਿਆਂ ਦੇ ਗੜ੍ਹ ਸਮਝੇ ਜਾਂਦੇ ਪਿੰਡ ਗੁੱਜਰਵਾਲ ਵਿਖੇ ਪਿਤਾ ਨਰੈਣ ਸਿੰਘ ਦੇ ਘਰ 1879 ਈਸਵੀ ਵਿੱਚ ਹੋਇਆ ਸੀ। ਉਨ੍ਹਾਂ ਨੇ ਜ਼ਿੰਦਗੀ ਰੂਪੀ ਪਹੀਏ ਨੂੰ ਰੇੜ੍ਹਨ ਲਈ ਪਹਿਲਾਂ ਮਲਾਇਆ (ਮਲੇਸ਼ੀਆ) ਵਿਚ ਜਾ ਕੇ ਨੌਕਰੀ ਕੀਤੀ ਅਤੇ ਫਿਰ ਕੁਝ ਸਮਾਂ ਸਿੰਗਾਪੁਰ ਤੇ ਬਰਮਾ ਵਿਚ ਗੁਜ਼ਾਰਨ ਤੋਂ ਬਾਅਦ ਥੋੜ੍ਹਾ ਸਮਾਂ ਸਰਕਾਰੀ ਤੋਪਖਾਨੇ ਵਿਚ ਵੀ ਕੰਮ ਕੀਤਾ। ਉਨ੍ਹਾਂ ਦਾ ਮਨ ਇਨ੍ਹਾਂ ਕੰਮਾਂ ਵਿਚ ਕਦੇ ਵੀ ਨਾ ਲੱਗਾ ਕਿਉਂਕਿ ਉਹ ਜਦੋਂ ਕਦੇ



ਵੀ ਦੇਸ਼-ਵਿਦੇਸ਼ ਵਿਚ ਗੋਰੇ ਫਿਰੰਗੀਆਂ ਹੱਥੋਂ ਭਾਰਤੀਆਂ ਦੀ ਹੁੰਦੀ ਬੇਇੱਜ਼ਤੀ ਤੇ ਦੁਰਦਸ਼ਾ ਦੇ ਕਿੱਸੇ ਸੁਣਦੇ ਤਾਂ ਉਨ੍ਹਾਂ ਦਾ ਮਨ ਅੰਗਰੇਜ਼ਾਂ ਵਿਰੁੱਧ ਨਫ਼ਰਤ ਨਾਲ ਭਰ ਜਾਂਦਾ ਤੇ ਆਪ ਇਨ੍ਹਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਣ ਦੀਆਂ ਵਿਉਂਤਾਂ ਬਣਾਉਣ ਲੱਗਦੇ।

ਸੰਨ 1913-14 ਵਿੱਚ ਜਦੋਂ ਬਾਬਾ ਗੁਰਦਿੱਤ ਸਿੰਘ (ਸਰਹਾਲੀ) ਵਾਲਿਆਂ ਨੇ ਕੈਨੇਡਾ ਜਾਣ ਦੇ ਚਾਹਵਾਨ ਭਾਰਤੀਆਂ ਲਈ ਜਪਾਨ ਦੀ ਇੱਕ ਕੰਪਨੀ ਤੋਂ ਕਾਮਾਗਾਟਾਮਾਰੂ ਨਾਂ ਦਾ ਜਹਾਜ਼ ਕਿਰਾਏ 'ਤੇ ਲਿਆ ਤਾਂ ਇਸ ਜਹਾਜ਼ ਦੇ 376 ਸਵਾਰਾਂ ਵਿੱਚ ਬਾਬਾ ਹਰਨਾਮ ਸਿੰਘ ਕਾਮਾਗਾਟਾਮਾਰੂ ਵੀ ਸ਼ਾਮਲ ਸਨ। 29 ਸਤੰਬਰ 1914 ਨੂੰ ਜਿਸ ਦਿਨ ਕਲਕੱਤੇ ਨੇੜੇ ਬਜ-ਬਜ ਘਾਟ ਉੱਤੇ ਇਸ ਕਾਮਾਗਾਟਾਮਾਰੂ ਜਹਾਜ਼ ਦੇ ਵੈਨਕੂਵਰ ਤੋਂ ਵਾਪਸ ਮੁੜਨ ਸਮੇਂ ਪੁਲੀਸ ਵੱਲੋਂ ਗੋਲੀ ਚਲਾਈ ਗਈ ਤਾਂ ਬਾਬਾ ਜੀ ਇੱਥੋਂ ਦੌੜ ਕੇ ਜੰਗਲਾਂ ਵਿੱਚ ਜਾ ਲੁਕੇ ਤੇ ਕਈ ਮਹੀਨੇ ਬਾਅਦ ਆਖ਼ਰ 25 ਜੂਨ 1915 ਨੂੰ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪਹਿਲਾਂ ਉਹ ਹਜ਼ਾਰੀ ਬਾਗ ਤੇ ਵੈਲੂਰ ਜੇਲ੍ਹ ਵਿੱਚ ਰਹੇ ਅਤੇ ਫੇਰ ਲੁਧਿਆਣਾ ਦੇ ਘੰਟਾ ਘਰ ਵਾਲੀ ਜੇਲ੍ਹ ਵਿੱਚ ਬੰਦ ਕਰ ਕੇ ਉਨ੍ਹਾਂ 'ਤੇ ਸਰਕਾਰ ਖ਼ਿਲਾਫ਼ ਬਗ਼ਾਵਤ ਕਰਨ ਦੇ ਦੋਸ਼ ਹੇਠ ਮੁਕੱਦਮਾ ਚਲਾਇਆ ਗਿਆ। 30 ਮਾਰਚ 1916 ਨੂੰ ਉਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ। ਜਦੋਂ ਉਹ 15 ਸਾਲਾਂ ਬਾਅਦ ਜੇਲ੍ਹ 'ਚੋਂ ਬਾਹਰ ਆਏ ਤਾਂ ਉਨ੍ਹਾਂ ਨੇ ਪਹਿਲਾਂ ਨਾਲੋਂ ਵੀ ਵਧ-ਚੜ੍ਹ ਕੇ ਆਜ਼ਾਦੀ ਸੰਗਰਾਮ ਦੇ ਕੰਮਾਂ ਵਿੱਚ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਗਲ ਖੱਦਰ ਦਾ ਕੁੜਤਾ ਪਾਈ ਬਾਬਾ ਜੀ ਪਿੰਡ-ਪਿੰਡ, ਮੁਹੱਲੇ-ਮੁਹੱਲੇ 'ਚ ਜਾ ਕੇ ਕੌਮੀ ਪਿਆਰ ਦਾ ਸੁਨੇਹਾ ਦੇਣ ਲੱਗੇ ਅਤੇ ਦੇਸ਼ ਦੀ ਜਨਤਾ ਨੂੰ ਫਿਰੰਗੀਆਂ ਵਿਰੁੱਧ ਉੱਠ ਖਲੋਣ ਲਈ ਵੰਗਾਰਨ ਲੱਗੇ। ਉਹ ਪਿੰਡਾਂ ਵਿੱਚ ਜਾ ਕੇ ਕਾਨਫਰੰਸਾਂ ਤੇ ਦੀਵਾਨਾਂ ਵਿੱਚ ਇਨਕਲਾਬੀ ਕਵਿਤਾਵਾਂ ਅਤੇ ਗੀਤ ਗਾਇਆ ਕਰਦੇ ਸਨ। ਬਾਬਾ ਜੀ ਨੇ ਕਾਫ਼ੀ ਸਮਾਂ ਕਰਤਾਰ ਸਿੰਘ ਸਰਾਭਾ ਨਾਲ ਮਿਲ ਕੇ ਵੀ ਦੇਸ਼ ਸੇਵਾ ਦੇ ਕਾਰਜ ਕੀਤੇ। ਉਹ 19 ਫਰਵਰੀ 1915 ਨੂੰ ਗ਼ਦਰ ਦੀ ਤਾਰੀਖ਼ ਵਾਲੇ ਦਿਨ ਫ਼ਿਰੋਜ਼ਪੁਰ ਵਿਖੇ ਹੋਏ ਇੱਕਠ ਵਿੱਚ ਵੀ ਸ਼ਾਮਲ ਸਨ। ਉਨ੍ਹਾਂ ਨੂੰ ਸੰਨ1932 ਵਿੱਚ ਫਿਰ ਸਰਕਾਰ ਵਿਰੋਧੀ ਤਕਰੀਰਾਂ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਦੇਸ਼ ਦੀ ਅਧੂਰੀ ਆਜ਼ਾਦੀ ਤੋਂ ਬਾਅਦ ਉਹ ਸੰਨ 1953 ਵਿੱਚ ਇਲਾਕੇ ਦੀ ਪੁਰਜ਼ੋਰ ਮੰਗ 'ਤੇ ਗੁਰਦੁਆਰਾ ਸਾਹਿਬ ਦੀਆਂ ਚੋਣਾਂ ਲੜੇ ਅਤੇ ਲੁਧਿਆਣਾ ਤਹਿਸੀਲ ਦੇ ਹਲਕੇ ਵਿੱਚੋਂ ਭਾਰੀ ਵੋਟਾਂ ਨਾਲ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਹੇਰਾਂ ਦੇ ਮੈਂਬਰ ਬਣੇ ਪਰ ਇਸ ਸਭ ਕੁਝ ਦੇ ਬਾਵਜੂਦ ਉਨ੍ਹਾਂ ਨੇ ਆਪਣੀ ਕੋਈ ਨਿੱਜੀ ਜਾਇਦਾਦ ਨਹੀਂ ਬਣਾਈ। ਸਭ ਕੁਝ ਦੇਸ਼-ਕੌਮ ਲਈ ਹੀ ਕੀਤਾ। ਉਹ ਦੇਸ਼ ਸੇਵਾ ਵਿੱਚ ਇਸ ਹੱਦ ਰੁੱਝੇ ਰਹੇ ਕੇ ਮਾਪਿਆਂ ਦੇ ਵਾਰ-ਵਾਰ ਜ਼ੋਰ ਪਾਉਣ ਉਪਰੰਤ ਵੀ ਵਿਆਹ ਨਾ ਕਰਵਾਇਆ। ਅੰਗਰੇਜ਼ ਹਕੂਮਤ ਵਿਰੁੱਧ ਲੜਨ ਵਾਲਾ ਇਨਕਲਾਬੀ ਸੂਰਮਾ ਸੰਤਾਲੀ ਦੀ ਆਜ਼ਾਦੀ ਨੂੰ ਵੀ ਅਧੂਰੀ ਸਮਝਦਾ ਸੀ ਇਸੇ ਕਰ ਕੇ ਉਹ ਆਪਣੇ ਲੋਕਾਂ ਦੇ ਹੱਕਾਂ ਲਈ ਸਥਾਨਕ ਅੰਗਰੇਜ਼ਾਂ ਦੇ ਵਿਰੁੱਧ ਆਖ਼ਰੀ ਸਾਹ ਤਕ ਸੰਘਰਸ਼ਸ਼ੀਲ ਰਹੇ। ਗੁੱਜਰਵਾਲ ਦਾ ਇਹ ਮਹਾਨ ਗ਼ਦਰੀ ਬਾਬਾ 30 ਸਤੰਬਰ 1969 ਵਿਚ ਆਖ਼ਰੀ ਫਤਹਿ ਬੁਲਾ ਗਿਆ ਸੀ।

## ਬਰਤਾਨੀਆ ਦੇ ਸਿੱਖ ਕਾਰੋਬਰੀ ਨਿੰਦਰ ਸਿੰਘ ਜੌਹਲ ਡਿਪਟੀ ਲੈਫਟੀਨੈਂਟ ਨਾਮਜ਼ਦ

**ਲੰਡਨ/ਏਟੀ ਨਿਊਜ਼ :** ਬਰਤਾਨੀਆ ਦੀ ਮਹਾਰਾਣੀ ਵੱਲੋਂ ਵੈਸਟ ਮਿਡਲੈਂਡ ਦੇ ਕਾਰੋਬਾਰੀ ਨਿੰਦਰ ਸਿੰਘ ਜੌਹਲ ਨੂੰ ਹਲਕੇ ਦੇ ਡਿਪਟੀ ਲੈਫਟੀਨੈਂਟ ਵਜੋਂ ਨਾਮਜ਼ਦ ਕੀਤਾ ਗਿਆ ਹੈ। ਇਸ ਪ੍ਰਾਪਤੀ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਨਿੰਦਰ ਸਿੰਘ ਨੇ ਕਿਹਾ ਕਿ ਇਹ ਉਹਨਾਂ ਲਈ ਮਾਣ ਵਾਲੀ ਗੱਲ ਹੈ।

ਨਿੰਦਰ ਸਿੰਘ ਨੇ ਦੱਸਿਆ ਕਿ ਉਹ ਇਕ ਆਮ ਕੰਮ ਕਾਰ ਕਰਨ ਵਾਲੇ ਪਰਿਵਾਰ ਨਾਲ ਸਮੰਧਿਤ 'ਚ ਵੱਡੇ ਹੋਏ। ਉਹ ਸੰਗੀਤਕ ਖੇਤਰ 'ਚ ਵੀ ਉੱਘੇ ਰਹੇ ਹਨ। ਉਨ੍ਹਾਂ ਕਿਹਾ, "ਮੈਂ ਸਿੱਖ ਹਾਂ ਅਤੇ ਮੈਂ ਮਹਿਸੂਸ ਕਰਦਾ ਹਾਂ ਕਿ ਮੇਰੇ ਧਰਮ ਨੇ ਮੇਰੀ ਮਦਦ ਕੀਤੀ ਹੈ, ਕਿਉਂਕਿ ਸਿੱਖ ਧਰਮ ਕਿਸੇ ਨਾਲ ਪੱਖਪਾਤ ਨਹੀਂ ਕਰਦਾ।"

ਉਨ੍ਹਾਂ ਇਹ ਵੀ ਕਿਹਾ ਕਿ ਉਹ ਇਸ ਰੁਤਬੇ ਨੂੰ ਲੈ ਕੇ ਹੈਰਾਨ ਵੀ ਹਨ ਅਤੇ ਖ਼ੁਸ਼ ਵੀ। ਨਿੰਦਰ ਸਿੰਘ ਜੌਹਲ ਨੇ ਕਿਹਾ ਕਿ ਉਹਨਾਂ ਨੂੰ ਉਸ ਸਮੇਂ ਤਕ ਯਕੀਨ ਨਹੀਂ ਸੀ ਆ ਰਿਹਾ ਜਦ ਤਕ ਉਹਨਾਂ ਨੇ ਖ਼ੁਦ ਨੂੰ ਡਿਪਟੀ ਲੈਫਟੀਨੈਂਟ ਦੀ ਵਰਦੀ 'ਚ ਨਹੀਂ ਸੀ ਵੇਖ ਲਿਆ। 56 ਸਾਲਾ ਨਿੰਦਰ ਸਿੰਘ ਲੀਡਜ਼ ਯੂਨੀਵਰਸਿਟੀ ਤੋਂ ਵਿੱਤ ਸਬੰਧੀ ਡਿਗਰੀ ਹਾਸਿਲ ਕਰਕੇ ਅਕਾਊਂਟੈਂਟ ਬਣੇ ਅਤੇ ਉਨ੍ਹਾਂ ਬਾਅਦ 'ਚ ਅਸਟਨ ਯੂਨੀਵਰਸਿਟੀ ਤੋਂ ਐਮਬੀਏ. ਦੀ ਡਿਗਰੀ ਹਾਸਿਲ ਕੀਤੀ।

# ਅੰਤਰ-ਧਰਮ 'ਸੰਵਾਦ' ਦੀ ਸ੍ਰੇਸ਼ਟ ਵੰਨਗੀ ਹੈ ਸਿੱਧ ਗੋਸ਼ਟਿ

**ਗੁਰਤੇਜ ਸਿੰਘ ਠੀਕਰੀਵਾਲਾ (ਡਾ.)**

'ਸੰਵਾਦ' ਇਕ ਸਾਹਿਤਕ ਅਤੇ ਮੰਚ ਸਬੰਧੀ ਉਤਪੰਨ ਸ਼ਬਦ-ਰੂਪ ਹੈ, ਜਿਸ ਦਾ ਅਰਥ ਹੈ ਦੋ ਜਾਂ ਦੋ ਤੋਂ ਵੱਧ ਵਿਅਕਤੀਆਂ ਵਿਚਕਾਰ ਵਿਚਾਰਾਂ ਦਾ ਲਿਖਤੀ ਜਾਂ ਬੋਲਚਾਲੀ ਵਟਾਂਦਰਾ। ਇਸ ਨੂੰ ਸਾਂਝੀ ਜਾਣਕਾਰੀ ਦਾ ਸ੍ਰੋਤ ਕਿਹਾ ਜਾ ਸਕਦਾ ਹੈ ਅਤੇ ਇਹ ਕਲਾ ਹੈ ਨਿਰੰਤਰ ਚਿੰਤਨ ਦੀ। ਇਹ ਵਿਖਿਆਨ ਸ਼ਾਸਤਰ, ਸਾਹਿਤ ਸ਼ਾਸਤਰ ਦਾ ਇਕ ਤੱਤ ਵੀ ਮੰਨਿਆ ਗਿਆ ਹੈ। 'ਸੰਵਾਦ' ਕਿਸੇ ਵੀ ਸਮੇਂ ਵਿੱਚ ਹੋਇਆ, ਸਾਡੇ ਲਈ ਉਸ ਸਮੇਂ ਦੇ ਚਿੰਤਨ ਦੀ ਕਲਾ ਦੇ ਨਮੂਨੇ ਵਜੋਂ ਵੀ ਮਹੱਤਵਪੂਰਨ ਹੈ ਅਤੇ ਉਸ ਵੇਲੇ ਦੀ ਇਤਿਹਾਸਕ ਜਾਣਕਾਰੀ ਉਪਲਬਧ ਕਰਾਉਣ ਲਈ ਇਕ ਸ੍ਰੋਤ ਵੀ ਬਣ ਜਾਂਦਾ ਹੈ। ਅਜੋਕੇ ਵਿਸ਼ਵੀਕਰਨ ਦੇ ਦੌਰ ਵਿੱਚ ਵਿਭਿੰਨ ਧਰਮਾਂ, ਦੇਸ਼ਾਂ, ਸੱਭਿਆਚਾਰਾਂ ਅਤੇ ਮਨੁੱਖਾਂ ਵਿਚਕਾਰ ਸਾਂਝ ਬਣਾਉਣ ਤੇ ਸੁਖਾਵੇਂ ਸਬੰਧ ਪੈਦਾ ਕਰਨ ਲਈ 'ਸੰਵਾਦ' ਰਚਾਉਣਾ ਇਕ ਬਿਹਤਰੀਨ ਜੁਗਤ ਹੈ। ਅੰਤਰ-ਧਰਮ ਸੰਵਾਦ, ਅੰਤਰ-ਰਾਸ਼ਟਰ ਸੰਵਾਦ, ਅੰਤਰ-ਰਾਜ ਸੰਵਾਦ, ਅੰਤਰ-ਸੱਭਿਆਚਾਰ ਸੰਵਾਦ ਪਦ ਅਜਿਹੇ ਸਬੰਧਾਂ ਦੇ ਲਖਾਇਕ ਹਨ।

ਗੁਰੂ ਗ੍ਰੰਥ ਸਾਹਿਬ ਦੇ ਮਾਰੂ ਰਾਗ ਵਿੱਚ 1072-73 ਪੰਨਿਆਂ 'ਤੇ ਆਤਮਾ (ਪਿਰ) ਤੇ ਸਰੀਰ (ਧਨ) ਦਾ ਪਰਾ-ਮਨੋਵਿਗਿਆਨਕ ਸੰਵਾਦ ਅੰਕਿਤ ਹੈ, ਜਿਸ ਵਿੱਚ ਕਰਮਾਂ ਦੇ ਸੰਜੋਗਾਂ ਨਾਲ ਪਿਰ ਤੇ ਧਨ ਦੀ ਇਕੱਤਰਤਾ (ਮਨੁੱਖੀ ਜ਼ਿੰਦਗੀ) ਦੀ ਪ੍ਰਾਪਤੀ ਅਤੇ ਅਖ਼ੀਰ ਧਨ ਦੇ ਤਰਲੇ ਪਾਉਣ 'ਤੇ ਵੀ ਪਿਰ ਦੁਆਰਾ ਅਟੱਲ ਰੱਬੀ ਹੁਕਮ ਵਿੱਚ ਧਨ ਨੂੰ ਛੱਡ ਕੇ (ਮੌਤ ਸਮੇਂ) ਜਾਣ ਬਾਰੇ ਕਹਿਣ ਦਾ ਰਹੱਸਵਾਦੀ ਵਾਰਤਾਲਾਪ ਹੈ।

ਗੁਰੂ ਨਾਨਕ ਦੇਵ ਦੁਆਰਾ ਰਚਿਤ 'ਸਿੱਧ ਗੋਸ਼ਟਿ' ਬਾਣੀ ਅੰਤਰ-ਧਰਮ 'ਸੰਵਾਦ' ਦੀ ਇਕ ਪ੍ਰਤੀਨਿਧ ਰਚਨਾ ਹੈ। ਗੁਰੂ ਗ੍ਰੰਥ ਸਾਹਿਬ ਵਿੱਚ, ਪੰਨਾ 938 ਤੋਂ 946 ਤਕ ਅੰਕਿਤ ਇਹ ਬਾਣੀ ਬਾਹਰੀ ਸੰਵਾਦ ਦੀ ਇਕੋ-ਇਕ ਵੰਨਗੀ ਹੈ। ਬਾਣੀ ਦੀ ਰਚਨਾ ਤੋਂ ਸਿੱਧ ਹੈ ਕਿ ਗੁਰੂ ਨਾਨਕ ਦੇਵ ਨੇ ਆਪਣੇ 'ਜਬ ਲਗ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ' ਦੇ ਸ਼ਬਦਾਂ ਰਾਹੀਂ ਸਤਿ ਸੰਗਤ ਦੇ ਮਾਧਿਅਮ ਹਉਮੈ ਰਹਿਤ ਉਸਾਰੂ ਸੰਵਾਦ ਨੂੰ ਮਨੁੱਖੀ ਸਮਾਜ ਦਾ ਜ਼ਰੂਰੀ ਅਤੇ ਅਨਿੱਖੜ ਅੰਗ ਦਰਸਾਇਆ ਹੈ, ਜਿਸ ਦਾ ਆਧਾਰ ਸ਼ਬਦ ਹੈ। ਮੱਲੋ-ਮੱਲੀ ਚਰਚਾ ਕਰਨ ਦੀ ਬਾਣ ਗੁਰੂ ਨਾਨਕ ਦੇਵ ਦੀ ਜੁਗਤੀ ਦੇ ਉਲਟ ਹੈ। ਸਗੋਂ ਕੋਈ ਐਸਾ ਕੌਤਕ ਵਰਤਾਉਣਾ ਅਤੇ ਦੇਖਣ ਵਾਲੇ ਦੇ ਪੁੱਛਣ 'ਤੇ ਆਪ ਨੇ ਸਾਦੀ ਬੋਲੀ ਵਿੱਚ ਅਜਿਹਾ ਸਾਦਾ ਤੇ ਸੱਚਾ ਉੱਤਰ ਦੇਣਾ ਕਿ ਅਗਲੇ ਨੂੰ ਤੁਰੰਤ ਅਨੁਭਵ ਹੋ ਜਾਵੇ। ਨਿਰਛਲਤਾ ਤੋਂ ਉੱਕਾ ਹੀ ਰਹਿਤ ਸਾਦਗੀ ਭਰਪੂਰ ਇਸ ਸੰਵਾਦ ਜੁਗਤ ਵਿੱਚ ਸਦਾ ਦਿਸਦੀ ਹਾਰ ਵਿੱਚ ਜਿੱਤ ਪ੍ਰਕਾਸ਼ ਹੁੰਦੀ ਸੀ।

ਧਰਮ ਦੀ ਪ੍ਰਕਿਰਤੀ ਅਨੁਸਾਰ ਵਾਦ-ਵਿਵਾਦ ਤੋਂ ਉਪਰ ਉਠ ਕੇ ਸੰਵਾਦ ਰਚਾਉਣ ਤੋਂ ਪਹਿਲਾਂ ਦੀ ਅਵਸਥਾ ਅੰਤਰ-ਆਤਮਾ ਸੰਵਾਦ ਜਾਂ ਸਵੈ-ਪੜਚੋਲੀ ਸੰਵਾਦ ਹੈ। ਬਿਬੇਕ ਬੁੱਧੀ ਇਸ ਦਾ ਆਧਾਰ ਹੈ। ਅੰਤਰ ਆਤਮਨ ਸੰਵਾਦ ਤੋਂ ਬਿਨਾਂ ਰਚਾਇਆ ਬਾਹਰੀ ਸੰਵਾਦ ਮੁਰਦਾ ਅਤੇ ਬੇਜਾਨ ਹੀ ਨਹੀਂ ਸਗੋਂ ਆਪੋ ਆਪਣੀ ਅਹੰਵਾਦੀ ਮਤ ਦਾ ਖੋਖਲਾ ਪ੍ਰਗਟਾਵਾ ਹੈ। ਉੱਤਮ ਤੇ ਸਫਲ ਸੰਵਾਦ ਲਈ ਰੰਗ ਰਤੜੀਆਂ ਰੂਹਾਂ, ਆਤਮ-ਜਿੱਤੇ, ਮਨ-ਜਿੱਤੇ ਪੁਰਸ਼ ਹੀ ਪ੍ਰਵਾਨ ਹਨ। ਅੰਤਰ-ਆਤਮਾ ਸੰਵਾਦ, ਜਿਸ ਵੱਲ ਬਾਬਾ ਫਰੀਦ 'ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰ ਦੇਖ' ਦੇ ਵਾਕ ਰਾਹੀਂ ਵੀ ਸੰਕੇਤ ਕਰਦੇ ਹਨ ਅਤੇ ਬਾਹਰੀ ਸੰਵਾਦ ਵਿੱਚ ਸੰਤੁਲਨ ਤੇ ਇਕਸਾਰਤਾ ਲਈ 'ਨਾਮ' ਦਾ ਮਾਰਗ ਜ਼ਰੂਰੀ ਦਰਸਾਇਆ ਹੈ। 'ਨਾਮ ਰਤੇ ਸਿੱਧ ਗੋਸ਼ਟਿ ਹੋਇ'। ਆਮ ਗੋਸ਼ਟੀਆਂ ਨਾਲੋਂ 'ਸਿੱਧ ਗੋਸ਼ਟਿ' ਦਾ ਜਿੱਥੇ ਵਿਸ਼ੇ ਦੀ ਪ੍ਰਕਿਰਤੀ ਦਾ ਅੰਤਰ ਹੈ, ਉਥੇ ਇਸ ਗੋਸ਼ਟੀ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਸੰਵਾਦ ਰਚਾਉਣ ਵਾਲੇ ਬਿਬੇਕ ਬੁੱਧੀ ਦੇ ਮਾਲਕ ਹਨ, ਆਪੋ ਆਪਣੇ ਧਰਮ ਮਾਰਗਾਂ ਦੀਆਂ ਭਰਪੂਰ ਸ਼ਖ਼ਸੀਅਤਾਂ ਹਨ। ਸੰਵਾਦ ਦੌਰਾਨ ਕਿਤੇ ਵੀ ਕੌੜਾਪਨ ਨਹੀਂ। ਦੋਵੇਂ ਧਿਰਾਂ ਇਕ ਦੂਜੇ ਦੇ ਸਤਿਕਾਰ ਲਈ ਵਚਨਬੱਧ ਹਨ। ਜਿਵੇਂ ਗੁਰੂ ਨਾਨਕ ਦੇਵ ਨੇ 'ਸਾਚ ਕਹਉ ਤੁਮ ਪਾਰਗਰਾਮੀ ਤੁਝ ਕਿਆ ਬੈਸਣੁ ਦੀਜੈ' ਦੇ ਫ਼ੁਰਮਾਨ ਰਾਹੀਂ ਸਿੱਧਾਂ ਦੀ ਸਿੱਧੀ ਦਾ ਸਤਿਕਾਰ ਕੀਤਾ ਅਤੇ ਉਨ੍ਹਾਂ ਦੀ ਸਮਝ ਸਮਰੱਥਾ ਨੂੰ ਪ੍ਰਵਾਨ ਕੀਤਾ, ਉਨ੍ਹਾਂ ਨੂੰ ਜਗਤ ਦੇ ਪਾਰ-ਉਤਾਰਨ ਲਈ ਸਮਰਥ ਪ੍ਰਵਾਨ ਵੀ ਕੀਤਾ।

ਗੁਰੂ ਨਾਨਕ ਦੇਵ ਦੀਆਂ ਸਿੱਧਾਂ ਨਾਲ ਹੋਈਆਂ ਚਾਰ ਗੋਸ਼ਟੀਆਂ ਵਿੱਚੋਂ ਦੋ ਪ੍ਰਮੁੱਖ ਹਨ। ਇਕ ਸੁਮੇਰ ਪਰਬਤ ਉਪਰ ਅਤੇ ਦੂਸਰੀ ਅਚਲ ਬਟਾਲੇ ਵਾਲੀ। ਸੁਮੇਰ ਪਰਬਤ 'ਤੇ ਹੋਈ ਗੋਸ਼ਟੀ ਨੂੰ ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿੱਚ ਕਲਮਬੱਧ ਕੀਤਾ ਹੈ, ਪਰ ਇਸ ਵਿੱਚ 'ਗੋਸ਼ਟਿ' ਦਾ ਜ਼ਿਕਰ ਨਹੀਂ ਕੇਵਲ 'ਸ਼ਬਦ ਜਿੱਤੀ ਸਿੱਧ ਮੰਡਲੀ' ਦੇ ਵਾਕ ਹਨ। ਜੋ ਇਸ ਗੱਲ ਦਾ ਵੀ ਪ੍ਰਮਾਣ ਹੈ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 'ਸਿੱਧ ਗੋਸ਼ਟਿ' ਸੁਮੇਰ ਪਰਬਤ 'ਤੇ ਨਹੀਂ ਹੋਈ। ਸੁਮੇਰ ਦੇ ਸਿੱਧ ਓਹ ਸਨ, ਜਿਹੜੇ ਦੁਨੀਆਂ ਨਾਲੋਂ ਨਾਤਾ ਤੋੜ ਪਰਬਤੀਂ ਛੁਪੇ ਬੈਠੇ ਸਨ ਅਤੇ ਅਚੱਲ ਬਟਾਲੇ ਓਹ ਸਿੱਧ ਸਨ, ਜਿਹੜੇ ਮੈਦਾਨਾਂ ਵਿੱਚ ਵੀ ਤੁਰਦੇ-ਫਿਰਦੇ ਸਨ। ਗੁਰੂ ਨਾਨਕ ਦੇਵ ਉਨ੍ਹਾਂ ਥਾਵਾਂ ਉਪਰ ਅਤੇ ਉਨ੍ਹਾਂ ਵਿਸ਼ੇਸ਼ ਵਿਅਕਤੀਆਂ ਕੋਲ ਗਏ ਜਿੱਥੇ ਆਮ ਲੋਕਾਂ ਦਾ ਜਾਣਾ ਅਸੰਭਵ ਸੀ। ਆਮ ਲੋਕ ਆਪ ਹੀ ਗੁਰੂ ਸਾਹਿਬ ਦੇ ਵਚਨਾਂ ਅਤੇ ਕੌਤਕਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਦੁਆਲੇ ਆ ਜੁੜਦੇ ਸਨ। ਜਦੋਂ ਗੁਰੂ ਸਾਹਿਬ ਸੁਮੇਰ ਪਰਬਤ ਉਪਰ ਸਿੱਧਾਂ ਕੋਲ ਪਹੁੰਚੇ ਤਾਂ ਸਿੱਧਾਂ ਦਾ ਪਹਿਲਾ ਪ੍ਰਸ਼ਨ ਸੀ ਕਿ ਤੁਸੀਂ ਇੱਥੇ ਕਿਵੇਂ ਆਏ ? ਤੁਹਾਨੂੰ ਕਿਹੜੀ ਸ਼ਕਤੀ ਜਾਂ ਕਰਾਮਾਤ ਇੱਥੇ ਲੈ ਕੇ ਆਈ ਹੈ ? ਜਦ ਅਚਲ ਬਟਾਲੇ ਗੋਸ਼ਟੀ ਵਿੱਚ ਸਿੱਧ, ਗੁਰੂ ਸਾਹਿਬ ਦੇ ਦਰਸ਼ਨ ਦੇ ਕਾਇਲ ਹੋਏ ਤਾਂ ਉਦੋਂ ਵੀ ਸਿੱਧਾਂ ਦਾ ਇਹੀ ਸਵਾਲ ਸੀ ਕਿ ਤੁਸੀਂ ਜਗਤ ਨੂੰ ਕਿਹੜੀ ਕਰਾਮਾਤ ਦਿਖਾਈ ਹੈ ਅਤੇ ਬਿਨਾਂ ਕਿਸੇ ਦੇਰੀ ਅਜਿਹੀ ਕਰਾਮਾਤ ਸਾਨੂੰ ਵੀ ਦਿਖਾਓ ? ਗੁਰੂ ਸਾਹਿਬ ਦਾ ਉੱਤਰ ਇਹੀ ਸੀ 'ਬਾਝੁ ਸਚੇ ਨਾਮ ਦੇ




ਹੋਰ ਕਰਾਮਾਤ ਅਸਾਂ ਤੇ ਨਾਹੀਂ' ਅਤੇ 'ਗੁਰ ਸੰਗਤ ਬਾਣੀ ਬਿਨਾਂ ਦੂਜੀ ਓਟ ਨਹੀ ਹੈ ਰਾਈਂ'। ਗਿਆਨ ਗੋਸ਼ਟੀਆਂ ਲਈ ਉਸ ਵੇਲੇ ਸਿੱਧ ਲੋਕ ਪ੍ਰਸਿੱਧ ਸਨ, ਪਰ ਇਨ੍ਹਾਂ ਦੀ ਗ੍ਰਹਿਸਤ ਮਾਰਗ ਅਤੇ ਸਮਾਜ ਤੋਂ ਦੂਰ ਰਹਿਣ ਦੀ ਪ੍ਰਵਿਰਤੀ ਕਾਰਨ ਅਜਿਹੇ ਗਿਆਨ ਦੀ ਆਮ ਲੋਕਾਂ ਲਈ ਕੋਈ ਸਾਰਥਕਤਾ ਨਹੀਂ ਸੀ। ਗੁਰੂ ਨਾਨਕ ਦੇਵ ਦਾ ਸੁਮੇਰ ਪਰਬਤ ਸਥਿਤ ਸਿੱਧਾਂ ਨੂੰ ਇਹੀ ਸਵਾਲ ਸੀ ਕਿ ਤੁਸੀ ਪਰਬਤਾਂ ਵਿੱਚ ਛੁਪੇ ਬੈਠੇ ਹੋ, ਸੰਸਾਰ ਨੂੰ ਰਾਹ ਕੌਣ ਵਿਖਾਏਗਾ ?

'ਸਿੱਧ ਗੋਸ਼ਟਿ' ਪਿੰਡ ਅਚਲ (ਬਟਾਲਾ ਨੇੜੇ ਹੋਣ ਕਰਕੇ ਅਚਲ ਬਟਾਲਾ ਪ੍ਰਸਿੱਧ ਹੈ) ਬਟਾਲੇ ਨੇੜੇ ਜ਼ਿਲ੍ਹਾ ਗੁਰਦਾਸਪੁਰ ਵਿੱਚ ਸ਼ਿਵਰਾਤ ਦੇ ਮੇਲੇ ਦੇ ਅਵਸਰ 'ਤੇ ਹੋਈ। ਗੁਰੂ ਗ੍ਰੰਥ ਸਾਹਿਬ ਵਿੱਚ ਰਾਮਕਲੀ ਰਾਗ ਦੀ ਬਾਣੀ 'ਸਿੱਧ ਗੋਸ਼ਟਿ' ਗੁਰੂ ਨਾਨਕ ਦੇਵ ਅਤੇ ਸਿੱਧਾਂ ਵਿਚਕਾਰ ਹੋਏ ਸੰਵਾਦ ਦਾ ਲਿਖਤੀ ਰੂਪ ਹੈ। ਬਾਣੀ ਦੀ ਪਹਿਲੀ ਪੰਕਤੀ 'ਸਿੱਧ ਸਭਾ ਕਰਿ ਆਸਣਿ ਬੈਠੇ ਸੰਤ ਸਭਾ ਜੈਕਾਰੋ' ਅਨੁਸਾਰ ਇਹ ਸੰਵਾਦ 'ਸੰਤ ਸਭਾ' ਅਤੇ 'ਸਿੱਧ ਸਭਾ' ਵਿਚਕਾਰ ਸੀ ਅਤੇ ਗੁਰੂ ਨਾਨਕ ਦੇਵ 'ਸੰਤ ਸਭਾ' ਦੀ ਅਗਵਾਈ ਕਰ ਰਹੇ ਸਨ। ਇਸ ਬਾਣੀ ਵਿੱਚ ਗੁਰੂ ਨਾਨਕ ਦੇਵ ਨੇ ਅਗੰਮ 'ਪਾਰਬ੍ਰਹਮ' ਦੀ ਗੰਮਤਾ ਹੋਣ ਕਰਕੇ ਪ੍ਰਾਪਤ ਗਿਆਨ ਨੂੰ ਸਿੱਧਾਂ ਦੀਆਂ ਪ੍ਰਸ਼ਨੋਤਰੀਆਂ ਵੇਲੇ ਪ੍ਰਕਾਸ਼ ਕੀਤਾ। ਇਸ ਗੋਸ਼ਟੀ ਵਿੱਚ ਸਿੱਧ ਪ੍ਰਸ਼ਨਕਰਤਾ ਅਤੇ ਗੁਰੂ ਸਾਹਿਬ ਉਤਰਦਾਤਾ ਹਨ। ਗੋਸ਼ਟੀ ਹੋਣ ਦਾ ਕਾਰਨ ਕੀ ਸੀ ? ਭਾਈ ਗੁਰਦਾਸ ਅਨੁਸਾਰ ਗੁਰੂ ਨਾਨਕ ਦੇਵ ਸ਼ਿਵਰਾਤ ਦੇ ਮੇਲੇ 'ਤੇ ਅਚੱਲ ਬਟਾਲੇ ਆਏ। ਆਪਣੇ ਮੱਤ ਦੀ ਪਰੰਪਰਾ ਅਨੁਸਾਰ ਸਿੱਧ ਜੋਗੀ ਪਹਿਲਾਂ ਤੋਂ ਹੀ ਉਥੇ ਆਪਣੀ ਸਭਾ ਲਾਇਆ ਕਰਦੇ ਸਨ। 'ਨਾਨਕ ਆਇਆ' ਸੁਣ ਕੇ ਮੇਲੇ ਵਿੱਚ ਆਏ ਲੋਕ ਗੁਰੂ ਸਾਹਿਬ ਦੇ ਦਰਸ਼ਨਾਂ ਵੱਲ ਖਿੱਚੇ ਗਏ। ਇਹ ਵੇਖ ਸਿੱਧ ਤਣਾਅ ਵਿੱਚ ਆ ਕੇ ਲੋਕਾਂ 'ਤੇ ਰਿਧੀਆਂ-ਸਿਧੀਆਂ ਵਰਤਾਉਣ ਲੱਗੇ। ਮੇਲੇ 'ਤੇ ਰਾਸ ਧਾਰੀਏ ਰਾਸ ਪਾ ਰਹੇ ਸਨ। ਸਿੱਧਾਂ ਨੇ ਆਪਣੀ ਕਲਾ ਨਾਲ ਉਨ੍ਹਾਂ ਦਾ ਪੈਸਿਆਂ ਵਾਲਾ ਲੋਟਾ ਛੁਪਾ ਦਿੱਤਾ। ਰਾਸ ਧਾਰੀਆਂ ਨੂੰ ਰਾਸ ਭੁੱਲ ਗਈ ਤੇ ਰਾਸ ਫਿੱਕੀ ਪੈ ਗਈ। ਦਰਸ਼ਕਾਂ ਦੁਆਰਾ ਰੌਲਾ ਪਾਉਣ 'ਤੇ ਸਿੱਧਾਂ ਨੇ ਕਿਹਾ ਕਿ ਤੁਸੀਂ ਸਾਰੇ ਸਾਨੂੰ ਛੱਡ ਕੇ ਨਾਨਕ ਤਪੇ ਵੱਲ ਚਲੇ ਗਏ, ਹੁਣ ਜਾਓ ਨਾਨਕ ਕੋਲ ਤੁਹਾਨੂੰ ਲੋਟਾ ਲੱਭ ਦੇਵੇ, ਫੇਰ ਪਤਾ ਲੱਗੂ ਸਮਰਥ ਅਸੀਂ ਹਾਂ ਕਿ ਗੁਰੂ ਨਾਨਕ। ਰਾਸ ਧਾਰੀਏ ਅਤੇ ਲੋਕ ਗੁਰੂ ਨਾਨਕ ਦੇਵ ਵੱਲ ਤੁਰ ਪਏ ਅਤੇ ਜੋ ਜੋਗੀਆਂ ਨੇ ਕੀਤਾ, ਸਭ ਨੇ ਦੱਸਿਆ। ਗੁਰੂ ਸਾਹਿਬ ਨੇ ਇਹ ਕਹਿੰਦਿਆਂ ਕਿ ਲੋਟਾ ਛੁਪਾਉਣਾ ਤੇ ਲੱਭਣਾ ਰੱਬੀ ਪਿਆਰ ਦੀ ਨਿਸ਼ਾਨੀ ਨਾ ਹੋ ਕੇ ਥੋੜ੍ਹੀ ਇਕਾਗਰਤਾ ਨਾਲ ਪ੍ਰਾਪਤ ਹੋਣ ਵਾਲੀਆਂ ਖੇਡਾਂ ਹਨ, ਆਪਣੀ ਦਿਬ-ਦ੍ਰਿਸ਼ਟੀ ਨਾਲ ਲੋਟਾ ਲਭਾਉਣ ਵਿੱਚ ਲੋਕਾਂ ਦੀ ਸਹਾਇਤਾ ਕੀਤੀ। ਉਪਰੰਤ ਸਿੱਧਾਂ ਨੇ ਇਸ ਨੂੰ ਆਪਣੀ ਵਡਿਆਈ ਲਈ ਵੱਡੀ ਸੱਟ ਸਮਝੀ ਤੇ ਕ੍ਰੋਧਿਤ ਹੋ ਕੇ ਗੁਰੂ ਨਾਨਕ ਦੇਵ ਨਾਲ ਗੋਸ਼ਟੀ ਕਰਨ ਵਾਸਤੇ ਉਠ ਕੇ ਆਏ। 'ਖਾਧੀ ਖੁਣਸ ਜੋਗੀਸਰਾ ਗੋਸ਼ਟ ਕਰਨ ਸਭੇ ਉਠ ਆਈਂ'। ਇਹ ਵੀ ਵਿਚਾਰਨਯੋਗ ਹੈ ਕਿ ਸਿੱਧਾਂ ਲਈ ਕਰਾਮਾਤ ਹੀ ਸਿਰਮੌਰ ਜੁਗਤੀ ਸੀ। ਇਸ ਲਈ ਜਦ ਉਨ੍ਹਾਂ ਆਪਣੀ ਕੀਤੀ ਕਰਾਮਾਤ 'ਤੇ ਗੁਰੂ ਨਾਨਕ ਦੇਵ ਦਾ ਪ੍ਰਤਿਕਰਮ ਡਿੱਠਾ ਤਾਂ ਉਹ ਚਾਹੇ ਕ੍ਰੋਧਿਤ ਹੋ ਕੇ ਹੀ ਸਹੀ, ਗੁਰੂ ਨਾਨਕ ਦੇਵ ਵੱਲ ਆਏ।

ਗੁਰੂ ਨਾਨਕ ਦੇਵ ਲਈ ਕਰਾਮਾਤ ਦੀ ਕੋਈ ਅਹਿਮੀਅਤ ਨਹੀਂ ਸੀ। ਉਨ੍ਹਾਂ ਲਈ ਰੱਬੀ ਨਾਮ ਅਤੇ ਰਜ਼ਾ ਸਰਬੋਤਮ ਸੀ। ਭਾਈ ਗੁਰਦਾਸ ਦੇ ਸ਼ਬਦਾਂ ਵਿੱਚ ਗੁਰੂ ਨਾਨਕ ਦੇਵ ਦੇ ਸੂਰਜ ਸਮਾਨ ਤੇਜ਼ ਪ੍ਰਕਾਸ਼ ਸਾਹਮਣੇ ਤਾਰੇ ਛਿਪਣ ਵਾਂਗ ਹੋਰ ਧਾਰਮਿਕ ਪਰੰਪਰਾਵਾਂ ਦਾ ਗਿਆਨ ਮੱਧਮ ਪੈ ਰਿਹਾ ਸੀ। ਇਸ ਸਬੰਧ ਵਿੱਚ ਗੁਰੂ ਨਾਨਕ ਦੇਵ ਦੇ ਦਰਬਾਰ ਵਿੱਚ ਗਿਆਨ ਗੋਸ਼ਟੀਆਂ ਦੀ ਪਰੰਪਰਾ ਉਲੇਖਯੋਗ ਹੈ।

ਇਸ ਗੋਸ਼ਟੀ ਵਿੱਚ ਨਾਮ, ਸ਼ਬਦ, ਗੁਰੂ, ਆਤਮਾ-ਪ੍ਰਮਾਤਮਾ, ਹਉਮੈ, ਸ੍ਰਿਸ਼ਟੀ, ਸੰਸਾਰ, ਜੀਵ, ਮਨਮੁਖ, ਗੁਰਮੁਖ, ਉਦਾਸੀ ਮਾਰਗ, ਗ੍ਰਹਿਸਤ ਮਾਰਗ ਅਤੇ ਹੋਰ ਅਧਿਆਤਮਕ ਵਿਸ਼ਿਆਂ ਉਪਰ ਚਰਚਾ ਹੋਈ। ਸਿੱਧ ਹਠ, ਤਪ, ਨਾਟਕ, ਚੇਟਕ ਦੇ ਤਰੀਕੇ ਛਿਆਂ ਦਰਸ਼ਨਾਂ (ਵਿਸ਼ੇਸ਼ਕ, ਮੀਮਾਂਸਾ, ਨਿਆਇ, ਸਾਂਖ, ਯੋਗ ਅਤੇ ਵੇਦਾਂਤ) ਵਿੱਚੋਂ ਆਪਣੇ ਯੋਗ ਦਰਸ਼ਨ ਦੀ ਉੱਤਮਤਾ ਦਰਸਾਉਂਦੇ ਹਨ ਅਤੇ ਕਾਲ ਦੀ ਚੋਟ ਤੋਂ ਬਚਣ ਲਈ ਗੁਰੂ ਜੀ ਨੂੰ ਜੋਗ ਮੱਤ ਧਾਰਨ ਕਰਨ ਲਈ ਕਹਿ ਰਹੇ ਹਨ। ਗੁਰੂ ਜੀ ਸਿੱਧਾਂ ਦੇ ਬਾਹਰੀ ਭੇਖ ਅਤੇ ਜੋਗ ਦੀ ਥਾਂ ਪਾਣੀ ਵਿੱਚ ਅਭਿਜ ਕਮਲ ਦੇ ਫੁੱਲ ਵਾਂਗ ਗ੍ਰਹਿਸਤ ਵਿੱਚ ਮਾਇਆਵੀ ਬਿਰਤੀ ਤੋਂ ਉਪਰ ਰਹਿੰਦਿਆਂ ਸਦਗੁਣ ਧਾਰਨ ਕਰਨ ਦਾ ਆਦਰਸ਼ ਦਰਸਾਉਂਦੇ ਹੋਏ 'ਸ਼ਬਦ ਗੁਰੂ' ਅਤੇ 'ਸੁਰਤਿ ਧੁਨਿ ਚੇਲਾ' ਦੇ ਸਿਧਾਂਤ ਨੂੰ ਪ੍ਰਕਾਸ਼ਮਾਨ ਕਰਦੇ ਹਨ। ਸਿੱਧ ਗੋਸ਼ਟਿ ਦਾ ਅੰਤ ਅਤੇ ਨਤੀਜਾ ਕੀ ਹੋਇਆ ? 'ਸਿੱਧ ਗੋਸ਼ਟਿ' ਦੀ ਅਖ਼ੀਰਲੀ ਪਉੜੀ ਅਨੁਸਾਰ ਨਾ ਕੇਵਲ ਸਿੱਧ, ਸਗੋਂ ਛੇ ਦਰਸ਼ਨਾਂ ਦੇ ਪੰਡਤ ਵੀ ਗੁਰੂ ਸਾਹਿਬ ਦੁਆਰਾ ਦਰਸਾਏ 'ਨਾਮ-ਮਾਰਗ' ਅਤੇ 'ਈਸ਼ਵਰ' ਦੇ ਦਰਸ਼ਨ (ਫ਼ਿਲਾਸਫ਼ੀ, ਮੱਤ) ਦੇ ਕਾਇਲ ਹੋਏ। ਇਤਿਹਾਸਕ ਗਵਾਹੀਆਂ ਅਨੁਸਾਰ ਇਹ ਮੇਲਾ ਪੁਰਾਤਨ ਸਮੇਂ ਤੋਂ 14 ਵਦੀ ਫੱਗਣ ਨੂੰ ਲਗਦਾ ਸੀ, ਪਰ ਇੱਥੇ ਗੁਰੂ ਸਾਹਿਬ ਦੀ ਸਿੱਧਾਂ ਨਾਲ ਹੋਈ ਗੋਸ਼ਟੀ ਤੋਂ ਬਾਅਦ ਇਹ ਮੇਲਾ ਨੌਵੀਂ ਦਸਵੀਂ ਸੁਦੀ ਕੱਤਕ ਨੂੰ ਭਰਨ ਲੱਗਿਆ। ਜਿਸ ਤੋਂ ਸਾਫ਼ ਹੈ ਕਿ ਸਿੱਧਾਂ ਦੀ ਹੋਈ ਵਿਚਾਰਧਾਰਕ ਹਾਰ ਲੋਕ ਮਾਨਸਿਕਤਾ ਵਿੱਚ ਇੰਨੀ ਡੂੰਘੀ ਉਕਰੀ ਕਿ ਉਸ ਤੋਂ ਬਾਅਦ ਇੱਥੇ ਸ਼ਿਵਰਾਤ ਦਾ ਮੇਲਾ ਬੰਦ ਹੋ ਗਿਆ।

ਗੁਰੂ ਨਾਨਕ ਦੇਵ ਦੀਆਂ ਗੋਸ਼ਟੀਆਂ ਤੋਂ ਜੋ ਸੇਧ ਮਿਲਦੀ ਹੈ ਉਹ ਇਹ ਕਿ ਸੰਵਾਦ ਰਚਾਉਣ ਲਈ ਜਿੱਥੇ ਸਹਿਜ ਅਤੇ ਗਿਆਨ ਹੋਣਾ ਜ਼ਰੂਰੀ ਹੈ, ਉਥੇ ਸਹਿਣਸ਼ੀਲਤਾ, ਸੰਜਮ, ਨਿਮਰਤਾ ਆਦਿ ਨੈਤਿਕ ਗੁਣਾਂ ਦਾ ਹੋਣਾ ਵੀ ਜ਼ਰੂਰੀ ਹੈ। ਨੀਵੀਂ ਸੁਰ ਵਿੱਚ ਉੱਚੇ ਵਿਚਾਰਾਂ ਦਾ ਵਟਾਂਦਰਾ ਸੰਵਾਦ ਦਾ ਵਿਸ਼ੇਸ਼ ਗੁਣ ਹੋਣਾ ਚਾਹੀਦਾ ਹੈ। ਦੂਸਰੀ ਧਿਰ ਨੂੰ ਬਣਦੀ ਯੋਗ ਮਾਨਤਾ ਦੇ ਕੇ ਅਤੇ ਬਿਬੇਕ ਬੁੱਧ ਨੂੰ ਆਧਾਰ ਬਣਾ ਕੇ ਸੰਵਾਦ ਰਚਾਇਆ ਜਾਵੇ ਤਾਂ ਗੋਸ਼ਟੀਆਂ ਦੇ ਨਤੀਜੇ ਸਾਰਥਕ, ਸਿਹਤਮੰਦ ਅਤੇ ਉਸਾਰੂ ਨਿਕਲ ਸਕਦੇ ਹਨ।

**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹੀ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਸਾਹਿਬ ਦਾ ਫਲਸਫਾ ਤੇ ਸਿੱਖ ਕੌਮ ਦੀ ਅੱਡਰੀ ਹੋਂਦ ਹਸਤੀ

**ਮਹਿੰਦਰ ਸਿੰਘ (ਯੂਕੇ)**




ਸਿੱਖਾਂ ਦੀ ਵੱਖਰੀ ਕੌਮੀ ਹੋਂਦ ਨੂੰ ਨਕਾਰਨ ਲਈ ਹਿੰਦੂ ਰਾਸ਼ਟਰ ਦੇ ਵਫਾਦਾਰ ਬੜੀਆਂ ਅਜੀਬ ਜਿਹੀਆਂ ਦਲੀਲਾਂ ਦਿੰਦੇ ਹਨ, ਜਿਨਾਂ ਵਿੱਚੋਂ ਇੱਕ ਦਲੀਲ ਇਹ ਵੀ ਦਿੱਤੀ ਜਾਂਦੀ ਹੈ ਕਿ ਸਿੱਖੀ ਦਾ ਸੁਨੇਹਾ ਪੂਰੀ ਦੁਨੀਆ ਲਈ ਹੈ, ਪਰ ਸਿੱਖ ਇੱਕ ਵੱਖਰੀ ਕੌਮ ਦੇ ਸਿਧਾਂਤ ਵਾਲੇ ਕੱਟੜਵਾਦੀ ਲੋਕ ਇਸ ਨੂੰ ਇੱਕ ਇਲਾਕੇ, ਇੱਕ ਭਾਸ਼ਾ ਤੇ ਇੱਕ ਦੇਸ਼ ਦੀਆਂ ਸੀਮਤ ਹੱਦਾਂ ਵਿੱਚ ਕੈਦ ਕਰ ਦੇਣਾ ਚਾਹੁੰਦੇ ਹਨ। ਇਸੇ ਤਰਾਂ ਸਿੱਖ ਕੌਮ ਦੀ ਅੱਡਰੀ ਹੋਂਦ ਹਸਤੀ ਦਾ ਮਲੀਆਮੇਟ ਕਰਨ ਲਈ ਅਤੇ ਸੁਤੰਤਰ ਸਿੱਖ ਧਰਮ ਦੇ ਨਿਆਰੇਪਣ ਦਾ ਹਿੰਦੂਕਰਨ ਕਰਨ ਲਈ ਆਰ. ਐਸ. ਐਸ. ਤੇ ਭਾਜਪਾ ਦੀ ਹਿੰਦੂਤਵੀ ਸਰਕਾਰ ਰਾਸ਼ਟਰੀ ਸਿੱਖ ਸੰਗਤ ਦੇ ਬੈਨਰ ਦੇ ਹੇਠ ਗੁਰੂ ਨਾਨਕ ਸਾਹਿਬ ਦਾ 550ਵਾਂ ਪ੍ਰਕਾਸ਼ ਪੁਰਬ ਮਨਾਉਣ ਲਈ ਸਿੱਖ ਵਿਰੋਧੀ ਸੰਸਥਾਵਾਂ ਨੂੰ ਕਰੋੜਾਂ ਰੁਪਈਆਂ ਦਾ ਫੰਡ ਮੁਹੱਈਆ ਕਰਵਾ ਰਹੀਆਂ ਹਨ। ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਪੁਰਬ ਨੂੰ ਵਿਸ਼ਵ ਭਾਈਚਾਰੇ ਦਿਵਸ ਵਜੋਂ ਮਨਾਉਣ ਲਈ ਪੈਸਾ ਪਾਣੀ ਵਾਂਗ ਰੋੜਿਆ ਜਾ ਰਿਹਾ ਹੈ। ਹਿੰਦੂਤਵੀਆਂ ਦਾ ਤਰਕ ਹੈ ਕਿ ਗੁਰੂ ਨਾਨਕ ਦੇਵ ਜੀ ਹਿੰਦੂ ਸਨ, ਸਿੱਖ ਧਰਮ ਹਿੰਦੂ ਧਰਮ ਦੀ ਹੀ ਇੱਕ ਸ਼ਾਖਾ ਹੈ ਅਤੇ ਸਿੱਖ ਇੱਕ ਵੱਡੇ ਹਿੰਦੂ ਦਰੱਖਤ ਦੀ ਟਾਹਣੀ ਹਨ ਪਰ ਦੁਨੀਆ ਦੇ ਧਰਮਾਂ ਦੀ ਬੁਨਿਆਦ ਦੇ ਇਤਿਹਾਸ ਪੜਨ ਤੋਂ ਬਾਅਦ ਹਿੰਦੂਤਵੀਆਂ ਦੀ ਗੁਰੂ ਨਾਨਕ ਨੂੰ ਹਿੰਦੂ ਸਿੱਧ ਕਰਨ ਦੀ ਤਜਵੀਜ਼ ਵਿਚ ਕੋਈ ਵਜ਼ਨ ਨਹੀਂ ਰਹਿ ਜਾਂਦਾ। ਜਦੋਂ ਗੁਰੂ ਨਾਨਕ ਨੇ ਹਿੰਦੂ ਪਰਵਾਰ ਵਿੱਚ ਜਨਮ ਲਿਆ ਉਦੋਂ ਹਿੰਦੂ ਧਰਮ ਵਹਿਮਾਂ, ਭਰਮਾਂ ਤੇ ਕਰਮਕਾਂਡਾਂ ਅਤੇ ਬੁੱਤ ਪੂਜਕਾਂ ਦਾ ਧਰਮ ਬਣ ਕੇ ਰਹਿ ਗਿਆ ਸੀ। ਹਜਰਤ ਮੂਸਾ ਬੁੱਤਪ੍ਰਸਤਾਂ ਦੇ ਘਰ ਪੈਦਾ ਹੋਏ ਅਤੇ ਉਨਾਂ ਨੇ ਯਾਹੂਦੀ ਧਰਮ ਦੀ ਬੁਨਿਆਦ ਰੱਖੀ ਜੋ ਬੁਤਪ੍ਰਸਤੀ ਦੇ ਸਖਤ ਉਲਟ ਹੈ।

ਯਾਹੂਦੀਆਂ ਦੇ ਘਰ ਹਜਰਤ ਈਸਾ ਜੀ ਪੈਦਾ ਹੋਏ ਜਿਨਾਂ ਨੇ ਈਸਾਈ ਧਰਮ ਦੀ ਬੁਨਿਆਦ ਰੱਖੀ। ਹਜਰਤ ਮੁਹੰਮਦ ਸਾਹਿਬ ਕੁਰੈਸ਼ੀਆਂ ਦੇ ਘਰ ਪੈਦਾ ਹੋਏ ਅਤੇ ਉਨਾਂ ਨੇ ਮੁਸਲਮਾਨ ਧਰਮ ਦੀ ਬੁਨਿਆਦ ਰੱਖੀ। ਜਦ ਇਹ ਸਾਰੇ ਇੱਕ ਦੂਜੇ ਨਾਲੋਂ ਵੱਖਰੇ ਧਰਮ ਦੀ ਨੀਂਹ ਰੱਖ ਸਕਦੇ ਸਨ ਤਾਂ ਅਸੀਂ ਵੀ ਨਿਰਸੰਦੇਹ ਆਖ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਹਿੰਦੂ ਘਰ ਵਿਚ ਪੈਦਾ ਹੋ ਕੇ ਇੱਕ ਨਵੇਂ ਪੰਥ, ਧਰਮ ਤੇ ਰਾਜਨੀਤੀ ਦੀ ਬੁਨਿਆਦ ਰੱਖੀ ਜਿਸ ਨੂੰ ਅਸੀਂ ਸਿੱਖ ਧਰਮ ਕਹਿੰਦੇ ਹਾਂ। ਇਹ ਸਿੱਖ ਧਰਮ ਸਾਜਿਆ ਧਰਮ ਹੈ ਅਤੇ ਇਸ ਦਾ ਕੌਮੀ ਸਰੂਪ ਖਾਲਸਾ ਪੰਥ ਹੈ।

ਹਿੰਦੂ ਧਰਮ ਦਾ ਰਵਾਇਤੀ ਹਿੰਦੂ ਸੰਕਲਪ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਫਲਸਫੇ ਤੇ ਆਦੇਸ਼ਾਂ ਦੇ ਮੁਤਾਬਕ ਨਹੀਂ ਸੀ। ਗੁਰੂ ਨਾਨਕ ਸਾਹਿਬ ਦਾ ਮਨੋਰਥ ਧਰਤੀ ਉੱਤੇ ਨਿਆਂ ਦਾ ਨਿਜ਼ਾਮ ਘੜਨਾ ਸੀ ਅਰਥਾਤ 'ਨਾਨਕਿ ਰਾਜੁ ਚਲਾਇਆ ਸਚੁ ਕੋਟੁ ਸਤਾਣੀ ਨੀਵ ਦੈ॥', ਇਸ ਕਰਕੇ ਵਰਣ ਆਸ਼ਰਮ ਧਰਮ (ਹਿੰਦੂ ਧਰਮ) ਨਾਲ ਕਿਸੇ ਵੀ ਕਿਸਮ ਦਾ ਸਮਝੌਤਾ ਸੰਭਵ ਨਹੀਂ ਸੀ। ਵਰਣ ਵੰਡ ਦੇ ਖਾਤਮੇ ਤੋਂ ਬਿਨਾ ਨਿਆਂ ਦਾ ਰਾਜ ਕਾਇਮ ਨਹੀਂ ਸੀ ਹੋ ਸਕਦਾ। ਅਜਿਹਾ ਇਨਕਲਾਬੀ ਆਦਰਸ਼ ਹਿੰਦੂ ਅਧਿਆਤਮਿਕ ਪਰੰਮਪਰਾ ਲਈ ਓਪਰਾ ਹੀ ਨਹੀਂ ਸੀ, ਸਗੋਂ ਉਨਾਂ ਇਸ ਨੂੰ ਵੈਰ ਭਾਵਨਾ ਨਾਲ ਲਿਆ। ਗੁਰੂ ਨਾਨਕ ਸਾਹਿਬ ਨੇ ਇਕ ਨਿਵੇਕਲਾ ਦ੍ਰਿਸ਼ਟੀਕੋਣ ਪਰਗਟ ਕੀਤਾ ਜੋ ਕਿ ਹਿੰਦੂ ਅਧਿਆਤਮਿਕ ਪਰੰਪਰਾ ਤੇ ਹਿੰਦੂ ਧਰਮ ਨਾਲੋਂ ਅਸਲੋਂ ਹੀ ਵੱਖਰਾ ਸੀ।

ਗੁਰਮਤਿ ਮੁਤਾਬਕ ਵਿਅਕਤੀ ਤੇ ਸਮਾਜ ਨੂੰ ਇੱਕ ਦੂਜੇ ਨਾਲੋਂ ਨਿਖੇੜਿਆ ਨਹੀਂ ਜਾ ਸਕਦਾ। ਗੁਰੂ ਨਾਨਕ ਦੀ ਸਿੱਖੀ ਮੁਤਾਬਿਕ ਅਨਿਆਂ ਭਰੇ ਸਮਾਜੀ ਤੇ ਰਾਜਸੀ ਪ੍ਰਬੰਧ ਵਲੋਂ ਅੱਖਾਂ ਮੀਟ ਕੇ ਸੱਚਾ ਧਰਮ ਤੇ ਸਦਾਚਾਰ ਪ੍ਰਫੁੱਲਤ ਨਹੀਂ ਹੋ ਸਕਦੇ। ਧਾਰਮਿਕ ਤੇ ਸਮਾਜੀ ਜਾਂ ਸਿਆਸੀ ਗੁਲਾਮੀ ਨਾਲ ਰੂਹਾਨੀ ਮੁਕਤੀ ਦਾ ਮੇਲ ਸੰਭਵ ਨਹੀਂ ਹੋ ਸਕਦਾ।

ਨਿੱਜੀ ਅਰਥਾਂ ਵਿਚ ਮੁਕਤੀ ਜਾਂ ਅਨੰਦ ਦੀ ਪ੍ਰਾਪਤੀ ਸਿੱਖੀ ਦਾ ਆਦਰਸ਼ ਨਹੀਂ ਹੈ, ਗੁਰੂ ਨਾਨਕ ਦੇ ਸਿੱਖ ਫਲਸਫੇ ਮੁਤਾਬਕ ਜੀਵਨ ਇੱਕ ਸਾਲਮ ਹਸਤੀ ਹੈ, ਜਿਸ ਦੇ ਟੁਕੜੇ ਨਹੀਂ ਕੀਤੇ ਜਾ ਸਕਦੇ। ਇਸ ਨੂੰ ਕਤਈ ਅਰਥਾਂ ਵਿਚ ਧਾਰਮਿਕ ਅਤੇ ਸਮਾਜੀ, ਸਿਆਸੀ ਖੰਡਾਂ ਵਿੱਚ ਤਕਸੀਮ ਨਹੀਂ ਕੀਤਾ ਜਾ ਸਕਦਾ, ਅਰਥਾਤ ਗੁਰੂ ਨਾਨਕ ਦੇ ਚਲਾਏ ਨਿਰਮਲ ਤੇ ਨਿਰਾਲੇ ਪੰਥ ਵਿਚ ਧੜਿਆਂ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਗੁਰੂ ਨਾਨਕ ਸਾਹਿਬ ਅਨੁਸਾਰ ਧਰਮ ਨੂੰ ਜੀਵਨ ਚੋਂ ਪੈਦਾ ਹੋਈਆਂ ਸਭਨਾਂ ਸਮੱਸਿਆਵਾਂ ਤੇ ਚਣੌਤੀਆਂ ਦਾ ਟਾਕਰਾ ਕਰਨਾ ਪੈਣਾ ਹੈ, ਧਰਮ ਦਾ ਨਿਸ਼ਾਨਾ ਸਿਰਫ ਵਿਅਕਤੀ ਦੇ ਚਰਿੱਤਰ ਨੂੰ ਬਦਲਣਾ ਨਹੀਂ ਸਗੋਂ ਉਸ ਦੇ ਸਮਾਜੀ ਤੇ ਸਿਆਸੀ ਵਾਤਾਵਰਣ ਨੂੰ ਵੀ ਬਦਲਣਾ ਹੈ, ਭਾਵ ਮਨੁੱਖਤਾ ਵਿੱਚ ਵੰਡ ਪਾਉਣ ਵਾਲੀ ਵਰਣ ਵੰਡ ਨੂੰ ਖਤਮ ਕਰਨਾ ਹੈ ਕਿਉਂਕਿ ਇਹ ਵਾਤਾਵਰਣ ਵਿਅਕਤੀ ਦੇ ਚਰਿੱਤਰ ਦੀ ਉਸਾਰੀ ਨੂੰ ਅਹਿਮ ਰੂਪ ਵਿਚ ਪ੍ਰਭਾਵਿਤ ਕਰਦਾ ਹੈ।

ਮਨੁੱਖ ਤੇ ਸਮਾਜ ਦੋਵਾਂ ਦਾ ਪੂਰਣ ਕਾਇਆ ਕਲਪ ਕੀਤੇ ਬਿਨਾ ਆਜ਼ਾਦ ਵਾਤਾਵਰਣ ਜੋ ਕਿ ਮਨੁੱਖੀ ਹਸਤੀ ਦੇ ਪੂਰਨ ਵਿਗਾਸ ਲਈ ਜਰੂਰੀ ਸ਼ਰਤ ਹੈ, ਇਸ ਤੋਂ ਬਿਨਾ ਰੱਬੀ ਏਕਤਾ ਤੇ ਮਨੁੱਖੀ ਏਕਤਾ ਵਾਲਾ ਸਮਾਜ ਨਹੀਂ ਸਿਰਜਿਆ ਜਾ ਸਕਦਾ।' (ਅਜਮੇਰ ਸਿੰਘ, ਕਿਸ ਬਿਧ ਰੁਲੀ ਪਾਤਸ਼ਾਹੀ)।

ਇਥੇ ਇਹ ਵੀ ਦੱਸਣਯੋਗ ਹੈ ਕਿ ਗੁਰੂ ਨਾਨਕ ਸਾਹਿਬ ਨੇ ਕੇਵਲ ਸਮਾਜਿਕ ਸੁਧਾਰ ਲਹਿਰ ਹੀ ਨਹੀਂ ਸੀ ਚਲਾਈ ਸਗੋਂ ਸਿੱਖ ਇਨਕਲਾਬੀ ਲਹਿਰ ਚਲਾਈ ਸੀ ਜਿਸ ਦਾ ਪਹਿਲਾ ਨਿਸ਼ਾਨਾ ਮਨੁੱਖ ਜਾਤੀ ਦੀ ਮੁਕੰਮਲ ਆਜ਼ਾਦੀ ਤੇ ਬਰਾਬਰੀ ਦਾ ਆਦਰਸ਼ ਦਾ ਪ੍ਰਚਾਰ ਕਰਨਾ ਸੀ ਤੇ ਦੂਜਾ ਨਿਸ਼ਾਨਾ ਇਸ ਆਦਰਸ਼ ਦੀਆਂ ਨੀਹਾਂ ਉੱਤੇ ਇੱਕ ਨਵਾਂ ਸਮਾਜ (ਸਿੱਖ ਪੰਥ) ਉਸਾਰਨਾ ਸੀ। ਤੀਜਾ ਨਿਸ਼ਾਨਾ ਸੀ ਪੰਥ ਨੂੰ ਰਾਜਸੀ ਇਨਕਲਾਬ ਲਿਆਉਣ ਦਾ ਵਸੀਲਾ ਬਣਾਉਣਾ।

ਸਮਾਜ ਸੁਧਾਰ ਦੀ ਲਹਿਰ ਵਿਚ ਇਨਕਲਾਬੀ ਰੰਗਤ ਵੀ ਨਹੀਂ ਹੁੰਦੀ ਪਰ ਇਨਕਲਾਬ ਦੇ ਅੰਦਰ ਇੱਕ ਨਹੀਂ ਸਗੋਂ ਕਈ ਸੁਧਾਰ ਛੁਪੇ ਹੁੰਦੇ ਹਨ। ਗੁਰੂ ਨਾਨਕ ਨੇ ਸਿੱਖ ਇਨਕਲਾਬ ਦਾ ਸਫਰ ਆਪਣੇ ਆਤਮਿਕ ਸਰੂਪ ਗੁਰੂ ਸ਼ਬਦ ਤੋਂ ਸ਼ੁਰੂ ਕੀਤਾ ਤੇ ਗੁਰੂ ਸ਼ਬਦ ਦਾ ਸਫਰ ਗੁਰੂ ਨਾਨਕ ਦੀ ਜੋਤਿ ਭਾਈ ਲਹਿਣਾ ਜੀ ਨੇ ਗੁਰੂ ਨਾਨਕ ਦੇ ਹੁਕਮ ਅਨੁਸਾਰ ਸ਼ਬਦ ਗੁਰੂ ਦੇ ਨਾਲ ਨਾਲ ਪੰਥ ਦਾ ਪ੍ਰਕਾਸ਼ ਵੀ ਕੀਤਾ ਅਰਥਾਤ:

'ਲਹਣੈ ਪੰਥੁ ਧਰਮ ਕਾ ਕੀਆ
ਅਮਰਦਾਸ ਭਲੇ ਕੌ ਦੀਆ॥
ਤਿਨਿ ਸ੍ਰੀ ਰਾਮਦਾਸ ਸੋਢੀ ਥਿਰੁ ਥਪਉ॥'
ਸਵਈਏ ਮਹਲੇ ਚਉਥੇ ਕੇ (ਅੰਗ 1401)

ਇਹੋ ਨਿਰਮਲ ਪੰਥ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਖਾਲਸਾ ਪੰਥ ਦੇ ਰੂਪ ਵਿਚ ਪ੍ਰਗਟ ਹੋਇਆ, ਜਿਸ ਵਿੱਚ ਪੰਥ ਤੇ ਗੁਰੂ ਦੋਵੇਂ ਅਭੇਦ ਹਨ, ਇਹ ਪੰਥ ਦੇ ਸਰੀਰ ਦੇ ਵਿਕਾਸ ਦੀ ਅਨੋਖੀ ਬੁਲੰਦੀ ਹੈ ਜਿਸ ਵਿਚ ਗੁਰੂ ਪੰਥ ਗੁਰੂ ਦਾ ਸਰੀਰ ਹੈ। ਸ੍ਰੀ ਅਕਾਲ ਤਖਤ ਸਾਹਿਬ ਜੀ ਦੀ ਸਿਰਜਣਾ ਨਾਨਕ ਨਿਰਮਲ ਪੰਥ ਦੀ ਨਿਰਮਲ ਵਿਚਾਰਧਾਰਾ ਦਾ ਇੱਕ ਮਹੱਤਵਪੂਰਣ ਪੜਾਅ ਹੈ ਤੇ ਇਹ ਵੀ ਕਿਹਾ ਜਾਂਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਸ਼ਬਦ ਗੁਰੂ ਦੇ ਨਾਲ ਨਾਲ ਸਿੱਖ ਧਰਮ ਦੀ ਸਿਧਾਂਤਿਕ ਜੜ ਹੈ। ਗੁਰਮਤਿ ਵਿਚਾਰਧਾਰਾ ਤੇ ਪਰੰਪਰਾ ਵਿੱਚ 'ਗੁਰੂ' ਸ਼ਬਦ, ਗੁਰੂ ਸਾਹਿਬਾਨ, ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਗੁਰੂ ਪੰਥ ਦੇ ਨਾਲ ਵਰਤਣ ਦਾ ਵਿਧਾਨ ਹੈ।

ਹਿੰਦੂ ਧਰਮ ਬਾਰੇ ਵਿਚਾਰਨਯੋਗ ਤੱਥ ਇਹ ਹੈ ਕਿ ਹਿੰਦੂ ਮੱਤ ਦੇ ਧਰਮ ਗ੍ਰੰਥਾਂ ਵਿਚ ਵੀ ਹਿੰਦੂ ਅੱਖਰ ਪੜਨ ਨੂੰ ਨਹੀਂ ਮਿਲਦਾ। ਅੱਜ ਤਕ ਕਿਸੇ ਵੀ ਭਾਰਤੀ ਜਾਂ ਪੱਛਮੀ ਵਿਦਵਾਨ ਨੇ ਹਿੰਦੂਇਜ਼ਮ ਦੀ ਸੰਪੂਰਣ ਪਰਿਭਾਸ਼ਾ ਦੇਣ ਵਿਚ ਸਫਲਤਾ ਪ੍ਰਾਪਤ ਨਹੀਂ ਕੀਤੀ। ਇਨਸਾਈਕਲੋਪੀਡੀਆ ਆਫ ਰਿਲੀਜਨ ਐਂਡ ਐਥਿਕਸ ਵਿੱਚ-ਡਬਲਿਯੂ ਕਰੁੱਕ ਲਿਖਦਾ ਹੈ ਕਿ problem is more difficult than that of framing a definition of Hinduism. Many of the Priests proposed from time to time are obviously inadequate.

ਭਾਵ ਹਿੰਦੂ ਮੱਤ ਦੀ ਪਭਾਸ਼ਾ ਘੜਨੀ ਇੱਕ ਜਟਿਲ ਕਾਰਜ ਹੈ ਕਿਉਂਕਿ ਵਕਤ-ਵਕਤ 'ਤੇ ਜੋ ਵੀ ਜਾਂਚ ਪੜਤਾਲ ਦੇ ਅਧਾਰ ਸੁਝਾਏ ਗਏ ਹਨ, ਸਾਰੇ ਹੀ ਊਣੇ ਸਿੱਧ ਹੁੰਦੇ ਰਹੇ ਹਨ ਅਤੇ ਡਾ. ਰਾਧਾ ਕ੍ਰਿਸ਼ਨਨ ਅਨੁਸਾਰ 'ਹਿੰਦੂ ਇਜ਼ਮ ਦਾ ਅਰਥ ਹੈ ਵੱਖ ਵੱਖ ਫਲਸਫਿਆਂ, ਧਰਮਾਂ, ਮਿਥਿਹਾਸਕ ਜਾਦੂਗਰੀਆਂ ਦਾ ਸੰਗਠਨ। ਹੁਣ ਸਵਾਲ ਉਠਦਾ ਹੈ ਕਿ ਇਹ ਹਿੰਦੂ ਸ਼ਬਦ ਕਿਥੋਂ ਆਇਆ! ਇਸ ਦੀ ਗਿਣਤੀ ਦੁਨੀਆ ਦੇ ਪ੍ਰਮੁੱਖ ਧਰਮਾਂ ਵਿਚ ਕਿਵੇਂ ਸ਼ਰੀਕ ਹੋਈ?

ਇਸ ਦਾ ਜਵਾਬ ਸਾਨੂੰ ਇਤਿਹਾਸ ਵਿੱਚੋਂ ਇਸ ਪ੍ਰਕਾਰ ਮਿਲਦਾ ਹੈ ਕਿ ਹਿੰਦੂ ਸ਼ਬਦ ਪ੍ਰਵਾਸੀ ਸ਼ਬਦ ਹੈ ਅਤੇ ਇਹ 711 ਈ. ਵਿੱਚ 'ਮੁਹੰਮਦ ਬਿਨ ਕਾਸਮ' ਦੇ ਆਉਣ ਨਾਲ ਹੀ ਭਾਰਤ ਵਿੱਚ ਆਇਆ, ਇਸ ਕਰਕੇ ਭਾਰਤੀ ਸਭਿਅਤਾ ਵਿੱਚ, ਹਿੰਦੂ ਇੱਕ ਨਿਰਮੂਲ ਅਤੇ ਲਾਵਾਰਿਸ ਸ਼ਬਦ ਹੈ। ਆਪਣੇ ਆਪ ਨੂੰ ਹਿੰਦੂ ਅਖਵਾਉਣ ਵਾਲੇ ਲੋਕਾਂ, ਪੂਜਾ ਦਾ ਧਾਨ ਖਾ ਕੇ ਪਲਣ ਵਾਲੀ ਪੂਜਾਰੀ ਸ਼੍ਰੇਣੀ ਦੇ ਬਿਪਰਵਾਦੀ ਨੀਤੀ ਤੇ ਸਨਾਤਨ ਮਤੀ ਗ੍ਰੰਥਾਂ, ਵੇਦ, ਸ਼ਾਸ਼ਤਰ, ਪੁਰਾਣ, ਸਿਮ੍ਰਤੀਆਂ, ਰਮਾਇਣ ਤੇ ਮਹਾਭਾਰਤ ਆਦਿ ਸਮੂਹ ਸਨਾਤਨੀ ਗ੍ਰੰਥਾਂ ਵਿਚ ਹਿੰਦੂ ਸ਼ਬਦ ਕਿਤੇ ਵੀ ਲਿਖਿਆ ਹੋਇਆ ਨਹੀਂ ਮਿਲਦਾ। ਜਿਨਾਂ ਨੂੰ ਇਹ ਆਪਣਾ ਇਸ਼ਟ ਮੰਨ ਕੇ ਪੂਜਦੇ ਹੋਏ ਵੇਦ ਮੰਤਰ, ਹੋਮ-ਯੱਗ, ਗ੍ਰਹਿ-ਚਾਲ ਦੇ ਜੋਤਿਸ਼, ਟੇਵੇ, ਕੁੰਡਲੀਆਂ ਆਦਿ ਵਿਚ ਅੰਧੀ ਅਗਿਆਨਮਈ ਸ਼ਰਧਾ ਸਹਿਤ ਮਿਥੇ ਅਤੇ ਆਪੋ ਬਣਾਏ ਹੋਏ ਮਿੱਟੀ, ਪੱਥਰ ਤੇ ਲੱਕੜ ਆਦਿ ਅਤੇ ਅਨੇਕ ਪ੍ਰਕਾਰੀ ਰਸਾਇਣਕ ਸਮੱਗਰੀ ਨਾਲ ਬਣਾਏ ਹੋਏ ਕਲਪਿਤ ਦੇਵੀ ਦੇਵਤਿਆਂ, ਭਾਵ ਅਣਗਿਣਤ ਭਗਵਾਨਾਂ ਦੀ ਪੂਜਾ ਕਰਨ ਵਾਲਿਆਂ ਨੂੰ, ਬਿਪਰਾਂ ਦੀ ਥਾਂ ਹਿੰਦੂ ਕਿਹਾ ਜਾਂਦਾ ਹੈ। ਗੁਰੂ ਨਾਨਕ ਦੇ ਆਗਮਨ ਸਮੇਂ ਤਕ ਹਿੰਦੋਸਤਾਨ ਵਿਚ ਹਿੰਦੂ ਸ਼ਬਦ ਪ੍ਰਚਲਤ ਹੋ ਚੁੱਕਾ ਸੀ। ਮਹਾਨ ਕੋਸ਼ ਵਿਚ ਹਿੰਦੂ ਦੇ ਅਰਥ ਚੋਰ ਜਾਂ ਗੁਲਾਮ ਵੀ ਕੀਤੇ ਹੋਏ ਹਨ।

ਸਿੱਖ ਇੱਕ ਵੱਖਰੀ ਕੌਮ ਹਨ ਅਤੇ ਉਨਾਂ ਦੀ ਆਪਣੀ ਵੱਖਰੀ ਪਛਾਣ ਹੈ। ਸਿੱਖ ਹਿੰਦੂਆਂ ਨਾਲੋਂ ਸਪੱਸ਼ਟ ਤੌਰ ਤੇ ਵੱਖਰੇ ਹੀ ਨਹੀਂ ਬਲਕਿ ਉਨਾਂ ਤੋਂ ਸਿਧਾਂਤਿਕ ਤੌਰ 'ਤੇ ਵੀ ਬਿਲਕੁਲ ਉਲਟ ਹਨ। ਹਿੰਦੂ ਮੂਰਤੀ ਪੂਜਕ ਹਨ, ਜਨਮ ਤੋਂ ਜਾਤ ਮੰਨਦੇ ਹਨ, ਜਾਤ ਪਾਤ ਵਿਚ ਵਿਸ਼ਵਾਸ਼ ਰੱਖਦੇ ਹਨ, ਜਦਕਿ ਸਿੱਖ ਇੱਕ ਅਕਾਲ ਪੁਰਖ ਨੂੰ ਮੰਨਣ ਵਾਲੇ, ਜਾਤ ਪਾਤ ਤੇ ਮੂਰਤੀ ਪੂਜਾ ਦੇ ਵਿਰੋਧੀ ਹਨ। ਹਿੰਦੂਆਂ ਵਿੱਚ ਪੂਜਾਰੀਵਾਦ ਹੈ, ਸਿੱਖਾਂ ਵਿਚ ਇਸ ਕਿਸਮ ਦੀ ਗੱਲ ਬਿਲਕੁਲ ਵਰਜਿਤ ਹੈ ਇਤਿਆਦਕ।'

ਸੰਨ 1900 ਈ. ਦੇ ਆਸ ਪਾਸ ਆਰੀਆ ਸਮਾਜ ਦੇ ਇੱਕ ਸਿੱਖ ਮੈਂਬਰ ਭਾਈ ਜਗਤ ਸਿੰਘ ਨੇ 'ਰਿਸਾਲਾ ਤੱਤ ਪ੍ਰਕਾਸ਼' ਨਾਂ ਦਾ ਇੱਕ ਰਸਾਲਾ ਛਾਪਿਆ ਜਿਸ ਵਿਚ ਉਨਾਂ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਸਿੱਖ ਧਰਮ ਆਰੀਆ ਸਮਾਜ ਲਹਿਰ ਦਾ ਇੱਕ ਪੁਰਾਤਨ ਰੂਪ ਹੈ। ਲਾਲਾ ਠਾਕਰ ਦਾਸ ਅਤੇ ਬਾਵਾ ਨਰਾਇਣ ਸਿੰਘ ਨੇ 'ਸਿੱਖ ਹਿੰਦੂ ਹੈਂ' ਲਿਖ ਕੇ ਭਾਈ ਜਗਤ ਸਿੰਘ ਦੇ ਕਥਨ ਦੀ ਹਾਮੀ ਭਰੀ, ਸੰਨ 1900 ਈ ਵਿਚ ਚਲ ਰਹੀ ਚਰਚਾ ਅਤੇ ਸਾਰੇ ਸਵਾਲਾਂ ਦਾ ਉਤਰ ਵਿਦਵਾਨ ਲੇਖਕ ਭਾਈ ਕਾਨ ਸਿੰਘ ਨਾਭਾ ਨੇ ਆਪਣੀ ਪੁਸਤਕ 'ਹਮ ਹਿੰਦੂ ਨਹੀਂ' ਵਿੱਚ ਦਿੱਤਾ। ਭਾਵੇਂ ਇਸ ਨੂੰ ਲਿਖਣ ਕਰਕੇ ਭਾਈ ਕਾਨ ਸਿੰਘ ਨਾਭਾ ਨੂੰ ਕਈ ਤਰਾਂ ਦੇ ਕਸ਼ਟ ਸਹਿਣੇ ਪਏ ਅਤੇ ਸਮੇਂ ਦੀ ਸਰਕਾਰ ਦੀ ਕ੍ਰੋਪੀ ਵੀ ਝੱਲਣੀ ਪਈ। ਇਸੇ ਤਰਾਂ ਹਿੰਦੂ ਸੰਸਥਾਵਾਂ 'ਮਾਨਵ ਸਮਾਜ ਟਰੱਸਟ' ਨਵੀਂ ਦਿੱਲੀ ਅਤੇ ਲਾਠ ਸਰਵੋਦਯਾ ਟਰੱਸਟ ਜੈ ਪੁਰ ਨੇ ਰਾਜੇਂਦਰ ਸਿਉਂ ਨਿਰਾਲਾ ਦੇ ਇਕ ਹਿੰਦੂ ਲਿਖਾਰੀ ਕੋਲੋਂ ਕਪਟ ਤੇ ਕੂੜ ਭਰਪੂਰ ਹਿੰਦੀ ਪੁਸਤਕ "ਹਮ ਹਿੰਦੂ ਹੈਂ" ਲਿਖਵਾਈ ਸੀ, ਜਿਸ ਦਾ ਮੂੰਹ ਤੋੜਵਾਂ ਜਵਾਬ ਪ੍ਰਿੰਸੀਪਲ ਲਾਭ ਸਿੰਘ ਨੇ ਦੁਬਾਰਾ 'ਹਮ ਹਿੰਦੂ ਨਹੀਂ' ਪੁਸਤਕ ਲਿਖ ਕੇ ਦਿੱਤਾ ਸੀ, ਜਿਸ ਨੂੰ ਠੇਠ ਪੰਜਾਬੀ ਵਿੱਚ ਕਹਿਣਾ ਹੋਵੇ ਤਾਂ ਇਹ ਆਖਿਆ ਜਾ ਸਕਦਾ ਹੈ ਕਿ ਪ੍ਰਿੰਸੀਪਲ ਲਾਭ ਸਿੰਘ ਨੇ 'ਹਮ ਹਿੰਦੂ ਨਹੀਂ' ਪੁਸਤਕ ਲਿਖ ਕੇ ਰਾਜੇਂਦਰ ਸਿਉਂ ਨਿਰਾਲਾ ਦੀ ਬੋਲਤੀ ਬੰਦ ਕਰ ਦਿੱਤੀ ਸੀ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ 'ਖਾਲਸੇ ਦੇ ਵਾਸੀ' ਪੁਸਤਕ ਦੇ ਪੰਨਾ 190, 191 ਉੱਤੇ ਸਿੱਖ ਤੇ ਹਿੰਦੂ ਦੇ ਅਲੱਗ ਅਲੱਗ ਸੰਸਕਾਰਾਂ ਬਾਰੇ ਟੂਕ ਮਾਤਰ ਹਵਾਲੇ ਹੇਠ ਲਿਖੇ ਅਨੁਸਾਰ ਦਿੱਤੇ ਹਨ :

ਹਿੰਦੂ-ਗਾਇਤਰੀ ਨੂੰ ਮੰਤਰ ਸਮਝਦੇ ਹਨ।

ਸਿੱਖ-ਸਿੱਖ ਵਾਹਿਗੁਰੂ ਦੇ ਨਾਮ ਨੂੰ ਹੀ ਮੰਤਰ ਅਤੇ ਜਪੁਜੀ ਦੇ ਪਾਠ ਦਾ ਆਸਰਾ ਲੈਂਦਾ ਹੈ।

ਹਿੰਦੂ-ਹਿੰਦੂਆਂ ਦਾ ਮੰਗਲਾਚਰਨ, ਓਅੰ ਸ਼੍ਰੀ ਗਣੇਸ਼ਹ ਨਮਹ।

ਸਿੱਖ- ਸਿੱਖਾਂ ਦਾ ਮੰਗਲਚਰਨ, ੴਸਤਿਗੁਰ ਪ੍ਰਸਾਦਿ॥

ਹਿੰਦੂ-ਹਿੰਦੂ ਮੁਲਾਕਾਤ ਵੇਲੇ ਰਾਮ ਰਾਮ, ਨਮਸਤੇ ਆਦਿਕ ਬੁਲਾਉਂਦਾ ਹੈ।

ਸਿੱਖ-ਸਿੱਖ ਮੁਲਾਕਾਤ ਵੇਲੇ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਬੁਲਾਉਂਦਾ ਹੈ।

ਹਿੰਦੂ-ਹਿੰਦੂਆਂ ਦੇ ਧਰਮ ਸ਼ਾਸ਼ਤਰ, ਵੇਦ ਪੁਰਾਨ, ਸਿਮ੍ਰਿਤੀਆਂ ਆਦਿਕ।

ਸਿੱਖ-ਸਿੱਖਾਂ ਦਾ ਹਾਜਰਾ ਹਜੂਰ, ਜਾਹਰਾ ਜਹੂਰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

ਹਿੰਦੂ-ਹਿੰਦੂਆਂ ਦਾ ਧਾਰਮਿਕ ਅਸਥਾਨ, ਠਾਕੁਰ ਦੁਆਰੇ ਆਦਿਕ।

ਸਿੱਖ-ਸਿੱਖਾਂ ਦੇ ਧਾਰਮਿਕ ਅਸਥਾਨ, ਸਿੱਖਾਂ ਤਖਤ ਤੇ ਗੁਰਦੁਆਰੇ।

ਹਿੰਦੂ-ਹਿੰਦੂਆਂ ਦੇ ਸੰਸਕਾਰ, ਹਿੰਦੂ ਜਨੇਊ, ਮੁੰਡਨ ਆਦਿਕ ਰਸਮਾਂ ਕਰਦਾ ਹੈ।

ਸਿੱਖ-ਸਿੱਖਾਂ ਦਾ ਸੰਸਕਾਰ ਖੰਡੇ ਬਾਟੇ ਦੀ ਪਾਹੁਲ ਛਕਣਾ ਜ਼ਰੂਰੀ ਹੈ।

ਹਿੰਦੂ-ਹਿੰਦੂਆਂ ਦੇ ਵੱਡੇ ਦਿਨ ਜਨਮ ਅਸ਼ਟਮੀ, ਰਾਮ ਨੌਮੀ ਆਦਿਕ।

ਸਿੱਖ-ਸਿੱਖ ਦਸਾਂ ਪਾਤਿਸ਼ਾਹੀਆਂ ਦੇ ਪ੍ਰਕਾਸ਼ ਅਤੇ ਜੋਤੀ ਜੋਤਿ ਸਮਾਉਣ ਦੇ ਗੁਰਪੁਰਬ।

ਹਿੰਦੂ-ਹਿੰਦੂਆਂ ਦੀ ਭੇਟਾ ਪ੍ਰਸ਼ਾਦ-ਚੂਰਮਾ, ਲੱਡੂ, ਫਲ, ਫੁੱਲੀਆਂ ਆਦਿਕ।

ਸਿੱਖ-ਸਿੱਖਾਂ ਦਾ ਪ੍ਰਸ਼ਾਦ ਕੜਾਹ ਪ੍ਰਸ਼ਾਦ।

ਗੱਲ ਕੀ ਕਿਸੇ ਵੀ ਨੁਕਤੇ ਤੋਂ ਪਰਖੋ ਹਿੰਦੂ ਅਤੇ ਸਿੱਖ ਧਰਮ ਦੇ ਅਸੂਲਾਂ ਦੀ ਕੋਈ ਸਾਂਝ ਨਹੀਂ ਹੈ।

ਅੰਤ ਵਿਚ ਅਸੀਂ ਫਰਾਂਸੀਸੀ ਵਿਦਵਾਨ ਰਾਜਿਸ ਡੈਬਰੇ ਦੀਆਂ ਇਨਾਂ ਸਤਰਾਂ ਨਾਲ ਸਮਾਪਤੀ ਕਰਦੇ ਹਾਂ ਕਿ ਦਾਬੇ ਹੇਠ ਰਹਿ ਰਹੀਆਂ ਕੌਮਾਂ ਦੀ ਮੁਕਤੀ ਦੀ ਜੰਗ ਮਹਿਜ ਹਥਿਆਰਾਂ ਦੇ ਖੇਤਰ ਵਿਚ ਹੀ ਨਹੀਂ ਲੜੀ ਜਾਂਦੀ ਬਲਕਿ ਵਿਚਾਰਾਂ ਦੇ ਖੇਤਰ ਵਿਚ ਵੀ ਉਨੀ ਹੀ ਸ਼ਿੱਦਤ ਨਾਲ ਲੜੀ ਜਾਂਦੀ ਹੈ। ਅੱਜ ਸਿੱਖ ਕੌਮ ਦੇ ਗਲੋਂ ਗੁਲਾਮੀ ਲਾਹੁਣ ਲਈ ਵੱਡੀ ਪੱਧਰ ਤੇ ਬੌਧਿਕ ਸੰਘਰਸ਼ ਵਿੱਢਣ ਦੀ ਲੋੜ ਹੈ।




# ਪਾਠਕਾਂ ਦਾ ਨਜ਼ਰੀਆ

## ਕਹਿਣੀ ਤੇ ਕਰਨੀ

ਅਜੇ ਤੱਕ ਮਨੁੱਖ ਪੂਰਨ ਰੂਪ ਵਿਚ ਮਨੁੱਖ ਕਿਉਂ ਨਹੀਂ ਬਣ ਸਕਿਆ? ਭਾਵ ਮਨੁੱਖ ਅਜੇ ਤੱਕ ਜਦੋਂ ਕਿ ਧਰਮ ਦੀ ਸਥਾਪਨਾ ਤੇ ਉਸ ਦੇ ਪ੍ਰਚਾਰ ਨੂੰ ਹੁੰਦਿਆਂ ਸਦੀਆਂ ਹੀ ਬੀਤ ਗਈਆਂ ਹਨ, ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਤੇ ਈਰਖਾ ਦਾ ਤਿਆਗ ਨਹੀਂ ਕਰ ਸਕਿਆ। ਭਾਵ ਇਨ੍ਹਾਂ ਪ੍ਰਵਿਰਤੀਆਂ ਦੀ ਮਨੁੱਖ ਦੁਰਵਰਤੋਂ ਕਰਦਾ ਆ ਰਿਹਾ ਹੈ। ਸਾਡੀਆਂ ਕਈ ਸਮੱਸਿਆਵਾਂ ਦੁੱਖਾਂ ਤੇ ਲੜਾਈਆਂ ਦਾ ਮੂਲ ਕਾਰਨ ਇਹੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਸਾਡੇ ਲੜਾਈ ਝਗੜਿਆਂ ਦਾ ਮੂਲ ਕਾਰਨ ਜ਼ਰ, ਜ਼ੋਰੂ ਅਤੇ ਜ਼ਮੀਨ ਰਿਹਾ ਹੈ।

ਬਾਬੇ ਹੋਣਾ ਨੇ ਸਦੀਆਂ ਪਹਿਲਾਂ ਕਿਹਾ ਸੀ ਕਿ ਮਿੱਠਤ ਨੀਵੀਂ ਨਾਨਕਾ ਗੁਣ ਚੰਗਿਆਈ ਤੱਤੁ ਅਤੇ ਸਬਰ ਸੰਤੋਖ ਤੇ ਸਹਿਣਸ਼ੀਲਤਾ ਦੇ ਧਾਰਨੀ ਬਣਨਾ ਹੈ ਪਰ ਅਜਿਹਾ ਹੁਣ ਤੱਕ ਕਿਉਂ ਨਹੀਂ, ਕਿਉਂਕਿ ਮਨੁੱਖ ਨੂੰ ਹੁਦ ਤੱਕ ਸ਼ਬਦ ਨਾਲ ਨਹੀਂ ਜੋੜਿਆ ਗਿਆ ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਜੀਵਨ ਗੁਜ਼ਾਰਨ ਦਾ ਪ੍ਰਚਾਰ ਨਹੀਂ ਹੋਇਆ। ਹੁਣ ਤੱਕ ਗੁਰਬਾਣੀ ਪੜ੍ਹੀ ਹੀ ਜਾਂਦੀ ਹੈ ਪਰ ਉਸ ਉਪਰ ਅਮਲ ਨਹੀਂ ਹੋਇਆ, ਹੁਣ ਤੱਕ ਧਰਮੀ ਲੋਕ ਸਿਰਫ਼ ਧਰਮ ਦਾ ਢੌਂਗ ਹੀ ਰਚਦੇ ਰਹੇ ਹਨ ਭਾਵ ਬਹੁਤ ਧਰਮ ਲੋਕ ਭੇਖੀ ਹਨ। ਉਨ੍ਹਾਂ ਦੀ ਕਹਿਣੀ ਕਰਨੀ ਇਕ ਨਹੀਂ, ਭਾਵ ਬਾਹਰੋਂ ਹੋਰ, ਅੰਦਰੋਂ ਹੋਰ ਹਨ। ਨਾਸਤਕ ਲੋਕਾਂ ਨੇ ਮਨੁੱਖਤਾ ਦਾ ਇੰਨਾ ਘਾਣ ਨਹੀਂ ਕੀਤਾ ਜਿੰਨਾ ਆਸਤਕ ਲੋਕਾਂ ਨੇ ਕੀਤਾ ਹੈ। ਗੁਰੂ ਸਾਹਿਬ ਕਹਿਣੀ ਤੇ ਕਰਨੀ ਦੇ ਧਾਰਨੀ ਸਨ। ਉਨ੍ਹਾਂ ਨੇ ਸੱਚ 'ਤੇ ਪਹਿਰਾ ਦਿੱਤਾ, ਸੱਚ ਤੋਂ ਪਿੱਛੇ ਨਹੀਂ ਹਟੇ। ਧਰਮ ਦਾ ਮਾਰਗ, ਸੱਚ ਦਾ ਮਾਰਗ ਹੈ। ਅਜਿਹੇ ਲੋਕਾਂ ਬਾਰੇ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ, ਕਰਤੂਤਿ ਪਸ਼ੂ ਕੀ ਮਾਨਸਿ ਜਾਤਿ। ਕੁਝ ਲੋਕ ਗੁਰਦੁਆਰੇ ਵੀ ਜਾਂਦੇ ਹਨ, ਗੁਰਬਾਣੀ ਵੀ ਸੁਣਦੇ ਹਨ ਪਰ ਉਨ੍ਹਾਂ ਦਾ ਅਮਲੀ ਜੀਵਨ ਗੁਰੂ ਉਪਦੇਸ਼ਾਂ ਤੋਂ ਬਿਲਕੁਲ ਸੱਖਦਾ ਹੈ। ਇਨ੍ਹਾਂ ਲੋਕਾਂ ਬਾਰੇ ਵੀ ਗੁਰੂ ਸਾਹਿਬਾਨ ਫੁਰਮਾਉਂਦੇ ਹਨ,

ਸੀਸ ਨਵਾਈਐ, ਕਿਆ ਥੀਐ ਜੇ ਰਿਦੈ ਕੁ ਸੁਧੈ ਜਾਇ॥

ਮਨਮੁਖਿ ਲੋਕਾਂ ਬਾਰੇ ਵੀ ਗੁਰੂ ਜੀ ਫੁਮਰਾਉਂਦੇ ਹਨ,

ਹੱਕ ਪਰਾਇਆ ਨਾਨਕਾ, ਉਸ ਸੂਅਰ ਉਸ ਗਾਇ॥

ਇਸ ਕਰਕੇ ਸਾਨੂੰ ਭੇਖੀ ਲੋਕਾਂ ਦੀਆਂ ਚਾਲਾਂ ਤੇ ਦਿਖਾਵੇ ਤੋਂ ਬਚਣਾ ਚਾਹੀਦਾ ਹੈ। ਸਾਨੂੰ ਪ੍ਰਸੰਸਕ, ਕਦਰਦਾਨ ਤੇ ਪਾਰਖੂ ਬਣਨਾ ਚਾਹੀਦਾ ਹੈ। ਜਿਹੜਾ ਮਨੁੰਖ ਪ੍ਰਸੰਸਾ ਦਾ ਅਧਿਕਾਰੀ ਹੈ, ਉਸ ਦੀ ਜਰੂਰ ਪ੍ਰਸੰਸਾ ਕਰੋ ਪਰ ਕਈ ਵਾਰੀ ਈਰਖਾ ਦੇ ਅਧੀਨ ਹੋ ਕੇ, ਅਸੀਂ ਉਸ ਦੀ ਪ੍ਰਸੰਸਾ ਤਾਂ ਕੀ ਕਰਨੀ ਹੈ ਸਗੋਂ ਨਿੰਦਿਆ ਕਰਨੀ ਆਰੰਭ ਕਰ ਦਿੰਦੇ ਹਾਂ। ਦੂਜਿਆਂ ਬਾਰੇ ਜਾਨਣ ਦੀ ਲੋੜ ਹੁੰਦੀ ਹੈ। ਕਈ ਵਾਰੀ ਮਨੁੱਖ ਪੂਜਣ ਯੋਗ ਹੁੰਦਾ ਹੈ ਪਰ ਅਸੀਂ ਉਸ ਨੂੰ ਸਨਮਾਨਤ ਵੀ ਨਹੀਂ ਕਰਦੇ, ਕੁਝ ਮਨੁੱਖ ਸਨਮਾਨਤ ਕਰਨਯੋਗ ਹੁੰਦੇ ਹਨ ਪਰ ਅਸੀਂ ਉਨ੍ਹਾਂ ਦਾ ਬਣਦਾ ਸਤਿਕਾਰ ਵੀ ਨਹੀਂ ਦਿੰਦੇ। ਅਜਿਹੀਆਂ ਗੱਲਾਂ ਮਨੁੱਖੀ ਸੁਭਾਅ ਦਾ ਦੋਸ਼ ਹੈ ਭਾਵ ਮਨੁੱਖ ਅਜਿਹੀ ਗੱਲ ਈਰਖਾ, ਅਹੰਕਾਰ ਅਤੇ ਖੁਦਗਰਜੀ ਅਧੀਨ ਹੋ ਕੇ ਕਰਦਾ ਹੈ ਜਿਹੜਾ ਕਿ ਗੈਰ ਮਨੁੱਖੀ ਅਤੇ ਅਨੈਤਿਕਤਾ ਨੂੰ ਪ੍ਰਗਟ ਕਰਦਾ ਹੈ।

ਆਮ ਲੋਕਾਂ ਨੇ ਤਾਂ ਅਜਿਹਾ ਵਤੀਰਾ ਕਰਨਾ ਹੀ ਹੁੰਦਾ ਏ ਪਰ ਸਾਡੇ ਵਿਸ਼ੇਸ਼ ਵਿਅਕਤੀ ਵੀ ਜਿਵੇਂ ਧਾਰਮਿਕ ਆਗੂ ਅਤੇ ਰਾਜਨੀਤਕ ਵੀ ਇਸ ਬੀਮਾਰੀ ਤੋਂ ਨਹੀ ਬਚੇ, ਭਾਵ ਉਨ੍ਹਾਂ ਦੀ ਕਹਿਣੀ ਤੇ ਕਰਨੀ ਇਕ ਨਹੀਂ। ਉਹ ਪ੍ਰਚਾਰ ਤਾਂ ਸਿੱਧਾਂਤਾਂ, ਅਸੂਲਾਂ ਅਤੇ ਨੈਤਿਕਤਾ ਦਾ ਕਰਦੇ ਹਨ ਪਰ ਵਿਚੋਂ ਉਹ ਕੁਝ ਹੋਰ ਹੀ ਹੁੰਦੇ ਹਨ ਜਿਵੇਂ ਲਗਦਾ ਹੈ ਕਿ ਉਹ ਇਨ੍ਹਾਂ ਸ਼ਬਦਾਂ ਬਾਰੇ ਤਾਂ ਜਾਣਦੇ ਹਨ ਪਰ ਇਨ੍ਹਾਂ ਸ਼ਬਦਾਂ ਦੇ ਅਰਥ ਇਨ੍ਹਾਂ ਨੂੰ ਡੂੰਘਾਈਆਂ ਨਾਲ ਨਹੀਂ ਆਉਂਦੇ, ਇਕ ਰਾਜਨੀਤਕ ਇਕ ਆਦਮੀ ਦਾ ਕਤਲ ਕਰਕੇ ਇਹ ਕਹਿ ਰਿਹਾ ਕਿ ਮੈਨੂੰ ਮੇਰੇ ਸਿਧਾਂਤ ਅਤੇ ਨੈਤਿਕਤਾ ਪਿਆਰੀ ਹੈ ਤਾਂ ਦੱਸੋ ਇਹ ਕਿੱਥੇ ਦੀ ਨੈਤਿਕਤਾ ਹੈ।

**-ਮਾਸਟਰ ਨਿਰਮਲ ਸਿੰਘ ਲਾਲੀ**

# ਹਰਸ਼ ਮਾਸੀ ਤੇ ਕਾਗਜ਼ ਦੀ ਰੇਸ

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
ਬੱਚਿਆਂ ਦੀ ਮਾਹਿਰ,
28, ਪ੍ਰੀਤ ਨਗਰ, ਲੋਅਰ ਮਾਲ,
ਪਟਿਆਲਾ। ਫੋਨ ਨੰ: 0175-2216783



ਹਰਸ਼ ਮਾਸੀ ਸ਼ਾਮ ਨੂੰ ਬੱਚਿਆਂ ਨਾਲ ਸੈਰ ਕਰਨ ਨਿਕਲੀ ਤਾਂ ਹਿੱਤੀ ਕਹਿਣ ਲੱਗਿਆ, "ਮਾਸੀ ਜੀ ਏਥੇ ਲੋਕ ਕਿੰਨਾ ਉੱਚੀ ਬੋਲਦੇ ਪਏ ਨੇ। ਓਹ ਵੇਖੋ ਕਿੰਨੇ ਸਾਰੇ ਕੁੱਤੇ ਘੁੰਮੀ ਜਾਂਦੇ ਨੇ। ਰਤਾ ਸਫ਼ਾਈ ਨਹੀਂ ਕੀਤੀ ਹੋਈ। ਕਿਸੇ ਨੂੰ ਚੱਜ ਨਾਲ ਕਸਰਤ ਕਰਨੀ ਨਈਂ ਆਉਂਦੀ! ਓਹ ਵੇਖੋ ਉਹ ਬੱਚਾ ਕਿੰਨੀ ਹੌਲੀ ਚੱਲ ਰਿਹੈ। ਐਹ ਮਾਈ ਕਿੰਨੀ ਝੁਕ ਕੇ ਚਲ ਰਈ ਐ।"

"ਮੈਨੂੰ ਵੀ ਬਹੁਤ ਗਰਮੀ ਲੱਗ ਰਈ ਐ," ਜੀਵ ਬੋਲ ਪਿਆ।

"ਅੱਜ ਤਾਂ ਰੱਬ ਨੇ ਰਤਾ ਵੀ ਹਵਾ ਨਈਂ ਚਲਾਈ। ਸੈਰ ਦਾ ਮਜ਼ਾ ਈ ਖ਼ਤਮ ਹੋ ਗਿਐ," ਹੈਰੀ ਵੀ ਬੋਲ ਪਿਆ।

"ਐ ਵੇਖੋ ਕਿੰਨੇ ਵੱਟੇ ਨੇ। ਮੇਰੇ ਪੈਰ 'ਤੇ ਵੱਜਿਐ," ਨਾਨੂ ਕਹਿਣ ਲੱਗਿਆ।

"ਮਾਸੀ ਜੀ, ਤੁਸੀਂ ਗੁਰਪਾਲ ਮਾਸੜ ਜੀ ਨੂੰ ਫ਼ੋਨ ਕਰ ਕੇ ਬੁਲਾਓ। ਆਪਾਂ ਘਰ ਚੱਲ ਕੇ ਏ.ਸੀ. ਥੱਲੇ ਬਹਿੰਦੇ ਆਂ। ਇੱਥੇ ਤਾਂ ਮਿੱਟੀ ਵੀ ਬਹੁਤ ਐ। ਪੈਰ ਗੰਦੇ ਹੋ ਰਏ ਨੇ," ਸੁੱਖੀ ਵੀ ਬੋਲ ਪਈ।

ਹਰਸ਼ ਮਾਸੀ ਚੁੱਪ-ਚਾਪ ਉਨ੍ਹਾਂ ਦੀਆਂ ਗ਼ੱਲਾਂ ਸੁਣ ਰਹੀ ਸੀ। ਉਹ ਕਹਿਣ ਲੱਗੀ, "ਹੈਰੀ, ਕਾਰ 'ਚੋਂ ਪਾਸੇ ਵੱਲ ਪਏ ਕਾਗਜ਼ ਦੇ ਨੈਪਕਿਨ ਚੁੱਕ ਲਿਆ।"

"ਪਸੀਨਾ ਪੂੰਝਣ ਲਈ," ਨਾਨੂ ਨੇ ਪੁੱਛਿਆ?

"ਲਿਆਉਣ ਤਾਂ ਦਿਓ। ਦੱਸਦੀ ਆਂ ਕੀ ਕਰਨੈ," ਹਰਸ਼ ਮਾਸੀ ਨੇ ਕਿਹਾ।

ਜਦੋਂ ਹੈਰੀ ਕਾਗਜ਼ ਲੈ ਕੇ ਮੁੜਿਆ ਤਾਂ ਹਰਸ਼ ਮਾਸੀ ਕਹਿਣ ਲੱਗੀ, "ਐਹ ਸਾਰੇ ਕਾਗਜ਼ ਤਿਕੋਣੇ ਕਰ ਲਵੋ ਤੇ ਆਪੋ-ਆਪਣੇ ਸਿਰ ਉੱਤੇ ਰੱਖੋ। ਹੁਣ ਇਸ ਲਾਈਨ ਤੋਂ ਸ਼ੁਰੂ ਹੋ ਜਾਓ ਤੇ ਗਰਾਊਂਡ ਦੇ ਪਰਲੇ ਕੋਨੇ ਤਕ ਹੌਲੀ-ਹੌਲੀ ਧਿਆਨ ਨਾਲ ਤੁਰ ਕੇ ਜਾਓ। ਧਿਆਨ ਰਏ ਕਿ ਕਿਸੇ ਦੇ ਸਿਰ ਉਤੋਂ ਕਾਗਜ਼ ਡਿੱਗਣਾ ਨਈਂ ਚਾਹੀਦਾ। ਜਿਹੜਾ ਦੋ ਚੱਕਰ ਬਿਨਾ ਕਾਗਜ਼ ਡੇਗੇ ਪੂਰੇ ਕਰ ਗਿਆ, ਉਸ ਨੂੰ ਇਨਾਮ ਮਿਲੇਗਾ। ਧਿਆਨ ਰਏ, ਕਾਗਜ਼ ਨੂੰ ਹੱਥ ਨਾਲ ਕਿਸੇ ਨੇ ਰਸਤੇ 'ਚ ਠੀਕ ਨਈਂ ਕਰਨਾ! ਸਿਰ ਸਿੱਧਾ ਰੱਖਿਓ।"

ਸਾਰੇ ਜਣਿਆਂ ਨੇ ਕਾਗਜ਼ ਤਿਕੋਣੇ ਕਰ ਕੇ ਸਿਰ ਉੱਤੇ ਟਿਕਾ ਲਏ। ਹੈਰੀ ਬੋਲਿਆ, "ਜੇ ਮੈਂ ਜਿੱਤ ਗਿਆ ਤਾਂ ਮਾਸੀ ਜੀ ਤੁਸੀਂ ਮੈਨੂੰ ਤਿੰਨ ਦਿਨ ਤੱਕ ਪੜ੍ਹਨ ਲਈ ਨਈਂ ਕਹੋਗੇ!"

ਸੁੱਖੀ ਹੱਸ ਕੇ ਕਹਿਣ ਲੱਗੀ, "ਫ਼ਿਕਰ ਨਾ ਕਰ। ਤੂੰ ਨਈਂ ਜਿੱਤਣ ਲੱਗਾ। ਤੈਨੂੰ ਤਾਂ ਪੜ੍ਹਨਾ ਈ ਪੈਣੈ।"

"ਪਹਿਲਾਂ ਇਨਾਮ ਦੱਸੋ ਕੀ ਮਿਲੇਗਾ," ਨਾਨੂ ਪੁੱਛਣ ਲੱਗਿਆ, "ਮੈਂ ਨਿੱਕਾ ਜਿਹਾ ਕੁੱਤਾ ਪਾਲਣੈ।"

"ਚਲੋ ਪਹਿਲਾਂ ਤੁਰੋ ਤਾਂ ਸਈ। ਇਨਾਮ ਵਧੀਆ ਮਿਲੇਗਾ," ਹਰਸ਼ ਮਾਸੀ ਨੇ ਖਹਿੜਾ ਛੁਡਾਉਂਦਿਆਂ ਕਿਹਾ। ਸਾਰੇ ਤੁਰ ਪਏ। ਜੀਵ ਪੁੱਛਣ ਲੱਗਿਆ,"ਵੇਖੀਂ ਹਿੱਤੀ ਵੀਰ, ਕਿਤੇ ਮੇਰਾ ਕਾਗਜ਼ ਟੇਢਾ ਤਾਂ ਨਈਂ ਹੋ ਗਿਆ!" ਹਿੱਤੀ ਬੋਲਿਆ, "ਹਾਂ ਹੋ ਚੱਲਿਐ। ਵੇਖੀਂ ਡਿੱਗ ਨਾ ਜਾਏ।" ਜੀਵ ਗਰਦਨ ਰਤਾ ਕੁ ਟੇਢਾ ਕਰ ਕੇ ਤੁਰਨ ਲੱਗ ਪਿਆ। ਏਨੇ ਨੂੰ ਸੁੱਖੀ ਬੋਲੀ, "ਓ ਜੀਵ ਵੀਰ ਤੇਰਾ ਕਾਗਜ਼ ਤਾਂ ਡਿੱਗਣ ਵਾਲੈ। ਹੌਲੀ ਚੱਲ।"

ਨਾਨੂ ਕਹਿਣ ਲੱਗਿਆ, "ਮੇਰੇ ਸਿਰ 'ਤੇ ਕਾਗਜ਼ ਹੇਠਾਂ ਖੁਰਕ ਹੋ ਰਈ ਐ। ਮੈਂ ਹੱਥ ਨਈਂ ਲਾਉਣਾ ਪਰ ਕੋਈ ਹੋਰ ਜਣਾ ਮੈਨੂੰ ਓਥੇ ਖ਼ੁਰਕ ਕਰ ਦੇਵੇ।"

ਹਿੱਤੀ ਬੋਲਿਆ, "ਬੜਾ ਸੌਖਾ ਜਿਹਾ ਲੱਗਦਾ ਸੀ ਪਰ ਹੁਣ ਤੁਰਦਿਆਂ ਪਤਾ ਲੱਗਿਆ ਕਿੰਨਾ ਔਖਾ ਕੰਮ ਐ। ਬਿਲਕੁਲ ਸਿਰ ਹਿਲਾਏ ਬਿਨਾ ਤੁਰਨਾ ਕਿੰਨਾ ਔਖੈ। ਮਾਸੀ ਜੀ ਨੇ ਫਸਾ 'ਤਾ।"

"ਵੀਰੇ, ਇਨਾਮ ਕੀ ਮਿਲੂਗਾ," ਸੁੱਖੀ ਨੇ ਪੁੱਛਿਆ? "ਕੀ ਪਤਾ, ਇਹ ਤਾਂ ਮਾਸੀ ਜੀ ਨੂੰ ਪਤੈ। ਪਰ ਮੈਂ ਅੱਜ ਹਰ ਹਾਲ ਰੇਸ ਪੂਰੀ ਕਰ ਕੇ ਜਿੱਤ ਕੇ ਵਿਖਾਣੈ। ਮੈਂ ਤਾਂ ਕਿਤਾਬਾਂ ਤੋਂ ਤਿੰਨ ਦਿਨ ਦੀ ਛੁੱਟੀ ਲੈਣੀ ਐ," ਹੈਰੀ ਬੋਲ ਪਿਆ।

ਜਦ ਅੱਧੇ ਘੰਟੇ ਬਾਅਦ ਸਾਰੇ ਵਾਪਸ ਪਹੁੰਚੇ ਤਾਂ ਹਰ ਕਿਸੇ ਨੇ ਰਸਤੇ 'ਚ ਇਕ ਅੱਧ ਵਾਰ ਸਿਰ ਉੱਤੇ ਰੱਖਿਆ ਕਾਗਜ਼ ਠੀਕ ਕੀਤਾ ਸੀ। ਹਰਸ਼ ਮਾਸੀ ਨੇ ਨਾਨੂ ਨੂੰ ਪੁੱਛਿਆ, "ਬੱਚਿਆ, ਰਸਤੇ 'ਚ ਕਿੰਨੇ ਵੱਟੇ ਸੀ? ਨਾਨੂ ਨੇ ਜਵਾਬ ਦਿੱਤਾ," ਪਤਾ ਨਈਂ। ਮੇਰਾ ਤਾਂ ਸਾਰਾ ਧਿਆਨ ਸਿਰ 'ਤੇ ਰੱਖੇ ਕਾਗਜ਼ ਵੱਲ ਸੀ। ਪਤਾ ਈ ਨਈਂ ਲੱਗਿਆ।"

"ਜੀਵ ਬੱਚਿਆ, ਗਰਮੀ ਕਿੰਨੀ ਲੱਗੀ? ਪਸੀਨਾ ਪੂੰਝਣਾ ਪਿਆ," ਹਰਸ਼ ਮਾਸੀ ਨੇ ਪੁੱਛਿਆ?

ਜੀਵ ਨੇ ਜਵਾਬ ਦਿੱਤਾ, "ਮਾਸੀ ਜੀ ਧਿਆਨ ਈ ਨਈਂ ਰਿਆ। ਮੈਂ ਤਾਂ ਮਸਾਂ ਸਿਰ ਟੇਢਾ ਕਰ ਕੇ ਕਾਗਜ਼ ਸਿੱਧਾ ਰੱਖਣ ਵਿਚ ਲੱਗਿਆ ਰਿਆ।"

"ਹਿੱਤੀ ਬੱਚੇ ਕਿੰਨੇ ਕੁ ਲੋਕ ਉੱਚੀ ਬੋਲ ਰਏ ਸੀ," ਹਰਸ਼ ਮਾਸੀ ਨੇ ਫੇਰ ਪੁੱਛਿਆ?

ਹਿੱਤੀ ਕਹਿਣ ਲੱਗਿਆ,"ਸੱਚੀਂ ਮਾਸੀ ਜੀ ਕਿਸੇ ਦਾ ਪਤਾ ਈ ਨਈਂ ਲੱਗਿਆ। ਮੈਂ ਤਾਂ ਪੂਰਾ ਧਿਆਨ ਸਿਰ ਉੱਪਰਲੇ ਕਾਗਜ਼ 'ਤੇ ਟਿਕਾਇਆ ਹੋਇਆ ਸੀ।"

ਜਿਉਂ ਹੀ ਸੁੱਖੀ ਵੱਲ ਹਰਸ਼ ਮਾਸੀ ਨੇ ਮੂੰਹ ਘੁਮਾਇਆ, ਸੁੱਖੀ ਬੋਲ ਪਈ, "ਮੈਨੂੰ ਵੀ ਮਾਸੀ ਜੀ ਮਿੱਟੀ ਬਾਰੇ ਉੱਕਾ ਖ਼ਿਆਲ ਨਈਂ ਰਿਆ।"

ਹਰਸ਼ ਮਾਸੀ ਸਮਝਾਉਣ ਲੱਗੀ, "ਬੱਚਿਓ, ਜਦੋਂ ਦਿਮਾਗ਼ ਨੂੰ ਕਿਸੇ ਕੰਮ ਨਾ ਲਾਈਏ ਤਾਂ ਉਹ ਵਿਹਲਾ ਬੈਠਾ ਦੂਜਿਆਂ 'ਚ ਨੁਕਸ ਕੱਢਣ ਨੂੰ ਲੱਗ ਜਾਂਦੈ। ਜਦੋਂ ਤੁਸੀਂ ਸਾਰੇ ਜਣੇ ਕਿਸੇ ਆਹਰੇ ਲੱਗ ਗਏ ਤਾਂ ਤੁਹਾਨੂੰ ਉਹੀ ਚੀਜ਼ਾਂ ਦਿਸਣੀਆਂ ਬੰਦ ਹੋ ਗਈਆਂ ਜਿਨ੍ਹਾਂ 'ਚ ਤੁਹਾਨੂੰ ਨੁਕਸ ਦਿਸ ਰਏ ਸੀ। ਮਿੱਟੀ ਅਜੇ ਵੀ ਹੈ। ਰੌਲਾ ਵੀ ਹੈ। ਵੱਟੇ ਵੀ ਨੇ। ਪਰ, ਤੁਹਾਨੂੰ ਕੁਝ ਨਈਂ ਦਿਸਿਆ।"

ਏਨੇ ਨੂੰ ਗੁਰਪਾਲ ਮਾਸੜ ਜੀ ਪਿੱਛੋਂ ਆਉਂਦੇ ਦਿਸੇ ਤਾਂ ਨਾਨੂ ਚੀਕ ਪਿਆ,"ਆ ਜੋ ਮਾਸੜ ਜੀ, ਮਾਸੀ ਜੀ ਮਜ਼ੇਦਾਰ ਗ਼ੱਲ ਸੁਣਾ ਰਏ ਨੇ। ਹੁਣ ਇਨਾਮ ਵੀ ਦੇਣਗੇ।"

ਹਰਸ਼ ਮਾਸੀ ਬੋਲੀ, "ਬੱਚਿਓ ਪਹਿਲਾਂ ਮੇਰੀ ਗ਼ੱਲ ਵੱਲ ਧਿਆਨ ਦਿਓ। ਜਿਹੜੇ ਜਣੇ ਕਿਸੇ ਹੋਰ 'ਚ ਨੁਕਸ ਕੱਢਣ, ਉਹ ਵਿਹਲੇ ਹੁੰਦੇ ਨੇ। ਉਨ੍ਹਾਂ ਕੋਲ ਕੋਈ ਹੋਰ ਕੰਮ ਨਈਂ। ਜਿਹੜੇ ਲਗਨ ਨਾਲ ਆਪਣੇ ਕੰਮ 'ਚ ਜੁਟੇ ਹੋਣ, ਉਨ੍ਹਾਂ ਕੋਲ ਦੂਜਿਆਂ ਵੱਲ ਝਾਕਣ ਦਾ ਸਮਾਂ ਈ ਨਈਂ ਹੁੰਦਾ। ਜਿਹੜੇ ਆਪਣਾ ਟੀਚਾ ਮਿੱਥ ਲੈਣ, ਉਹ ਸਫ਼ਲ ਇਨਸਾਨ ਬਣ ਜਾਂਦੇ ਨੇ। ਬਾਕੀ ਸਿਰਫ਼ ਆਪਣੀ ਜ਼ਿੰਦਗੀ ਜ਼ਾਇਆ ਕਰਦੇ ਨੇ। ਹੁਣ ਤੁਸੀਂ ਆਪਣੀ ਸਿਹਤ ਵੱਲ ਧਿਆਨ ਦੇ ਕੇ ਕਸਰਤ ਕਰੋ ਤਾਂ ਬਾਕੀ ਸਭ ਗੱਲਾਂ ਤੁਹਾਡੇ ਮਨ 'ਚੋਂ ਬਾਹਰ ਨਿਕਲ ਜਾਣਗੀਆਂ। ਇੰਜ ਹੀ ਪੜ੍ਹਾਈ ਵੇਲੇ ਜੇ ਤੁਹਾਡਾ ਹੋਰ ਗ਼ੱਲਾਂ ਵੱਲ ਧਿਆਨ ਜਾ ਰਿਹੈ ਤਾਂ ਤੁਸੀਂ ਇਕਾਗਰ ਹੋ ਕੇ ਨਈਂ ਪੜ੍ਹ ਰਏ।"

"ਕਿਹੜੀ ਕਹਾਣੀ ਸੁਣਾਈ ਜਾ ਰਈ ਐ ਬਈ," ਗੁਰਪਾਲ ਮਾਸੜ ਜੀ ਨੇ ਨੇੜੇ ਆਉਂਦਿਆਂ ਪੁੱਛਿਆ?

"ਮਾਸੜ ਜੀ, ਮਾਸੀ ਜੀ ਨੇ ਸਾਨੂੰ ਸਾਰਿਆਂ ਨੂੰ ਰੇਸ 'ਚ ਫੇਲ੍ਹ ਕਰ 'ਤਾ। ਕਿਸੇ ਨੂੰ ਇਨਾਮ ਨਈਂ ਮਿਲਿਆ। ਤੁਸੀਂ ਸਾਨੂੰ ਆਈਸਕ੍ਰੀਮ ਖੁਆ ਦਿਓਗੇ," ਨਾਨੂ ਨੇ ਮਾਸੜ ਜੀ ਦੀ ਲੱਤ ਨੂੰ ਜੱਫੀ ਪਾ ਕੇ ਕਿਹਾ।

"ਜ਼ਰੂਰ। ਜ਼ਰੂਰ। ਪਰ ਦੱਸੋ ਅੱਜ ਕਿਹੜੀ ਕਹਾਣੀ ਸੁਣੀ," ਗੁਰਪਾਲ ਮਾਸੜ ਜੀ ਨੇ ਪੁੱਛਿਆ?

"ਅੱਜ ਤਾਂ ਮਾਸੀ ਜੀ ਨੇ ਵਧੀਆ ਜ਼ਿੰਦਗੀ ਜਿਊਣ ਦਾ ਗੁਰ ਸਿਖਾ ਦਿੱਤੈ ਤੇ ਨਾਲੇ ਚੰਗੀ ਤਰ੍ਹਾਂ ਪੜ੍ਹਾਈ ਕਰਨ ਦਾ ਵੀ," ਸੁੱਖੀ ਬੋਲ ਪਈ।

"ਚਲੋ ਫੇਰ ਚੱਲੀਏ ਆਈਸਕ੍ਰੀਮ ਖਾਣ," ਗੁਰਪਾਲ ਮਾਸੜ ਜੀ ਬੱਚਿਆਂ ਦਾ ਹੱਥ ਫੜ ਕੇ ਤੁਰ ਪਏ।

# ਬੇਨਿਯਮਾ ਖਾਣ-ਪੀਣ ਸਿਹਤ ਲਈ ਖਤਰਨਾਕ

ਦੌੜ-ਭੱਜ ਦੇ ਚਲਦੇ ਬਹੁਤੀਆਂ ਕੰਮਕਾਜੀ ਔਰਤਾਂ ਲਈ ਸਵੇਰੇ-ਸ਼ਾਮ ਤਾਜ਼ਾ ਭੋਜਨ ਬਣਾਉਣਾ ਸੰਭਵ ਨਹੀਂ ਹੁੰਦਾ। ਚਾਹੇ ਭੋਜਨ ਨਾਲ ਸਾਨੂੰ ਕਿੰਨਾ ਵੀ ਨੁਕਸਾਨ ਕਿਉਂ ਨਾ ਹੋਵੇ ਪਰ ਇਹ ਸਾਡੇ ਜੀਵਨ ਦਾ ਇਕ ਅੰਗ ਬਣ ਗਿਆ ਹੈ ਅਤੇ ਅਸੀਂ ਚਾਹ ਕੇ ਵੀ ਇਸ ਤੋਂ ਛੁਟਕਾਰਾ ਨਹੀਂ ਪਾ ਸਕਦੇ ਪਰ ਇਸ ਦਾ ਸੇਵਨ ਕਰਨ ਵਿਚ ਵੀ ਜੇ ਕੁਝ ਸਾਵਧਾਨੀਆਂ ਵਰਤੀਏ ਤਾਂ ਬਹੁਤ ਸਾਰੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ-

- ਮੌਸਮੀ ਸਬਜ਼ੀਆਂ ਦਾ ਸੇਵਨ ਵੱਧ ਤੋਂ ਵੱਧ ਕਰੋ। ਜੇ ਸਵੇਰੇ-ਸ਼ਾਮ ਤਾਜ਼ਾ ਖਾਣਾ ਨਾ ਬਣ ਸਕੇ ਤਾਂ ਸਵੇਰੇ ਬਣਾ ਕੇ ਰੱਖ ਲਓ ਪਰ ਧਿਆਨ ਰੱਖੋ ਕਿ ਵਾਰ-ਵਾਰ ਇਸ ਨੂੰ ਗਰਮ ਜਾਂ ਠੰਢਾ ਕਰਕੇ ਨਾ ਖਾਓ, ਜਿਵੇਂ ਸਵੇਰੇ ਤੁਸੀਂ ਖਾਣੇ ਨੂੰ ਫਰਿੱਜ ਵਿਚ ਰੱਖ ਦਿੱਤਾ ਤੇ ਸ਼ਾਮ ਨੂੰ ਪੂਰੀ ਸਬਜ਼ੀ ਗਰਮ ਕਰ ਲਈ ਅਤੇ ਖਾਣੇ ਤੋਂ ਬਾਅਦ ਬਚੀ ਹੋਈ ਸਬਜ਼ੀ ਨੂੰ ਫਿਰ ਫਰਿੱਜ ਵਿਚ ਰੱਖ ਦਿੱਤਾ।
- ਦਾਲ ਤਾਜ਼ੀ ਬਣਾ ਕੇ ਹੀ ਖਾਓ। ਬੇਹੀ ਦਾਲ ਦਾ ਸੇਵਨ ਜ਼ਿਆਦਾ ਨੁਕਸਾਨਦੇਹ ਹੁੰਦਾ ਹੈ। ਇਸ ਲਈ ਜਦੋਂ ਤੁਹਾਡੇ ਕੋਲ ਲੋੜੀਂਦਾ ਸਮਾਂ ਹੋਵੇ, ਦਾਲ ਉਦੋਂ ਹੀ ਬਣਾਓ ਅਤੇ ਲੋੜੀਂਦੀ ਮਾਤਰਾ ਵਿਚ ਹੀ ਬਣਾਓ।
- ਆਟਾ ਬਹੁਤ ਜ਼ਿਆਦਾ ਮਾਤਰਾ ਵਿਚ ਗੁੰਨ ਕੇ ਨਾ ਰੱਖੋ। ਸਵੇਰ ਦਾ ਗੁੰਨਿਆ ਹੋਇਆ ਆਟਾ ਸ਼ਾਮ ਨੂੰ ਵਰਤੋਂ ਵਿਚ ਲਿਆਉਣ ਨਾਲ ਨੁਕਸਾਨ ਨਹੀਂ ਹੁੰਦਾ ਪਰ ਜੇ ਤੁਸੀਂ 2-3 ਦਿਨ ਦਾ ਆਟਾ ਇਕੱਠਾ ਗੁੰਨ ਕੇ ਰੱਖਦੇ ਹੋ ਤਾਂ ਇਹ ਤੁਹਾਡੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।
- ਦੁੱਧ ਨੂੰ ਵਾਰ-ਵਾਰ ਜਾਂ ਜ਼ਿਆਦਾ ਉਬਾਲ ਕੇ ਨਾ ਪੀਓ।
- ਸਾਦੇ ਚੌਲ (ਉਬਲੇ ਹੋਏ) ਤੁਸੀਂ ਅਗਲੇ ਦਿਨ ਖਾ ਸਕਦੇ ਹੋ ਪਰ ਜੇ ਤੁਸੀਂ ਪੁਲਾਵ ਬਣਾਇਆ ਹੈ ਤਾਂ ਇਸ ਨੂੰ ਬੇਹਾ ਖਾਣਾ ਸਿਹਤ ਲਈ ਠੀਕ ਨਹੀਂ ਹੈ।
- ਜੰਕ ਫੂਡ ਦਾ ਸੇਵਨ ਕਦੇ-ਕਦੇ ਅਤੇ ਘੱਟ ਮਾਤਰਾ ਵਿਚ ਕਰੋ ਤਾਂ ਇਹ ਜ਼ਿਆਦਾ ਨੁਕਸਾਨਦਾਇਕ ਨਹੀਂ ਹੁੰਦਾ। ਵੈਸੇ ਛੁੱਟੀ ਵਾਲੇ ਦਿਨ ਸਮਾਂ ਕੱਢ ਕੇ ਘਰ ਵਿਚ ਹੀ ਸਮੋਸਾ, ਕਚੌਰੀ, ਬਰਗਰ, ਟਿੱਕੀ, ਪਕੌੜੇ ਆਦਿ ਤਾਜ਼ੇ ਬਣਾ ਕੇ ਖਾਓ ਤਾਂ ਚੰਗਾ ਹੈ।
- ਬੇਹਾ ਦਹੀਂ ਖਾਣਾ ਵੀ ਸਿਹਤ ਲਈ ਨੁਕਸਾਨਦਾਇਕ ਸਾਬਤ ਹੋ ਸਕਦਾ ਹੈ। ਇਸ ਲਈ ਜਿਥੋਂ ਤੱਕ ਸੰਭਵ ਹੋਵੇ, ਤਾਜ਼ਾ ਦਹੀਂ ਹੀ ਵਰਤੋਂ ਵਿਚ ਲਿਆਓ।



## ਗ਼ਜ਼ਲ



**ਕੇਵਲ ਸਿੰਘ ਧਰਮਪੁਰਾ**
(9878801561)

ਬੁੱਕਲ 'ਚ ਹੈ ਤੂਫਾਨ ਸਾਡੇ, ਤੂੰ ਦੱਸ ਕੀ ਮਿਟਾਉਣਾ ਹੈ
ਕਿਹੜਾ ਪਹਾੜ ਤੋੜਨਾ ਹੈ, ਕਿੱਥੇ ਮੀਂਹ ਵਰਾਉਣਾ ਹੈ

ਪਰਛਾਵੇਂ ਨਾ ਫੜੇ ਜਾਂਦੇ, ਨਾ ਧੁੱਪ ਮੁੱਠੀ 'ਚ ਬੰਦ ਹੋਵੇ
ਤੂੰ ਦੱਸ ਸੱਜਣ ਹੋਰ ਕਿੰਨਾ ਕੁ ਜ਼ੋਰ ਲਗਾਉਣਾ ਹੈ

ਕੱਟ ਲਿਆ, ਵੱਢ ਲਿਆ, ਪੀਸ ਲਿਆ, ਮਸਲ਼ ਦਿੱਤਾ
ਇੱਕ ਗੱਲ ਦੱਸ ਕੀ ਤੂੰ ਮੈਨੂੰ ਹੋਰ ਵੀ ਅਜ਼ਮਾਉਣਾ ਹੈ

ਮੈਂ ਖਾਧੇ ਹੋਏ ਨੇ ਸੂਰਜ, ਛੇਤੀ ਹੀ ਤੈਨੂੰ ਪਤਾ ਲੱਗਜੂ
ਚਿਰਾਗ਼ ਬੁਝਾ ਕੇ ਤੂੰ ਕਦੋਂ ਕੁ ਤੱਕ ਮੁਸਕਰਾਉਣਾ ਹੈ

ਸਾਡੀ ਹਰ ਇੱਕ ਗੱਲ ਨੂੰ ਮਜ਼ਾਕ ਸਮਝੇ, ਛੱਡ ਯਾਰ
ਪੀਸ ਕੇ ਆਪਾਂ ਵੀ ਕੀ ਉਹਨੂੰ ਜ਼ਖ਼ਮਾਂ 'ਤੇ ਲਾਉਣਾ ਹੈ

ਨਿਮਰਤਾ, ਹਲੀਮੀ ਤੇ ਸਤਿਕਾਰ ਹੈ ਦਿਲਾਂ 'ਚ ਸਾਡੇ
ਅੱਗ ਵੀ ਹੈ, ਬਾਕੀ ਤੂੰ ਦੇਖ ਜੇ ਭਾਂਬੜ ਬਣਾਉਣਾ ਹੈ

# Sir Speedy Tustin

Printers to the Community




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Product
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




South Asian Wedding Cards



CALL NOW

## ਮਹਿੰਦਰਪਾਲ ਬਿੱਟੂ ਸੀ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਦੀ ਸਾਜ਼ਿਸ਼ ਰਚਣ ਵਾਲਿਆਂ ਦਾ ਫੀਲਾ

ਹੈ ਕਿ ਜਦੋਂ ਇਨਸਾਫ਼ ਨਹੀਂ ਮਿਲਦਾ ਤਾਂ ਇਹੋ ਜਿਹੇ ਕਾਂਡ ਵਾਪਰਦੇ ਹਨ। ਸਿੱਖ ਕੌਮ ਬੜੀ ਸ਼ਾਂਤਮਈ ਕੌਮ ਹੈ, ਉਹ ਕਿਸੇ ਨਾਲ ਧੱਕਾ ਨਹੀਂ ਕਰਦੀ, ਪਰ ਆਪਣੇ ਨਾਲ ਬੇਇਨਸਾਫ਼ੀ ਨਹੀਂ ਸਹਿੰਦੀ ਤੇ ਨਾ ਹੀ ਗੁਲਾਮੀ ਵਿਚ ਰਹਿਣਾ ਪਸੰਦ ਕਰਦੀ ਹੈ। ਇਹ ਗੁਰੂ ਦੀ ਦਿੱਤੀ ਫਿਲਾਸਫੀ ਹੈ ਤੇ ਇਹ ਫਿਲਾਸਫੀ ਸਿੱਖ ਮਨ ਵਿਚ ਜੁਗੋ ਜੁਗ ਅਟੱਲ ਹੈ। ਇਹੀ ਕਾਰਨ ਹੈ ਕਿ ਦੋ ਜੇਲ੍ਹੀ ਬੰਦ ਸਿੱਖਾਂ ਨੇ ਇਹ ਅਪਮਾਨ ਨਾ ਸਹਿੰਦਿਆਂ ਇਹ ਕਾਂਡ ਕਰ ਦਿੱਤਾ। ਬਾਕੀ ਦੂਸਰੇ ਪਾਸੇ ਇਹ ਵੀ ਪੱਖ ਸਾਹਮਣੇ ਆ ਰਹੇ ਹਨ ਕਿ ਇਸ ਪਿੱਛੇ ਅਕਾਲੀ ਦਲ ਦੀ ਸਾਜ਼ਿਸ਼ ਹੈ ਜਾਂ ਕਿਸੇ ਹੋਰ ਪਾਰਟੀ ਦੀ ਹੈ, ਪਰ ਮੈਂ ਇਹ ਸਮਝਦਾ ਹਾਂ ਕਿ ਇਹ ਪੰਥਕ ਜਜ਼ਬਾਤ ਦੇ ਅਧੀਨ ਵਾਪਰਿਆ ਕਾਂਡ ਹੈ। ਸਿੱਖ ਇਤਿਹਾਸ ਵਿਚ ਇਹੋ ਜਿਹੀਆਂ ਇਤਿਹਾਸਕ ਘਟਨਾਵਾਂ, ਕਾਂਡ ਵਾਪਰਦੇ ਰਹੇ ਹਨ। ਇਸ ਵਿਚ ਕਸੂਰਵਾਰ ਸੱਤਾਧਾਰੀ ਧਿਰਾਂ ਹਨ, ਜੋ ਇਨਸਾਫ਼ ਨਹੀਂ ਕਰਦੀਆਂ। ਸਿਰਫ਼ ਲੋਕਾਂ ਦੇ ਖ਼ੂਨ ਤੇ ਅਮਨ ਦਾ ਕਤਲ ਕਰਨ ਦੇ ਲਈ ਅਨੈਤਿਕ ਸਿਆਸਤ ਖੇਡਦੀਆਂ ਹਨ। ਸਰਕਾਰ ਨੂੰ ਅਮਨ ਕਾਨੂੰਨ ਦੀ ਸਥਿਤੀ ਸੰਭਾਲਣ ਲਈ ਸਿੱਖ ਕੌਮ, ਘੱਟ ਗਿਣਤੀਆਂ ਤੇ ਪੀੜਤ ਧਿਰਾਂ ਨਾਲ ਇਨਸਾਫ਼ ਕਰਨਾ ਚਾਹੀਦਾ ਹੈ ਤੇ ਮਨੁੱਖੀ ਹੱਕਾਂ ਦੀ ਰੱਖਿਆ ਕਰਨੀ ਚਾਹੀਦੀ ਹੈ। ਇਹੀ ਸੱਤਾਧਾਰੀਆਂ ਦਾ ਫਰਜ਼ ਤੇ ਧਰਮ ਹੋਣਾ ਚਾਹੀਦਾ ਹੈ। ਸੰਵਿਧਾਨ ਦੀ ਸਹੁੰ ਉਹ ਇਸੇ ਲਈ ਖਾਂਦੇ ਹਨ, ਪਰ ਨਿਭਾਉਂਦੇ ਨਹੀਂ ਹਨ।

## ਡਰੱਗ ਨਾਲ ਹੋ ਰਹੀ ਹੈ ਪੰਜਾਬੀਆਂ ਦੀ ਨਸਲਕੁਸ਼ੀ, ਮੌਤਾਂ ਕਰ ਰਹੀਆਂ ਨੇ ਕੈਪਟਨ ਦੇ ਦਾਅਵਿਆਂ ਦਾ ਪਰਦਾਫਾਸ਼

1, ਰੂਪਨਗਰ ਦੇ 4, ਮੁਹਾਲੀ ਦੇ 2, ਫਤਹਿਗੜ੍ਹ ਸਾਹਿਬ ਦੇ 2 ਥਾਣੇ ਸ਼ਾਮਲ ਹਨ। ਬੀਤੇ ਸਮੇਂ ਦੌਰਾਨ ਐਸਐਸਪੀ ਪਟਿਆਲਾ ਸਰਦਾਰ ਮਨਦੀਪ ਸਿੰਘ ਸਿੱਧੂ ਵੱਲੋਂ ਨਸ਼ਿਆਂ ਤੇ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਲਿਪਤ 11 ਪੁਲਿਸ ਮੁਲਾਜ਼ਮਾਂ ਨੂੰ ਬਰਤਰਫ ਕਰ ਦਿੱਤਾ ਸੀ। ਜਿਨ੍ਹਾਂ ਵਿੱਚ 6 ਥਾਣੇਦਾਰ,3 ਹੈਡਕਾਂਸਟੇਬਲ ਤੇ 2 ਸ਼ਿਪਾਹੀਆਂ ਦੇ ਨਾਂ ਸ਼ਾਮਲ ਹਨ। ਜਿਹੜੇ 6 ਥਾਣੇਦਾਰਾਂ ਨੂੰ ਨੌਕਰੀ ਤੋਂ ਬਾਹਰ ਕੱਢਿਆ ਗਿਆ ਸੀ ਉਨ੍ਹਾਂ ਵਿੱਚ ਇੱਕ ਔਰਤ ਥਾਣੇਦਾਰ ਦਾ ਨਾਮ ਵੀ ਸ਼ਾਮਲ ਹੈ। ਇਸ ਤੋਂ ਇਲਾਵਾ ਪੰਜਾਬ ਦੇ ਕਈ ਹੋਰ ਜਿਲ੍ਹਿਆਂ ਵਿਚ ਵੀ ਨਸ਼ਿਆਂ ਦੇ ਮਾਮਲਿਆਂ ਵਿਚ ਸ਼ਾਮਲ ਪਾਏ ਜਾ ਰਹੇ ਪੁਲਿਸ ਮੁਲਾਜ਼ਮਾਂ ਨੂੰ ਨੌਕਰੀਓਂ ਕੱਢਣ ਦਾ ਸਿਲਸਿਲਾ ਸ਼ੁਰੂ ਹੋ ਚੁਕਿਆ ਹੈ। ਐਸਟੀਐਫ ਮੁਖੀ ਗੁਰਪ੍ਰੀਤ ਕੌਰ ਦਿਓ ਨੇ ਇਹ ਐਲਾਨ ਕੀਤਾ ਹੈ ਕਿ ਜਿੱਥੇ ਵੀ ਨਸ਼ਾ ਵਿਕਦਾ ਪਾਇਆ ਗਿਆ ਜਾਂ ਨਸ਼ਾ ਤਸਕਰਾਂ ਨਾਲ ਕਿਸੇ ਪੁਲਿਸ ਵਾਲੇ ਦੀ ਮਿਲੀਭੁਗਤ ਸਾਹਮਣੇ ਆਈ, ਉਸ ਥਾਣੇ ਦੇ ਮੁਖੀ ਸਣੇ ਏਰੀਏ ਦੇ ਡੀਐਸਪੀ ਨੂੰ ਵੀ ਜ਼ਿੰਮੇਵਾਰ ਠਹਿਰਾਇਆ ਜਾਵੇਗਾ। ਪਰ ਇਹ ਮੁਹਿੰਮ ਤਾਂ ਹੀ ਸਿਰੇ ਚੜ੍ਹ ਸਕਦੀ ਹੈ ਜੇ ਅਫ਼ਸਰ ਇਮਾਨਦਾਰ ਹੋਣ ਤੇ ਕੈਪਟਨ ਅਮਰਿੰਦਰ ਸਿੰਘ ਆਪ ਇਮਾਨਦਾਰੀ ਨਾਲ ਇਸ ਦੀ ਕਮਾਂਡ ਸੰਭਾਲਣ।

ਰਜਿੰਦਰ ਸਿੰਘ ਪੁਰੇਵਾਲ

## 'ਦੰਗਲ' ਫਿਲਮ ਦੀ ਮਸ਼ਹੂਰ ਬਾਲ ਕਲਾਕਾਰ 'ਜ਼ਾਇਰਾ ਵਸੀਮ' ਦੇ ਬਾਲੀਵੁੱਡ ਛੱਡਣ ਦੇ ਐਲਾਨ 'ਤੇ ਹਿੰਦੂਤਵੀ ਲਾਣਾ ਭੁੜਕਿਆ

ਦਾ ਹੱਕ ਮੰਨਦਿਆਂ ਬਤੌਰ ਅਦਾਕਾਰਾ ਉਸ ਦੇ ਕੰਮ ਦੀ ਤਾਰੀਫ ਕੀਤੀ ਹੈ।ਜ਼ਾਇਰਾ ਦੇ ਫ਼ਿਲਮ ਇੰਡਸਟਰੀ ਛੱਡਣ 'ਤੇ 'ਦੰਗਲ' ਫਿਲਮ ਦੇ ਡਾਇਰੈਕਟਰ ਨਿਤੀਸ਼ ਤਿਵਾਰੀ ਦਾ ਵੀ ਬਿਆਨ ਸਾਹਮਣੇ ਆਇਆ ਹੈ। ਜ਼ਾਇਰਾ ਵਸੀਮ ਦੀ ਪੋਸਟ 'ਤੇ ਹੈਰਾਨੀ ਜਤਾਉਂਦੇ ਹੋਏ "ਦੰਗਲ' ਦੇ ਡਾਇਰੈਕਟਰ ਨੇ ਕਿਹਾ, 'ਮੈਨੂੰ ਪਤਾ ਲੱਗਾ ਕਿ ਜ਼ਾਇਰਾ ਨੇ ਇਹ ਫੈਸਲਾ ਲਿਆ ਹੈ। ਮੇਰੇ ਲਈ ਇਹ ਹੈਰਾਨ ਕਰ ਦੇਣ ਵਾਲੀ ਗੱਲ ਹੈ। ਇਹ ਉਮੀਦ ਨਹੀਂ ਸੀ ਪਰ ਆਖਿਰ 'ਚ ਇਹ ਉਸ ਦੀ ਜ਼ਿੰਦਗੀ ਦਾ ਫੈਸਲਾ ਹੈ ਕਿ ਉਹ ਅੱਗੇ ਕਿਵੇਂ ਵਧਣਾ ਚਾਹੁੰਦੀ ਹੈ। ਹਾਂ ਸਾਨੂੰ ਜ਼ਾਇਰਾ ਦੇ ਇੰਡਸਟਰੀ ਤੋਂ ਜਾਣ ਦਾ ਦੁੱਖ ਰਹੇਗਾ, ਕਿਉਂਕਿ ਉਹ ਇਕ ਸ਼ਾਨਦਾਰ ਕਲਾਕਾਰ ਹੈ। " ਦੱਸਣਯੋਗ ਹੈ ਕਿ ਜ਼ਾਇਰਾ ਨੇ ਸਾਲ 2016 'ਚ ਆਮਿਰ ਖਾਨ ਦੀ ਫਿਲਮ 'ਦੰਗਲ' ਨਾਲ ਆਪਣਾ ਬਾਲੀਵੁੱਡ ਡੈਬਿਊ ਕੀਤਾ ਸੀ। ਇਸ ਫ਼ਿਲਮ ਨੇ ਹੀ ਜ਼ਾਇਰਾ ਨੂੰ ਪਛਾਣ ਦਿਵਾਈ ਸੀ। ਇਸ ਫ਼ਿਲਮ 'ਚ ਆਪਣੀ ਸ਼ਾਨਦਾਰ ਅਦਾਕਾਰੀ ਲਈ ਨੈਸ਼ਨਲ ਐਵਾਰਡ ਵੀ ਜਿੱਤ ਚੁੱਕੀ ਹੈ।

## 550 ਸਾਲਾ ਪ੍ਰਕਾਸ਼ ਪੁਰਬ 'ਤੇ ਭਗਵਿਆਂ ਦਾ ਪਰਛਾਵਾਂ

ਸ਼੍ਰੋਮਣੀ ਕਮੇਟੀ ਜਿਹੜੀ ਸਿੱਖ ਦੀ ਸਿਰਮੌਰ ਧਾਰਮਿਕ ਸੰਸਥਾ ਵਜੋਂ ਸਥਾਪਿਤ ਕੀਤੀ ਗਈ ਸੀ, ਉਹ ਇਕ ਰਾਜਸੀ ਪਰਿਵਾਰ ਦੀ ਗੁਲਾਮ ਬਣ ਕੇ ਰਹਿ ਗਈ। ਧਾਰਮਿਕ ਸੰਸਥਾ 'ਚ ਗੋਡੇ-ਗੋਡੇ ਭ੍ਰਿਸ਼ਟਾਚਾਰ ਉਸ ਦੇ ਧਾਰਮਿਕ ਹੋਣ 'ਤੇ ਵੱਡਾ ਸੁਆਲੀਆ ਚਿੰਨ੍ਹ ਪਹਿਲਾਂ ਹੀ ਲਾ ਚੁੱਕਾ ਹੈ। ਹੁਣ ਉਹ ਬਾਦਲਾਂ ਦੀ ਹੱਥ ਠੋਕਾ ਬਣ ਕੇ ਜਿਸ ਤਰ੍ਹਾਂ ਸੰਘ ਦੇ ਗੁੱਝੇ ਏਜੰਡੇ ਲਈ ਪ੍ਰਕਾਸ਼ ਪੁਰਬ ਸਮਾਗਮਾਂ ਨੂੰ ਵਰਤਣ ਲੱਗੀ ਹੈ, ਇਹ ਸਮੁੱਚੀ ਸਿੱਖ ਕੌਮ ਲਈ ਘਾਤਕ ਹੋ ਸਕਦਾ ਹੈ।

ਸਿੱਖਾਂ ਵੱਲੋਂ ਸ਼੍ਰੀ ਅਕਾਲ ਤਖ਼ਤ ਸਾਹਿਬ ਦੀ ਮਹਾਨਤਾ, ਜਥੇਦਾਰਾਂ ਦੇ ਸਤਿਕਾਰ ਸਮੇਤ ਸਾਰੀਆਂ ਸਿੱਖ ਸੰਸਥਾਵਾਂ ਦੇ ਭੋਗ ਨੂੰ ਚੁੱਪ- ਚੁਪੀਤੇ ਝੱਲ ਲਿਆ ਗਿਆ ਹੈ। ਪਰ ਹੁਣ ਸ਼੍ਰੋਮਣੀ ਕਮੇਟੀ ਨੂੰ ਖਾਲਸਾ ਪੰਥ ਇਹ ਸੁਆਲ ਜ਼ਰੂਰ ਕਰੇਗਾ ਕਿ ਆਖ਼ਰ ਸ਼੍ਰੋਮਣੀ ਕਮੇਟੀ ਨੂੰ ਆਪਣਾ "ਵੱਡਾ ਬਾਪੂ" "ਛੋਟੇ ਬਾਪੂਆਂ" ਦੀ ਗੱਦੀ ਕਾਰਟ ਕਿੰਨੀ ਕੁ ਦੇਰ ਭੁੱਲਿਆ ਰਹੇਗਾ ?

ਸ਼੍ਰੋਮਣੀ ਕਮੇਟੀ ਦੀ ਜ਼ੁੰਮੇਵਾਰੀ ਹੈ,ਕਿ ਉਹ ਪ੍ਰਕਾਸ਼ ਪੁਰਬ ਦੇ ਸ਼ਤਾਬਦੀ ਸਮਾਗਮਾਂ ਨੂੰ ਸਿੱਖੀ ਦਾ ਪ੍ਰਚਾਰ ਤੇ ਪਾਸਾਰ ਕਰਨ ਲਈ ਮੰਚ ਵੱਜੋਂ ਵਰਤੇ । ਨਹੀਂ ਤਾਂ, ਕਰੋੜਾਂ ਰੁਪਿਆ ਇਕ ਰਾਜਸੀ ਪਰਿਵਾਰ ਨੂੰ ਉਚਾ ਉਠਾਉਣ ਲਈ ਬਰਬਾਦ ਹੋ ਜਾਵੇਗਾ। ਗੁਰੂ ਨਾਨਕ ਪਾਤਸ਼ਾਹ ਦੀ 550 ਸਾਲਾਂ ਸ਼ਤਾਬਦੀ ਦਾ ਜੇ ਕੋਈ ਲਾਹਾ ਲੈਣਾ ਤਾਂ ਸਭ ਤੋਂ ਪਹਿਲਾ ਸ਼੍ਰੋਮਣੀ ਕਮੇਟੀ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਸਲ ਅਰਥ ਤੇ ਇਸਦੀ ਸਥਾਪਨਾ ਲਈ ਸਿੱਖ ਪੰਥ ਵਜੋਂ ਕੀਤੀਆ ਕੁਰਬਾਨੀਆਂ ਯਾਦ ਕਰਵਾਉਣੀਆਂ ਪੈਣਗੀਆਂ ਤਾਂ ਕਿ ਸ਼੍ਰੋਮਣੀ ਕਮੇਟੀ ਆਪਣੀ ਅਸਲ ਜ਼ਿੰਮੇਵਾਰੀ ਦਾ ਅਹਿਸਾਸ ਕਰ ਸਕੇ।

### ਮੋਦੀ ਨੂੰ ਸੱਦਾ ਪੱਤਰ-

ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦੇ ਸਬੰਧ 'ਚ ਕਰਵਾਏ ਜਾ ਰਹੇ ਸਮਾਗਮਾਂ 'ਚ ਸ਼ਿਰਕਤ ਕਰਨ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਾਮੀ ਭਰ ਦਿੱਤੀ ਹੈ। ਉਹ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਵਿਖੇ ਹੋਣ ਵਾਲੇ ਸਮਾਗਮ 'ਚ ਹਿੱਸਾ ਲੈਣਗੇ। ਸ਼੍ਰੋਮਣੀ ਅਕਾਲੀ ਦਲ ਦਾ ਵਫ਼ਦ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਨਵੀਂ ਦਿੱਲੀ ਵਿਚ ਪ੍ਰਧਾਨ ਮੰਤਰੀ ਨੂੰ ਮਿਲਿਆ ਅਤੇ ਉਨ੍ਹਾਂ ਨੂੰ 12 ਨਵੰਬਰ ਨੂੰ ਸੁਲਤਾਨਪੁਰ ਲੋਧੀ ਦੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਖੇ ਹੋਣ ਵਾਲੇ ਸਮਾਗਮ ਵਿਚ ਸ਼ਾਮਿਲ ਹੋਣ ਦਾ ਸੱਦਾ ਦਿੱਤਾ। ਵਫ਼ਦ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਤੋਂ ਇਲਾਵਾ ਡੀਐਸਜੀਐਮਸੀ ਅਤੇ ਸ੍ਰੀ ਪਟਨਾ ਸਾਹਿਬ ਬੋਰਡ ਦੇ ਨੁਮਾਇੰਦੇ ਵੀ ਹਾਜ਼ਰ ਸਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਦੱਸਿਆ ਕਿ ਸ੍ਰੀ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਇਤਿਹਾਸਕ ਪੁਰਬ ਨੂੰ ਸਮੁੱਚੇ ਵਿਸ਼ਵ ਲਈ ਇਕ ਵਿਲੱਖਣ ਮੌਕਾ ਕਰਾਰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪ੍ਰਧਾਨ ਮੰਤਰੀ ਨੇ ਆਖਿਆ ਕਿ ਜਗਤ ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦੇ ਮੁਬਾਰਕ ਦਿਹਾੜੇ ਸਮੇਂ ਸ਼ਾਮਲ ਹੋਣਾ ਉਨ੍ਹਾਂ ਦੀ ਖ਼ੁਸ਼ਨਸੀਬੀ ਹੋਵੇਗੀ ਕਿਉਂਕਿ ਗੁਰੂ ਸਾਹਿਬ ਸਮੁੱਚੀ ਲੋਕਾਈ ਲਈ ਮਾਰਗ ਦਰਸ਼ਕ ਹਨ। ਵਫ਼ਦ ਵਿਚ ਸੰਸਦ ਮੈਂਬਰ ਬਲਵਿੰਦਰ ਸਿੰਘ ਭੂੰਦੜ, ਡੀਐਸਜੀਐਮਸੀ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਅਤੇ ਸ੍ਰੀ ਪਟਨਾ ਸਾਹਿਬ ਦੇ ਨੁਮਾਇੰਦੇ ਅਵਤਾਰ ਸਿੰਘ ਹਿੱਤ ਵੀ ਸ਼ਾਮਲ ਸਨ।

### ਸ਼ਤਾਬਦੀ ਸਮਾਗਮਾਂ ਦਾ ਸਿਆਸੀਕਰਨ ਨਾ ਕਰਨ ਸੁਖਬੀਰ-

ਪੰਜਾਬ ਦੇ ਸੈਰ-ਸਪਾਟਾ ਤੇ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੂੰ ਅਪੀਲ ਕੀਤੀ ਹੈ ਕਿ ਉਹ ਸ੍ਰੀ ਗੁਰੂ ਨਾਨਕ ਦੇਵ ਦੇ 550ਵੇਂ ਪ੍ਰਕਾਸ਼ ਪੁਰਬ ਦਾ ਸਿਆਸੀਕਰਨ ਕਰਨ ਦੀ ਥਾਂ ਇਸ ਇਤਿਹਾਸਕ ਸਮਾਰੋਹ ਨੂੰ ਗੌਰਵਮਈ ਬਣਾਉਣ ਲਈ ਸੂਬਾ ਸਰਕਾਰ ਨੂੰ ਸਹਿਯੋਗ ਦੇਣ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਆਪਣੀ ਹਾਲੀਆ ਦਿੱਲੀ ਫੇਰੀ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਨੂੰ 550ਵੇਂ ਪ੍ਰਕਾਸ਼ ਪੁਰਬ ਦੇ ਜਸ਼ਨਾਂ ਵਿਚ ਸ਼ਾਮਲ ਹੋਣ ਲਈ ਪਹਿਲਾਂ ਹੀ ਸੱਦਾ ਦੇ ਚੁੱਕੇ ਹਨ। ਲਿਹਾਜ਼ਾ ਸ਼੍ਰੋਮਣੀ ਅਕਾਲੀ ਦਲ ਨੂੰ ਹੁਣ ਪ੍ਰਧਾਨ ਮੰਤਰੀ ਨੂੰ ਵੱਖਰਾ ਸੱਦਾ ਦੇਣ ਦੀ ਕੋਈ ਲੋੜ ਨਹੀਂ ਹੈ। ਸ੍ਰੀ ਚੰਨੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੇ ਫੈਸਲੇ ਲਈ ਸਿਹਰਾ ਲੈਣ ਦੀ ਥਾਂ ਸੁਖਬੀਰ ਬਾਦਲ ਨੂੰ ਚਾਹੀਦਾ ਹੈ ਕਿ ਉਹ ਸ਼ਤਾਬਦੀ ਸਮਾਗਮਾਂ ਨੂੰ ਗੁਰੂ ਸਾਹਿਬ ਵੱਲੋਂ ਦਰਸਾਏ ਏਕਤਾ ਤੇ ਸਦਭਾਵਨਾ ਦੀ ਸੱਚੀ ਭਾਵਨਾ ਨਾਲ ਨੇਪਰੇ ਚਾੜਨ ਵਿੱਚ ਸਹਿਯੋਗ ਦੇਣ।

## ਸੁਖਬੀਰ ਬਾਦਲ ਨੂੰ ਪੰਥਕ ਹੇਜ ਜਾਗਿਆ

ਬਾਦਲ ਆਪਰੇਸ਼ਨ ਬਲੂ ਸਟਾਰ ਸਮੇਂ ਫੜੇ ਗਏ ਜਿਹੜੇ ਸਿੱਖ, ਜੋ ਜੋਧਪੁਰ ਜੇਲ੍ਹ 'ਚ ਰੱਖੇ ਗਏ ਸਨ, ਉਨ੍ਹਾਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਮੰਗ ਕਰ ਰਹੇ ਹਨ। 35 ਸਾਲ ਤੋਂ ਜੇਲ੍ਹ ਬੰਦ ਸਿੱਖਾਂ ਨੂੰ ਰਿਹਾਅ ਕਰਨ ਲਈ ਭਾਰਤ ਸਰਕਾਰ ਕੋਲ ਬੇਨਤੀ ਕਰਦੇ ਹਨ। ਸਿਆਸੀ ਮਾਹਰਾਂ ਮੁਤਾਬਕ ਅਕਾਲੀ ਦਲ ਆਪਣੇ ਖੁਸੇ ਪੰਥਕ ਅਧਾਰ ਨੂੰ ਮੁੜ ਪ੍ਰਾਪਤ ਕਰਨ ਲਈ ਤਰਲੋਮੱਛੀ ਹੋ ਰਿਹਾ ਹੈ। ਪ੍ਰਧਾਨ ਜੀ ਦਾ ਇਹ ਤਾਜ਼ਾ-ਤਾਜ਼ਾ ਪੰਥਕ ਪਿਆਰ ਇਸੇ ਕਵਾਇਦ ਦੀ ਉਪਜ ਹੈ।

## ਅਮਰੀਕਾ ਦੇ ਸਿਰਫ 100 ਪਰਿਵਾਰਾਂ ਕੋਲ 42 ਮਿਲੀਅਨ ਏਕੜ ਜ਼ਮੀਨ

ਭੂ-ਸਵਾਮੀ ਹਨ। ਦੱਖਣੀ ਟੈਕਸਾਸ 'ਚ ਡੋਲਫ ਦੇ ਪਰਿਵਾਰ ਕੋਲ ਕਰੀਬ ਇੱਕ ਲੱਖ ਏਕੜ ਜ਼ਮੀਨ ਹੈ। ਇਹ ਪਰਿਵਾਰ ਇੱਥੇ ਤਿੰਨ ਪੀੜ੍ਹੀਆਂ ਤੋਂ ਰਹਿ ਰਿਹਾ ਹੈ ਤੇ ਖੇਤੀ ਨਾਲ ਜੁੜਿਆ ਹੈ। ਫੋਰਬਸ ਨੇ ਸੰਨ2015 'ਚ ਇਸ ਪਰਿਵਾਰ ਦੀ ਕਮਾਈ 1.3 ਬਿਲੀਅਨ ਡਾਲਰ ਦਿਖਾਈ ਸੀ।

ਅਮਰੀਕਾ ਦੇ ਦੂਜੇ ਵੱਡੇ ਭੂ-ਸਵਾਮੀ ਦੀ ਗੱਲ ਕਰੀਏ ਤਾਂ ਉਹ ਡੈਨ ਤੇ ਫੈਰਿਸ ਵਿਲਕਸ ਬ੍ਰਦਰਜ਼ ਹਨ। ਇਨ੍ਹਾਂ ਕੋਲ ਕਈ ਸੂਬਿਆਂ 'ਚ ਕੁੱਲ ਸੱਤ ਲੱਖ ਏਕੜ ਜ਼ਮੀਨ ਹੈ। ਇਨ੍ਹਾਂ ਨੇ ਪੱਛਮੀ ਇਦਾਹੋ 'ਚ ਵੱਡੇ ਪੈਮਾਨੇ 'ਤੇ ਜ਼ਮੀਨ ਖਰੀਦੀ ਹੈ। ਇਸੇ ਲਿਸਟ 'ਚ ਅਰਬਪਤੀ ਮੇਲੋਨ ਦਾ ਨਾਂ ਵੀ ਸ਼ਾਮਲ ਹੈ। ਉਨ੍ਹਾਂ ਕੋਲ ਮੈਕਸੀਕੋ, ਕੋਲੋਰੇਡੋ ਤੇ ਹੋਰ ਸੂਬਿਆਂ 'ਚ 22 ਲੱਖ ਏਕੜ ਜ਼ਮੀਨ ਹੈ।

ਮੀਡੀਆ ਸਮਰਾਟ ਟੇਡ ਟਰਨਰ ਮੋਂਟਾਨ ਤੇ ਨੇਬ੍ਰਾਸਕਾ 'ਚ 20 ਲੱਖ ਏਕੜ ਜ਼ਮੀਨ ਦੇ ਮਾਲਕ ਹਨ। ਪੀਟਰ ਬਕ, ਚਾਰਲਸ ਤੇ ਡੇਵਿਡ ਕੋਚ ਤੇ ਅਮੇਜਾਨ ਦੇ ਜੇਫ ਬੇਜੋਸ ਕੋਲ ਟੈਕਸਾਸ 'ਚ ਹਜ਼ਾਰਾਂ ਏਕੜ ਜ਼ਮੀਨ ਹੈ। ਤੇਲ ਕਾਰੋਬਾਰੀ ਵਿਲੀਅਮ ਬਰੂਸ ਹੈਰੀਸਨ ਕੋਲੋਰੇਡੋ 'ਚ 19 ਲਹਾੜਾ ਦੇ ਮਾਲਕ ਹਨ। ਟੈਕਸਾਸ ਵੱਲ ਆਬਪਤੀਆਂ ਦਾ ਰੁਖ ਕਰਨ ਦਾ ਸਭ ਤੋਂ ਵੱਡਾ ਕਾਰਨ ਇੱਥੇ ਦੇ ਪਹਾੜ ਤੇ ਸ਼ਾਂਤ ਇਲਾਕਾ ਹੋ ਸਕਦਾ ਹੈ।


ਨਵੀਂ ਕਿਤਾਬ




ਡਾ. ਗੁਰਭਗਤ ਸਿੰਘ ਦੀਆਂ ਹੋਰ ਕਿਤਾਬਾਂ ਵੀ ਸਾਡੇ ਰਾਹੀਂ ਮੰਗਵਾਈਆਂ ਜਾ ਸਕਦੀਆਂ ਹਨ।

ਪੰਜਾਬ ਨੂੰ ਬੜਾ ਮਾਣ ਹੈ ਕਿ ਇਸ ਨੇ ਵੇਦ ਰਚੇ, ਭਗਵਤ ਗੀਤਾ ਰਚੀ, ਪਰ ਪੰਜਾਬ ਦੇ ਇਤਿਹਾਸ ਵਿਚ ਇਸ ਦਾ ਸਭ ਤੋਂ ਵੱਧ ਅਮੀਰ ਵਿਰਸਾ ਜਿਸ ਵਿਚ ਅਨੇਕ ਪਰਿਪੇਖਾਂ ਨੂੰ ਸਮੋ ਕੇ ਜੀਵਨ ਦ੍ਰਿਸ਼ਟੀ ਉਸਾਰੀ ਗਈ ਹੈ, ਉਹ 'ਸ੍ਰੀ ਗੁਰੂ ਗ੍ਰੰਥ ਸਾਹਿਬ' ਹੈ। ਇਸ ਗ੍ਰੰਥ ਉੱਤੇ ਕਿਸੇ ਇਕ ਫ਼ਿਰਕੇ ਜਾਂ ਧਰਮ ਦੀ ਅਜਾਰਾਦਾਰੀ ਨਹੀਂ ਮੰਨੀ ਜਾ ਸਕਦੀ। ਇਸ ਵਿਚ ਜੋ ਮੁੱਲ ਦਿੱਤੇ ਗਏ ਹਨ, ਉਹ ਮਨੁੱਖ ਜਾਤੀ ਦੇ ਸਾਂਝੇ ਹਨ। ਇਸ ਗ੍ਰੰਥ ਵਿਚ ਮਹੱਤਵਪੂਰਨ ਧਾਰਨਾ ਇਹ ਹੈ ਕਿ ਸਮੁੱਚੀ ਕਾਇਨਾਤ ਸੰਗੀਤ ਅਤੇ ਸ਼ਾਇਰੀ ਹੈ, ਵਿਸਮਾਦ ਹੈ। ਇਸੇ ਨਾਲ ਜੀਵਨ ਨੂੰ ਜੋੜਨ ਦੀ ਲੋੜ ਹੈ। ਜ਼ਿੰਦਗੀ ਅਤੇ ਇਸ ਦੀਆਂ ਸੰਰਚਨਾਵਾਂ ਵਿਚ ਜੋ ਵਿਰੋਧ ਹਨ, ਉਨ੍ਹਾਂ ਨੂੰ ਸ਼ਕਤੀ ਨਾਲ ਤੋੜ-ਭੰਨ ਕੇ ਬ੍ਰਹਿਮੰਡੀ ਸੁੰਦਰਤਾ ਅਤੇ ਸੰਗੀਤ ਨੂੰ ਜੀਵਨ ਪ੍ਰਵਾਹ ਬਣਾਉਣ ਦੀ ਲੋੜ ਹੈ। ਕਿਸੇ ਵਿਤਕਰੇ ਦੀ ਇਸ ਵਿਚ ਕੋਈ ਥਾਂ ਨਹੀਂ।

*ਮੌਲਿਕ ਸਿੱਖ ਚਿੰਤਕ ਡਾ. ਗੁਰਭਗਤ ਸਿੰਘ ਵਲੋਂ ਤਿੰਨ ਦਹਾਕਿਆਂ ਦੌਰਾਨ ਲਿਖੇ 30 ਲੇਖਾਂ ਦੀ ਸਿੱਖ ਰਾਜਨੀਤਿਕ ਵਿਸ਼ਲੇਸ਼ਕ ਸ. ਅਜਮੇਰ ਸਿੰਘ ਵਲੋਂ ਸੰਪਾਦਤ ਕੀਤੀ ਇਹ ਕਿਤਾਬ ਪਾਠਕ 'ਸਿੱਖ ਸਿਆਸਤ' ਰਾਹੀਂ ਦੁਨੀਆਂ ਭਰ ਵਿਚ ਕਿਤੇ ਵੀ ਮੰਗਵਾ ਸਕਦੇ ਹਨ।*

ਇਹ ਕਿਤਾਬ ਵਟਸਐਪ ਨੰਬਰ +91-89682-25990 'ਤੇ ਸੁਨੇਹਾ ਭੇਜ ਕੇ ਮੰਗਵਾਈ ਜਾ ਸਕਦੀ ਹੈ।

ਕਿਤਾਬ ਪ੍ਰਾਪਤ ਕਰਨ ਲਈ ਸੰਪਰਕ ਕਰੋ:

FB Message | WhatsApp Message | SSN Android App

+91-8968225990 /sikhsiyasat Web: sikhsiyasat.net | sikhsiyasat.com | sikhsiyasat.info

## ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

## ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
# Punjabi RADIO USA
ON THE AIR
*Uniting Punjabi's All Over*
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

**NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM**

# KHALSA
## INSURANCE AGENCY, INC.

**Khalsa Insurance Agency is among TOP 50 agencies** of Blue Cross in USA.




» GUARANTEED COVERAGE
» NO ANNUAL LIMITS, NO DENIAL FOR PRE-EXISTING CONDITIONS
» RATES NOT BASED ON HEALTH STATUS
» AFFORDABLE COVERAGE – PUBLIC OR PRIVATE
» REQUIRED FOR INDIVIDUALS

COVERED CALIFORNIA™

Call Now for the
Lowest Health Insurance
Premiums available
Some Households
qualify for
FREE HEALTHCARE

OBAMACARE
IS
COVERED CALIFORNIA
IS THE
AFFORDABLE CARE ACT
IS THE
California Health Benefit Exchange
IS
*Your destination for affordable health care*

# 408-272-2500

Please Contact Harjot S Khalsa (Certified Covered CA Agent) | License # 0B03546 | 3750 McKee Rd. # A, San Jose, CA 95127
Tel. 408-272-2500 | coveredca@khalsainsurance.com


jus
HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE
THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE +1-718-752-9293 | CALL TO SUBSCRIBE +1-800-246-6242
www.jusbroadcasting.com

# Valley Real Estate Center



Better Deal will be given from New Builders to Book New home in Mountain House, Tracy, Manteca and lathrop

For agriculture and almond Farm,office building, Farm House and for Truck Yard in Tracy, Manteca, Lathrop and Stockton

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

## ਖੁਸ਼ਖ਼ਬਰੀ

ਬਹੁਤ ਹੀ ਪ੍ਰਾਈਮ ਲੋਕੇਸ਼ਨ ਉਤੇ, ਫੁਲ ਸਰਵਿਸ ਟਰੱਕ ਰਿਪੇਅਰ ਦੀ ਦੁਕਾਨ, 3 ਏਕੜ ਦੀ ਫੈਂਸ ਲੱਗੀ ਸੁਰੱਖਿਅਤ ਪਾਰਕਿੰਗ ਸਮੇਤ ਵਿਕਾਊ ਹੈ

**Full service truck repair shop with 3 acreage fence and secure parking at prime location**



**Asking price $2,150,000**

**Address 2101 E Charter way Stockton available.**

**Please Contact Ranjit Singh at 408-355-5700**



Ranjit S Mangat
(Lic: 01922089)

ਨਵੀਂ ਜਾਂ ਪੁਰਾਣੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਕਾਲ ਕਰੋ

## Ranjit S Mangat

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**


SHER® ROTI
SOFT
SO SOFT
SHER
DURUM ATTA
DESI
STYLE
20 lb
9.07 kg
SHER ATTA GHAR LAAO
WWW.SHERBRARMILLS.COM